ਜਗ ਗਿਆਨ ਪ੍ਰਗਾਸੁ ਅਗਿਆਨ ਮਿਟੰਤੁ
GIAN
ਗੁਰਮਤਿ ਗਿਆਨ

ਅਪ੍ਰੈਲ 2024

# ਗੁਰਮਤਿ ਵਿਰਸਾ

GURMAT VIRSA ਗੁਰਮਤਿ ਵਿਰਸਾ

Year-5, Issue-9, April 2024, Ludhiana gurmatvirsa@gmail.com Multilingual Price 25/-



## ਸ਼ਾਨਾਮਤੀ ਵੈਸਾਖੀ ਦੇ ਪੈਗ਼ਾਮ

## ਗੁਰੂ ਨਾਨਕ ਸਾਹਿਬ ਜੀ ਦੀ ਸਿੱਖਿਆ ਅਤੇ ਅਜੋਕਾ ਸਿੱਖ ਸਮਾਜ

## ਖਾਲਸਾ ਸਿਰਜਣ ਦੀ ਲੋੜ ਕਿਉਂ ਪਈ?

# ਗੁਰਮਤਿ ਗਿਆਨ ਮਿਸ਼ਨਰੀ ਕਾਲਜ, ਲੁਧਿਆਣਾ ਵਲੋਂ ਵੱਖ-ਵੱਖ ਇਲਾਕਿਆਂ ਵਿਚ ਚਲਾਏ ਜਾ ਰਹੇ ਗੁਰਮਤਿ ਪ੍ਰਚਾਰ ਕੇਂਦਰਾਂ ਦੀ ਕਾਰਗੁਜ਼ਾਰੀ ਤਸਵੀਰਾਂ ਦੀ ਜ਼ੁਬਾਨੀ



ਕੇਂਦਰ ਚੱਕ ਕਲਾਂ ਦੇ ਪਿੰਡ ਹੇਰਾਂ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ



ਕੇਂਦਰ ਕੁੱਬਾ ਵਿਖੇ ਲੱਗ ਰਹੀਆਂ ਬੱਚਿਆਂ ਦੀ ਗੁਰਮਤਿ ਕਲਾਸ



ਕੇਂਦਰ ਕੁੱਬਾ ਦੇ ਪਿੰਡ ਊਰਨਾ ਵਿਖੇ ਲੱਗ ਰਹੀਆਂ ਬੱਚਿਆਂ ਦੀ ਗੁਰਮਤਿ ਕਲਾਸ



ਕੇਂਦਰ ਬੁਗਰਾ ਵਿਖੇ ਲੱਗ ਰਹੀਆਂ ਬੱਚਿਆਂ ਦੀ ਕੰਪਿਊਟਰ ਕਲਾਸ




ਕੇਂਦਰ ਰਤਨਗੜ੍ਹ ਸਿੰਧੜਾ ਵਿਖੇ ਗੁਰਮਤਿ ਕਲਾਸ ਲਗਾਉਣ ਵਾਲੇ ਬੱਚੇ।



ਕੇਂਦਰ ਮਾਲੂਵਾਲ ਦੇ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਦੀ ਪ੍ਰਿੰਸੀਪਲ ਮੈਡਮ ਨੂੰ ਕਾਲਜ ਵਲੋਂ ਸਨਮਾਨਤ ਕੀਤਾ ਗਿਆ।



ਕੇਂਦਰ ਖਨਾਲ ਖੁਰਦ ਵਿਖੇ ਲੱਗ ਰਹੀ ਗੁਰਬਾਣੀ ਸੰਥਿਆ ਦੀ ਕਲਾਸ



ਕੇਂਦਰ ਦੁਰਗ (ਛੱਤੀਸਗੜ੍ਹ) ਦੇ ਸ: ਸ੍ਰੀ ਗੁਰੂ ਸਿੰਘ ਸਭਾ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ





ਕੇਂਦਰ ਜੰਮੂ ਦੇ ਵੱਖ ਵੱਖ ਗੁਰਦੁਆਰਿਆਂ ਵਿਚ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ

# ਗੁਰਮਤਿ ਵਿਰਸਾ

ਅਪ੍ਰੈਲ 2024 (ਮਾਸਿਕ ਮੈਗਜ਼ੀਨ)



**ਮੁੱਖ ਸੰਪਾਦਕ :** ਰਾਣਾ ਇੰਦਰਜੀਤ ਸਿੰਘ

**ਸੰਪਾਦਕ :** ਪ੍ਰਿੰ. ਗੁਰਬਚਨ ਸਿੰਘ ਪੰਨਵਾਂ

**ਸੰਪਾਦਕ :** ਕੈਪਟਨ ਅਵਤਾਰ ਸਿੰਘ ਪਰਿੰਗੜੀ

**ਪ੍ਰਬੰਧਕ:** ਗੁਰਮਤਿ ਗਿਆਨ ਚੈਰੀਟੇਬਲ ਟਰੱਸਟ (ਰਜਿ:)

**ਪ੍ਰਕਾਸ਼ਕ:** ਗੁਰਮਤਿ ਗਿਆਨ ਮਿਸ਼ਨਰੀ ਕਾਲਜ
ਪੰਜਾਬੀ ਬਾਗ, ਜਵੱਦੀ, ਲੁਧਿਆਣਾ- 141013

**ਫੋਨ:** 98146-35655, 99155-29725, 79733-70542

**Email:** gurmatvirsa@gmail.com
**Website:** www.gurmatgian.org

**ਸੰਪਾਦਕੀ ਬੋਰਡ:** ਸੁਖਵਿੰਦਰ ਸਿੰਘ ਦਦੇਹਰ
ਬੀਬੀ ਗੁਰਪ੍ਰੀਤ ਕੌਰ, ਡਾ. ਸਰਬਜੋਤ ਕੌਰ।

**ਕਾਨੂੰਨੀ ਸਲਾਹਕਾਰ:** ਐਡਵੋਕੇਟ ਜਸਪਾਲ ਸਿੰਘ ਚੁੱਘ


## ਚੇਤ-ਵਿਸਾਖ ਮਹੀਨੇ ਦੇ ਖਾਸ ਦਿਹਾੜੇ

| | |
|---|---|
| - ਜਨਮ ਸਾਹਿਬਜ਼ਾਦਾ ਜੁਝਾਰ ਸਿੰਘ ਜੀ | : 27 ਚੇਤ (09 ਅਪ੍ਰੈਲ) |
| - ਪ੍ਰਕਾਸ਼ ਪੁਰਬ ਗੁਰੂ ਨਾਨਕ ਸਾਹਿਬ ਜੀ | : 1 ਵਿਸਾਖ (14 ਅਪ੍ਰੈਲ)* |
| - ਵਿਸਾਖੀ, ਖਾਲਸਾ ਸਾਜਨਾ ਦਿਵਸ | : 1 ਵਿਸਾਖ (14 ਅਪ੍ਰੈਲ) |
| - ਗੁਰਤਾਗੱਦੀ ਪਾਤਸ਼ਾਹੀ ਤੀਜੀ ਤੇ ਨੌਵੀਂ | : 3 ਵਿਸਾਖ (16 ਅਪ੍ਰੈਲ) |
| - ਜੋਤੀ ਜੋਤਿ ਪਾਤਸ਼ਾਹੀ ਦੂਜੀ ਤੇ ਅੱਠਵੀਂ | : 3 ਵਿਸਾਖ (16 ਅਪ੍ਰੈਲ) |
| - ਪ੍ਰਕਾਸ਼ ਪਾਤਸ਼ਾਹੀ ਦੂਜੀ ਤੇ ਨੌਵੀਂ | : 5 ਵਿਸਾਖ (18 ਅਪ੍ਰੈਲ) |

*ਗੁਰੂ ਨਾਨਕ ਸਾਹਿਬ ਜੀ ਦਾ 'ਪ੍ਰਚੱਲਤ' ਗੁਰਪੁਰਬ ਕੱਤਕ ਪੂਰਨਮਾਸ਼ੀ ਨੂੰ ਮਨਾਇਆ ਜਾਂਦਾ ਹੈ।


Printer & Publisher Inderjit Singh on Behalf of (Owner) Gurmat Gian Missionary College, Punjabi Bagh, Jawaddi, Distt. Ludhiana (Punjab) & Printed from Dutta Lamination, 10019, Durga Puri, Aare Wali Gali, Haibowal Kalan, Ludhiana Punjab.

**Editor- Gurbachan Singh Panwa ***

Responsible for collection of all Printed matter as per PRB Act

**Registration Number of the Newspaper**
**PUNMUL/2019/78309**


## ਗੁਰਮਤਿ ਗਿਆਨ ਚੈਰੀਟੇਬਲ ਟਰੱਸਟ ਵਲੋਂ ਚਲਾਏ ਜਾ ਰਹੇ ਪ੍ਰੋਜੈਕਟ

1. ਗੁਰਮਤਿ ਗਿਆਨ ਮਿਸ਼ਨਰੀ ਕਾਲਜ
2. ਗੁਰਮਤਿ ਪ੍ਰਚਾਰ ਕੇਂਦਰ
3. ਸਿੱਖੀ ਲਹਿਰ
4. ਐਜੂ-ਏਡ ਵਿੰਗ
5. ਗੁਰਮਤਿ ਐਲੀਮੈਂਟਰੀ ਕੋਰਸ
6. ਗੁਰਮਤਿ ਟ੍ਰੇਨਿੰਗ ਕੈਂਪ
7. ਗੁਰਮਤਿ ਗਿਆਨ ਲਾਇਬ੍ਰੇਰੀ
8. ਹੋਮਿਓਪੈਥੀ ਡਿਸਪੈਂਸਰੀ
9. ਹਫਤਾਵਾਰੀ ਸਮਾਗਮ
10. ਫਰੀ ਮੈਡੀਕਲ ਚੈੱਕਅੱਪ
11. ਗੁਰਮਤਿ ਵਿਰਸਾ ਮੈਗਜ਼ੀਨ
12. ਗੁਰਮਤਿ ਲਿਟਰੇਚਰ ਹਾਊਸ
13. ਗਰੇਸ ਪਬਲਿਕ ਸਕੂਲ

## ਕੀ ਅਤੇ ਕਿੱਥੇ ?


| | |
|---|---|
| ਸੰਪਾਦਕੀ | 4 |
| ਸਵਾਲ ਜਵਾਬ | 8 |
| ਸ਼ਬਦ ਵਿਚਾਰ | 9 |
| ਗੁਰੂ ਨਾਨਕ ਸਾਹਿਬ ਜੀ ਦੀ ਸਿੱਖਿਆ ਅਤੇ ਅਜੋਕਾ ਸਿੱਖ ਸਮਾਜ | 10 |
| ਖਾਲਸਾ ਸਿਰਜਣ ਦੀ ਲੋੜ ਕਿਉਂ ਪਈ? | 13 |
| ਕਹੁ ਕਬੀਰ ਜਨ ਭਏ ਖਾਲਸੇ... | 15 |
| ਮਹਾਨ ਪ੍ਰਚਾਰਕ ਗਿਆਨੀ ਦਿੱਤ ਸਿੰਘ | 16 |
| ਸ. ਕਰਮ ਸਿੰਘ ਹਿਸਟੋਰੀਅਨ ਦਾ ਜੀਵਨ | 17 |
| ਨੰਨੇ ਵਾਰਸ | 22 |
| ਕੀ ਵਾਕਈ ਕਿਸਾਨ ਅੰਦੋਲਨ ਸਿਰਫ਼ ਪੰਜਾਬ ਦੇ ਕਿਸਾਨਾਂ... | 24 |
| ਛੋਟੀਆਂ ਛੋਟੀਆਂ ਗੱਲਾਂ ਬਰਦਾਸ਼ਤ ਕਰ ਲੈਣੀਆਂ ਚਾਹੀਦੀਆਂ ਹਨ | 26 |
| ਕਾਵਿ ਕਿਆਰੀ | 27 |
| ਲੜੀਵਾਰ ਕਿਤਾਬ: ਸਰਬੋਤਮਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | 28 |
| ਲੜੀਵਾਰ ਕਿਤਾਬ: ਸਿੱਖਾਂ ਦੇ ਪਾਕਿਸਤਾਨ ਵਿਚੋਂ ਨਿਕਲਣ... | 31 |
| ਸਿੱਖ ਤਿਉਹਾਰ (ਸਿੱਖ ਰਹੁਰੀਤ) ਕਿਤਾਬਚਾ | 33 |
| **साहिब-ए-कमाल श्री गुरू गोबिंद सिंघ जी का विलक्षण...** | **35** |
| Praises of Shri Guru Gobind Singh Ji by Bhai Nand... | 36 |
| ਸਿਹਤ ਸੰਭਾਲ | 38 |
| ਸਾਡੀ ਖੇਤੀ | 39 |
| ਗੁਰਮਤਿ ਸੰਜੋਗ | 40 |
| ਫਰਵਰੀ ਮਹੀਨੇ ਦੀਆਂ ਸਰਗਰਮੀਆਂ | 41 |





## ਜ਼ਰੂਰੀ ਸੂਚਨਾਵਾਂ


- 'ਗੁਰਮਤਿ ਵਿਰਸਾ' ਮੈਗਜ਼ੀਨ ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ। ਜ਼ਰੂਰੀ ਨਹੀਂ ਕਿ ਸੰਪਾਦਕੀ ਬੋਰਡ ਇਨ੍ਹਾਂ ਨਾਲ ਪੂਰੀ ਤਰ੍ਹਾਂ ਸਹਿਮਤ ਹੋਵੇ।
- ਕੋਈ ਵੀ ਵਾਦ-ਵਿਵਾਦ ਲੁਧਿਆਣਾ ਕਚਹਿਰੀਆਂ ਵਿਚ ਹੀ ਨਿਬੇੜੇ ਜਾਣਗੇ।
- ਸੰਪਾਦਕੀ ਬੋਰਡ ਨੂੰ ਕਿਸੇ ਵੀ ਰਚਨਾ ਨੂੰ ਕੱਟਣ ਜਾਂ ਰੱਦ ਕਰਨ ਦਾ ਪੂਰਾ ਹੱਕ ਹੈ।

ਸੰਪਾਦਕੀ

# ਸ਼ਾਨਾਮਤੀ ਵੈਸਾਖੀ ਦੇ ਪੈਗ਼ਾਮ





ਪ੍ਰਿੰ. ਗੁਰਬਚਨ ਸਿੰਘ ਪੰਨਵਾਂ
99155-29725

ਵੈਸਾਖੀ ਨਾਮ ਵੈਸਾਖ ਤੋਂ ਬਣਿਆ ਹੈ, ਜੋ ਕਿ ਦੇਸੀ ਮਹੀਨੇ ਦਾ ਨਾਮ ਹੈ। ਬਾਰ੍ਹਾਂ ਮਹੀਨਿਆਂ ਵਿਚੋਂ ਵੈਸਾਖ ਦਾ ਮਹੀਨਾ ਦੂਜੇ ਨੰਬਰ 'ਤੇ ਆਉਂਦਾ ਹੈ। ਵੈਸਾਖੀ ਸਮੁੱਚੇ ਦੇਸ਼ ਪੰਜਾਬ ਦਾ ਹਰਮਨ ਪਿਆਰਾ ਤਿਉਹਾਰ ਹੈ। ਦੇਸ਼ ਪੰਜਾਬ ਦੀਆਂ ਸਰਹੱਦਾਂ ਕਾਬਲ ਕੰਧਾਰ, ਜੰਮੂ ਕਸ਼ਮੀਰ, ਤਿਬੱਤ ਤੇ ਦਿੱਲੀ ਤਕ ਲਗਦੀਆਂ ਸਨ। ਇਹ ਵੱਖਰੀ ਗੱਲ ਹੈ ਕਿ ਅੱਜ ਦੇਸ਼ ਪੰਜਾਬ ਸੁੰਗੜ ਕੇ ਇਕ ਛੋਟੀ ਜੇਹੀ ਸੂਬੀ ਰਹਿ ਗਿਆ ਹੈ। ਵੈਸਾਖੀ 'ਤੇ **'ਦੇਸ਼ ਪੰਜਾਬ'** ਦੇ ਕਿਰਸਾਨ ਹਾੜੀ ਦੀ ਫਸਲ ਕੱਟਣ ਸਮੇਂ ਬਹੁਤ ਜ਼ਿਆਦਾ ਖ਼ੁਸ਼ੀ ਮਨਾਉਂਦੇ ਹਨ। ਇਕੱਲਾ **ਦੇਸ਼ ਪੰਜਾਬ** ਨਹੀਂ ਸਗੋਂ ਇਸ ਦੇ ਆਲ਼ੇ ਦੁਆਲੇ ਦੇ ਪ੍ਰਦੇਸ ਵੀ ਵੈਸਾਖੀ ਨੂੰ ਬੜੇ ਉਤਸ਼ਾਹ ਨਾਲ ਮਨਾਉਂਦੇ ਹਨ।ਵੈਸਾਖੀ ਵਾਲੇ ਦਿਨ ਪੱਛਮੀ ਪੰਜਾਬ ਦੇ ਲੋਕ ਉਚੇਚੇ ਤੌਰ 'ਤੇ ਤੁਰਲੇ ਵਾਲੀ ਪੱਗ ਬੰਨ੍ਹ ਕੇ ਆਪਣੇ ਪੁਰਾਣੇ ਸਭਿਆਚਾਰ ਨੂੰ ਯਾਦ ਕਰਦੇ ਹਨ। ਪੱਛਮੀ ਪੰਜਾਬ ਦੇ ਕਿਰਸਾਨ ਤੋਂ ਲੈ ਕੇ ਵਪਾਰੀ ਤਕ, ਇਕ ਚਪੜਾਸੀ ਤੋਂ ਲੈ ਕੇ ਆਲ੍ਹਾ ਅਫ਼ਸਰ ਤਕ ਤੇ ਸੰਤਰੀ ਤੋਂ ਲੈ ਕੇ ਮੰਤ੍ਰੀ ਤਕ ਵੈਸਾਖੀ ਵਾਲੇ ਦਿਨ ਆਪਣਿਆਂ ਸਿਰਾਂ 'ਤੇ ਪੱਗਾਂ ਬੰਨ੍ਹ ਕੇ ਆਪਣੇ ਪੰਜਾਬੀ ਸਭਿਆਚਾਰ ਨੂੰ ਯਾਦ ਕਰਦੇ ਹਨ। ਝਨਾਂ ਦੇ ਪਾਣੀਆਂ ਵਿਚ ਭਿੱਜੇ ਬੋਲ ਸ਼ਾਇਰ ਦੇ ਬਕਮਾਲ ਹਨ--

ਝਨਾਂ ਦੇ ਪਾਣੀਆਂ ਵਿਚ ਹਿਲਾ ਆਪਣਾ ਅਕਸ ਘੋਲਾਂਗੀ,
ਤੇ ਉਸ ਵਿਚ ਰੰਗ ਕੇ ਦੇਵਾਂਗੀ ਫਿਰ ਦਸਤਾਰ ਮੈਂ ਤੈਨੂੰ।

ਸੁਮੱਚੇ ਤੌਰ 'ਤੇ ਕਹਿਆ ਜਾ ਸਕਦਾ ਹੈ **ਸ਼ਾਨਾਮਤੀ ਵੈਸਾਖੀ** ਹਰੇਕ ਪੰਜਾਬੀ ਦਾ ਖੁਸ਼ੀਆਂ ਖੇੜਿਆਂ ਤੇ ਮਨ ਭਾਉਂਦਾ ਤਿਉਹਾਰ ਹੈ।

ਵੈਸਾਖੀ ਸਬੰਧੀ ਧਨੀ ਰਾਮ ਚਾਤ੍ਰਿਕ ਦੀਆਂ ਪ੍ਰਸਿੱਧ ਸਤਰਾਂ ਹਨ—

ਪੱਗ ਝੱਗਾ ਚਾਦਰਾ ਨਵਾਂ ਸਵਾਇ ਕੇ,
ਸੰਮਾ ਵਾਲੀ ਡਾਂਗ ਉੱਤੇ ਤੇਲ ਲਾਇ ਕੇ,
ਕੱਛੇ ਮਾਰ ਵੰਝਲ਼ੀ ਅਨੰਦ ਛਾਅ ਗਿਆ,
ਮਾਰਦਾ ਦਮਾਮੇ ਜੱਟ ਮੇਲੇ ਆ ਗਿਆ।

ਹੁਣ ਆਪਣੇ ਦੇਸ਼ ਪੰਜਾਬ ਵਿਚ ਵੀ ਨੌਜਵਾਨ ਜਿੱਥੇ ਆਪਣੇ ਗੌਰਵਮਈ ਵਿਰਸੇ ਨੂੰ ਵੈਸਾਖੀ ਨੂੰ ਯਾਦ ਕਰਦੇ ਹਨ ਓੱਥੇ ਦਸਤਾਰ ਦਿਵਸ ਨੂੰ ਵੀ ਪ੍ਰਫੁੱਲਤ ਕਰ ਰਹੇ ਹਨ। ਨੌਜਵਾਨਾਂ ਵਿਚ ਸਿੱਖੀ ਦੀ ਨਵੀਂ ਰੂਹ ਫੂਕਣ ਲਈ ਦਸਤਾਰਾਂ ਦੇ ਮੁਕਾਬਲੇ ਕਰਾਏ ਜਾਂਦੇ ਹਨ। ਸ਼ਾਨਾਮਤੀ ਵੈਸਾਖੀ ਦੀਆਂ ਪ੍ਰੰਪਰਾਵਾਂ ਨੂੰ ਕਾਇਮ ਰੱਖਦਿਆਂ ਸਿੱਖੀ ਸਰੋਕਾਰਾਂ ਨਾਲ ਵੀ ਜੁੜਦੇ ਹਨ।

ਇਕ ਹੋਰ ਸ਼ਾਇਰ ਦੇ ਬੋਲ ਹਨ—

ਆ ਬਹਿਜਾ ਕੋਲ ਮੇਰੇ ਤੈਨੂੰ ਦੱਸਾਂ ਖੋਲ੍ਹ ਕਹਾਣੀ,
ਸਦੀਆਂ ਤੋਂ ਆਉਂਦੀ ਏ ਮੇਰੀ ਗਾਥਾ ਬੜੀ ਪੁਰਾਣੀ।
ਮੈਂ ਨਿਸ਼ਾਨੀ ਇੱਜ਼ਤ ਦੀ ਲੋਕੀਂ ਰੱਖਣ ਸਾਂਭ ਉਚੇਰੀ,
ਸਿੱਖਾ ਭੁੱਲ ਜਾਵੀਂ ਨਾ ਮੈਂ ਦਸਤਾਰ ਬੋਲਦੀ ਤੇਰੀ।

ਵੈਸਾਖੀ ਜਦੋਂ ਵੀ ਆਉਂਦੀ ਹੈ ਨਵਾਂ ਰੂਪ, ਨਵੀ ਅੰਗੜਾਈ, ਨਵਾਂ ਜੋਬਨ, ਨਵਾਂ ਉਤਸ਼ਾਹ ਲੈ ਕੇ ਆਉਂਦੀ ਹੈ। ਦੇਖਿਆ ਜਾਏ ਤਾਂ ਕੁਦਰਤ ਦੀ ਗੋਦ ਵਿਚ ਸਭ ਤੋਂ ਵੱਧ ਸੁਹਾਵਣਾ ਮਹੀਨਾ ਵੈਸਾਖ ਮੰਨਿਆ ਗਿਆ ਹੈ। ਵੈਸਾਖ ਦੇ ਮਹੀਨੇ ਵਿਚ ਕੁਦਰਤ ਰਾਣੀ ਨਵੇਂ ਫੁੱਲ ਪੱਤੀਆਂ ਨਾਲ ਪੂਰੀ ਤਰ੍ਹਾਂ ਸ਼ਿੰਗਾਰੀ ਹੁੰਦੀ ਹੈ। ਗੁਰੂ ਨਾਨਕ ਸਾਹਿਬ ਜੀ ਦਾ ਪਿਆਰਾ ਵਾਕ ਹੈ—

**ਵੈਸਾਖੁ ਭਲਾ ਸਾਖਾ ਵੇਸ ਕਰੇ** ॥ (1108)

ਵੈਸਾਖ ਦੇ ਮਹੀਨੇ ਵਿਚ ਬਸੰਤ ਰੁੱਤ ਪੂਰੀ ਤਰ੍ਹਾਂ ਖਿੜੀ ਹੁੰਦੀ ਹੈ। ਗੁਰੂ ਅਰਜਨ ਪਾਤਸ਼ਾਹ ਜੀ ਇਸ ਪ੍ਰਥਾਏ ਫਮਾਉਂਦੇ ਹਨ ਕਿ ਜੇ ਸਾਰੀ ਬਨਸਪਤੀ ਖਿੜ ਸਕਦੀ ਹੈ ਤਾਂ ਬੰਦਿਆ ਫਿਰ ਤੂੰ ਕਿਉਂ ਨਹੀਂ ਖੇੜੇ ਵਿਚ ਆ ਸਕਦਾ? ਅਰਸ਼ੀ ਅਰਸ਼ਾਦ ਹੈ—

**ਦੇਖੁ ਫੂਲ ਫੂਲ ਫੂਲੇ ॥ ਅਹੰ ਤਿਆਗਿ ਤਿਆਗੇ ॥**
**ਚਰਨ ਕਮਲ ਪਾਗੇ॥ ਤੁਮ ਮਿਲਹੁ ਪ੍ਰਭ ਸਭਾਗੇ॥**
**ਹਰਿ ਚੇਤਿ ਮਨ ਮੇਰੇ** ॥ (1185)

ਜਿਸ ਤਰ੍ਹਾਂ ਪਤਝੜ੍ਹ ਮਗਰੋਂ ਬਸੰਤ ਰੁੱਤ ਨਵੀਂ ਬਹਾਰ ਲੈ ਕੇ ਆਉਂਦੀ ਹੈ ਏਸੇ ਤਰ੍ਹਾਂ ਜਦੋਂ ਮਨੁੱਖੀ ਜੀਵਨ ਦੀਆਂ ਕਦਰਾਂ ਕੀਮਤਾਂ ਵਿਚ ਪਤਝੜ ਆਈ ਤਾਂ ਗੁਰੂ ਨਾਨਕ ਸਾਹਿਬ ਜੀ ਨੇ ਇਲਾਹੀ ਵਜਦ ਵਿਚ ਆ ਕੇ ਨਿਰਮਲ ਪੰਥ ਦੀ ਨੀਂਹ ਇਨ੍ਹਾਂ ਸਚਾਈਆਂ 'ਤੇ ਰੱਖੀ—

1. **ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥**
   **ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ** ॥ (1)
2. **ਨਾਨਕ ਭਗਤਾ ਸਦਾ ਵਿਗਾਸੁ ॥**
   **ਸੁਣਿਐ ਦੂਖ ਪਾਪ ਕਾ ਨਾਸੁ ॥** (2)
3. **ਹਰਿ ਬਿਨੁ ਜੀਉ ਜਲਿ ਬਲਿ ਜਾਉ ॥**
   **ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ** ॥ (14)
4. **ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ** ॥ (470)
5. **ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ** ॥ (473)
6. **ਨਾਨਕ ਦੁਖੀਆ ਸਭੁ ਸੰਸਾਰੁ**॥ (954)
7. **ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ** ॥ (474)
8. **ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ** ॥ (474)
9. **ਸੁਣਿ ਮੁੰਧੇ ਹਰਣਾਖੀਏ ਗੂੜਾ ਵੈਣੁ ਅਪਾਰੁ ॥**
   **ਪਹਿਲਾ ਵਸਤੁ ਸਿਞਾਣਿ ਕੈ ਤਾਂ ਕੀਚੈ ਵਾਪਾਰੁ** ॥ (1410)
10. **ਰੇ ਮਨ ਡੀਗਿ ਨ ਡੋਲੀਐ ਸੀਧੈ ਮਾਰਗਿ ਧਾਉ** ॥ (1410)

ਸਿੱਖ ਧਰਮ ਦਾ ਸ਼ਾਨਾਮਤੀ ਵੈਸਾਖੀ ਨਾਲ ਪੁਰਾਣਾ ਸਬੰਧ ਤੁਰਿਆ ਆ ਰਿਹਾ ਹੈ। ਗੁਰੂ ਨਾਨਕ ਸਾਹਿਬ ਜੀ ਦਾ ਆਗਮਨ ਦਿਹਾੜਾ ਇਤਫ਼ਾਕਨ ਵੈਸਾਖ ਸੁਦੀ ਤਿੰਨ ਨੂੰ ਮੰਨਿਆ ਗਿਆ ਹੈ। ਇਸ ਲਈ ਸਿੱਖਾਂ ਵਿਚ ਵੈਸਾਖੀ ਦਾ ਮਹੱਤਵ ਹੋਰ ਵੀ ਵੱਧ ਜਾਂਦਾ ਹੈ। 39 ਸਾਲ ਦੀ ਉਮਰ ਤਕ ਗੁਰੂ ਨਾਨਕ ਸਾਹਿਬ ਜੀ ਨੇ ਸਨਾਤਨੀ ਮਤ ਦੀਆਂ ਪੁਰਾਣੀਆਂ ਪ੍ਰੰਪਰਾਵਾਂ ਨੂੰ ਮੁੱਢੋਂ ਹੀ ਨਿਕਾਰ ਦਿੱਤਾ ਸੀ। ਨੌਂ ਸਾਲ ਦੀ ਉਮਰ ਵਿਚ ਜਨੇਊ ਵਾਲੀ ਘਟਨਾ ਨੇ ਬ੍ਰਹਾਮਣ ਨੂੰ ਹਿਲਾ ਕੇ ਰੱਖ ਦਿੱਤਾ ਸੀ ਕਿਉਂਕਿ ਗੁਰੂ ਸਾਹਿਬ ਜੀ ਨੇ ਬ੍ਰਾਹਮਣ ਨੂੰ ਗੁਰੂ ਮੰਨਣੋਂ ਇਨਕਾਰ ਕਰ ਦਿੱਤਾ—ਜਨੇਊ ਪਉਣ ਸਮੇਂ ਪ੍ਰੋਹਤ (ਬ੍ਰਾਹਮਣ) ਇਹ ਪੱਕੀ ਕਰਾਉਂਦਾ ਸੀ ਅੱਜ ਤੋਂ ਮੈਂ ਤੇਰਾ ਗੁਰੂ ਹੋਇਆ ਹੁਣ ਮੈਨੂੰ ਹਰ ਕੰਮ ਪੁੱਛ ਕੇ ਕਰਨਾ ਹੈ। ਸਦੀਆਂ ਦੀ ਬਣੀ ਪ੍ਰੰਪਰਾ ਨੂੰ ਗੁਰੂ ਸਾਹਿਬ ਜੀ ਇਕੋ ਝਟਕੇ ਨਾਲ ਤੋੜ ਕੇ ਰੱਖ ਦਿੱਤਾ, ਕਿ, "ਮੈਂ ਤੈਨੂੰ ਗੁਰੂ ਮੰਨਣ ਲਈ ਤਿਆਰ ਨਹੀਂ ਹਾਂ"। ਗੁਰੂ ਸਾਹਿਬ ਜੀ ਨੇ ਕਿਹਾ ਕਿ ਮੈਂ ਉਹ ਕੌਮ ਪੈਦਾ ਕਰਾਂਗਾ ਜੋ ਖ਼ੁਦ-ਮੁਖ਼ਤਿਆਰ ਹੋਵੇਗੀ, ਸਨਾਨਤੀ ਮਤ ਦੇ ਅਧੀਨ ਨਹੀਂ ਹੋਏਗੀ।

**ਚਉਕੜਿ ਮੁਲਿ ਅਣਾਇਆ ਬਹਿ ਚਉਕੈ ਪਾਇਆ ॥**
**ਸਿਖਾ ਕੰਨਿ ਚੜਾਈਆ ਗੁਰੁ ਬ੍ਰਾਹਮਣੁ ਥਿਆ** ॥ (471)

ਧਰਮ ਦੇ ਨਾਂ 'ਤੇ ਹੋ ਰਹੇ ਪਾਖੰਡਾਂ ਨੂੰ ਗੁਰੂ ਸਾਹਿਬ ਜੀ ਨੇ ਨੰਗਿਆਂ ਕੀਤਾ। ਸਮਾਜ, ਰਾਜਨੀਤੀ ਤੇ ਧਰਮ ਨੂੰ ਨਵੀਂ ਦਿਸ਼ਾ ਦੇਣ ਲਈ ਉਦਾਸੀਆਂ ਅਰੰਭ ਕੀਤੀਆਂ। ਉਹਨਾਂ ਥਾਵਾਂ ਦੀ ਚੋਣ ਕੀਤੀ ਜਿੱਥੇ ਲੋਕ ਜ਼ਿਆਦਾ ਇਕੱਠੇ ਹੁੰਦੇ

ਸਨ। ਵੈਸਾਖੀ ਨੂੰ ਲੋਕ ਹਰਿਦੁਆਰ ਜਾ ਕੇ ਆਪਣੇ ਮਰ ਚੁੱਕੇ ਪਿੱਤਰਾਂ ਨੂੰ ਪਾਣੀ ਦਿੰਦੇ ਸਨ। ਇਕੱਠ ਬਹੁਤ ਵੱਡਾ ਹੁੰਦਾ ਸੀ।

ਗੁਰੂ ਸਾਹਿਬ ਜੀ ਨੇ ਲਲਕਾਰ ਕਿ ਕਿਹਾ, ਕਿ "ਭਲਿਓ! ਧਰਮ ਦੇ ਨਾਂ 'ਤੇ ਤੁਹਾਡੇ ਕੋਲੋਂ ਕਰਮ-ਕਾਂਡ ਕਰਾਇਆ ਜਾ ਰਿਹਾ ਹੈ, ਜਿਉਂਦੇ ਮਾਪਿਆਂ ਦੀ ਸੇਵਾ ਕਰੋ"। ਜੁੜੇ ਹੋਏ ਇਕੱਠ ਨੂੰ ਗੁਰੂ ਸਾਹਿਬ ਜੀ ਸਮਝਾਉਂਦੇ ਹਨ, ਕਿ "ਜਦੋਂ ਪ੍ਰਾਣੀ ਚੜ੍ਹਾਈ ਕਰ ਜਾਂਦਾ ਹੈ ਤਾਂ ਉਸ ਦੇ ਸਰੀਰ ਨੂੰ ਸਭ ਦੇ ਸਾਹਮਣੇ ਅੱਗ ਨਾਲ ਸਾੜ ਦਿੱਤਾ ਜਾਂਦਾ ਹੈ। ਦੱਸੋ ਸਰੀਰ ਗਿਆ ਕਿੱਥੇ"? "ਜਿਹੜਾ ਪਾਣੀ ਤੁਸੀਂ ਦੇ ਰਹੇ ਹੋ ਇਹ ਪਹੁੰਚੇਗਾ ਕਿੱਥੇ"? ਜਦੋਂ ਬੰਦਾ ਫੂਕ ਹੀ ਦਿੱਤਾ ਤਾਂ ਇਹ ਪਾਣੀ ਕੌਣ ਪੀਏਗਾ? ਜਿਨ੍ਹਾਂ ਨੂੰ ਸਮਝ ਲੱਗ ਗਈ ਉਹ ਮੁੜ ਬਜ਼ੁਰਗਾਂ ਨੂੰ ਪਾਣੀ ਦੇਣ ਹਰਿਦੁਆਰ ਨਹੀਂ ਗਏ ਵਰਨਾ ਅੱਜ ਵੀ ਹਨੇਰਾ ਢੋਣ ਲਈ ਲੋਕ ਟੱਕਰਾਂ ਮਾਰ ਰਹੇ ਹਨ।

ਗੁਰੂ ਨਾਨਕ ਸਾਹਿਬ ਜੀ ਦਾ ਇਹ ਉਹ ਪਹਿਲਾ ਪੈਗ਼ਾਮ ਸੀ ਜਿਹੜਾ ਭਰੇ ਇਕੱਠ ਵਿਚ ਦਿੱਤਾ। **ਦੇਸ਼ ਪੰਜਾਬ** ਵਿਚ ਇਕ ਨਵੇਂ ਇਨਕਲਾਬ ਦੀ ਸ਼ੁਰੂਆਤ ਹੋਈ।

ਤੀਸਰੇ ਪਾਤਸ਼ਾਹ ਨੂੰ ਭਾਈ ਪਾਰੋ ਜੀ ਨੇ ਕਿਹਾ, ਕਿ "ਗੁਰਦੇਵ ਪਿਤਾ ਜੀ ਗੁਰੂ ਨਾਨਕ ਸਾਹਿਬ ਦੇ ਆਗਮਨ ਪੁਰਬ ਨੂੰ ਮੁੱਖ ਰੱਖਦਿਆਂ ਵੈਸਾਖੀ 'ਤੇ ਦੇਸ ਪ੍ਰਦੇਸ ਦੀਆਂ ਸੰਗਤਾਂ ਦਾ ਵੱਡਾ ਇਕੱਠ ਕਰਕੇ ਅਗਲੀ ਰਣਨੀਤੀ ਦੱਸਣੀ ਚਾਹੀਦੀ ਹੈ"। ਇੰਝ ਵੈਸਾਖੀ ਨੂੰ ਇਹ ਪਹਿਲਾ ਵੱਡਾ ਸਮਾਗਮ ਗੋਇੰਦਵਾਲ ਦੀ ਧਰਤੀ ਤੇ ਹੋਇਆ। ਜਿੱਥੇ ਗੁਰੂ ਸਾਹਿਬ ਜੀ ਨੇ ਆਪਣੇ ਮਿਸ਼ਨ ਨੂੰ ਨਿਯਮਤ ਰੂਪ ਦੇ ਕੇ ਜੱਥੇਬੰਦਕ ਢਾਂਚਾ ਖੜਾ ਕੀਤਾ।

ਸ਼ਾਨਾਂਮਤੀ ਵੈਸਾਖੀ ਆਪਣੇ ਗਰਭ ਵਿਚ ਵੱਡਮੁੱਲਾ ਇਤਿਹਾਸ ਸੰਭਾਲ਼ੀ ਬੈਠੀ ਹੈ। ਅੱਜ ਉਹ ਸ਼ਾਨਾਮਤੀ ਵੈਸਾਖੀ ਆਈ ਜਿਸ ਦੀ ਪਿੱਛਲੇ 230 ਸਾਲ ਤੋਂ ਤਿਆਰੀ ਕੀਤੀ ਜਾ ਰਹੀ ਸੀ। 1469 ਤੋਂ ਲੈ ਕੇ 1699 ਤਕ ਦਾ ਸਫਰ ਤਹਿ ਕਰਦਿਆਂ ਅੱਜ ਉਹ ਸੁੰਦਰ ਇਮਾਰਤ ਦੀ ਸੰਪੂਨਤਾ ਕੀਤੀ ਜਾ ਰਹੀ ਸੀ ਜਿਸ ਨੂੰ ਗੁਰੂ ਅਰਜਨ ਪਾਤਸ਼ਾਹ ਜੀ ਨੇ ਆਪਣੀ ਸ਼ਹਾਦਤ ਦੇ ਗਾੜੇ ਖ਼ੂਨ ਨਾਲ ਰੰਗਿਆ। ਤੱਤੀ ਤਵੀ ਤੇ ਉਬਲ਼ਦਾ ਪਾਣੀ ਰਾਹ ਨਾ ਰੋਕ ਸਕਿਆ। ਦੋ ਧਰਮਾਂ ਦੇ ਪੁਜਾਰੀਆਂ ਨੇ ਨਿਰਮਲ ਪੰਥ ਦਾ ਰਸਤਾ ਰੋਕਣ ਲਈ ਪੂਰੀ ਵਾਹ ਲਾ ਦਿੱਤੀ ਸੀ। ਉਨ੍ਹਾਂ ਭੁਲੇਖਾ ਸੀ ਕਿ ਸ਼ਾਇਦ ਗੁਰੂ ਅਰਜਨ ਪਾਤਸ਼ਾਹ ਜੀ ਨੂੰ ਸ਼ਹੀਦ ਕਰਾ ਨਾਨਕਈ ਫਲਸਫੇ ਨੂੰ ਰੋਕ ਦਿਤਾ ਜਾਏਗਾ।

ਪਰਲੋ ਤੀਕ ਹੈ ਪੰਥ ਅਧੀਨ ਸਾਰਾ,
ਪੰਚਮ ਗੁਰੂ ਦੀਆਂ ਮੇਹਰਬਾਨੀਆਂ ਦਾ
ਦੁੱਖ ਝੱਲ ਕੇ ਆਪਣੀ ਜਾਨ ਉੱਤੇ,
ਰਾਹ ਦੱਸ ਗਏ ਜਿਹੜੇ ਕੁਰਬਾਨੀਆਂ ਦਾ। ਫ਼ੀਰੋਜ਼ਦੀਨ ਸ਼ਰਫ਼

ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਰਾਜਨੀਤਿਕ ਜਬਰ ਨੂੰ ਚਣੌਤੀ ਦਿੱਤੀ ਤੇ ਚਾਰ ਜੰਗਾਂ ਲੜ ਕੇ ਸਾਬਤ ਕੀਤਾ ਕਿ ਪੰਜਾਬ ਸਦਾ ਗੁਰਾਂ ਦੇ ਨਾਂ 'ਤੇ ਵੱਸੇਗਾ। ਧਰਮ ਤੇ ਰਾਜਨੀਤੀ ਦੇ ਜਬਰ ਵਿਚੋਂ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਜਨਮ ਲੈਂਦੀ ਹੈ।

ਦਿੱਲੀ ਦੇ ਚਾਂਦਨੀ ਚੌਂਕ ਵਿਚ ਸਿੱਖੀ ਦਾ ਬੂਟਾ ਖਿੜ ਉਠਿਆ ਜਦੋਂ ਭਾਈ ਮਤੀ ਦਾਸ, ਭਾਈ ਸਤੀ ਦਾਸ ਤੇ ਦਿਆਲਾ ਜੀ ਨੇ ਸਰਕਾਰੀ ਸਹੂਲਤਾਂ ਨੂੰ ਲੱਤ ਮਾਰਦਿਆਂ ਮਨੁੱਖਤਾ ਦੀ ਅਜ਼ਾਦੀ ਲਈ ਸ਼ਹਾਦਤਾਂ ਦਾ ਜਾਮ ਪੀ ਗਏ। 1675 ਈ. ਵਿਚ ਜਦੋਂ ਇਹ ਸਾਕਾ ਵਾਪਰਿਆ ਤਾਂ ਓਦੋਂ ਗੁਰੂ ਗੋਬਿੰਦ ਸਿੰਘ ਜੀ ਦੀ ਉਮਰ ਕੇਵਲ ਨੌਂ ਸਾਲ ਦੀ ਸੀ। ਮਹਾਨ ਨੀਤੀ ਘਾੜੇ ਗੁਰੂ ਸਾਹਿਬ ਜੀ ਨੇ 17 ਸਾਲ ਦੀ ਉਮਰ ਤਕ ਪਹੁੰਚਦਿਆਂ ਰਣਜੀਤ ਨਗਾਰੇ ਤੇ ਚੋਟ ਲਾ ਦਿੱਤੀ। ਗੁਰੂ ਨਾਨਕ ਸਾਹਿਬ ਵਲੋਂ ਬੀਜੀ ਫਸਲ ਦੀ ਨੌਂ ਗੁਰੂ ਸਾਹਿਬਾਨ ਨੇ ਸੰਭਾਲ਼ ਕੀਤੀ। ਅਜੇ ਕੌਮ ਨੂੰ ਸਮੁੱਚੇ ਤੌਰ ਤੇ ਜੱਥੇਬੰਦ ਕਰਨ ਲਈ ਕੁਝ ਹੋਰ ਠੋਸ ਉਪਰਾਲਿਆਂ ਦੀ ਜ਼ਰੂਰਤ ਸੀ।

ਸਿੱਖ ਪੰਥ ਦਾ ਜੱਥੇਬੰਦਕ ਢਾਂਚਾ, ਜੋ ਗੁਰੂ ਨਾਨਕ ਸਾਹਿਬ ਵੇਲੇ ਧਰਮਸਾਲ ਤੇ ਸੰਗਤ ਵਜੋਂ ਸ਼ੁਰੂ ਹੋਇਆ ਸੀ, ਗੁਰੂ ਅਮਰਦਾਸ ਸਾਹਿਬ ਵੇਲੇ ਮੰਜੀਆਂ ਤੇ ਪੀੜ੍ਹੀਆਂ ਦੇ ਰੂਪ ਵਿਚ ਵਿਸ਼ਾਲ ਰੂਪ ਵਿਚ ਫੈਲ ਗਿਆ ਸੀ। ਗੁਰੂ ਰਾਮਦਾਸ ਜੀ ਦੇ ਸਮੇਂ ਮਸੰਦ ਜਮਾਤ ਵਜੋਂ ਬੜੀ ਪ੍ਰਪੱਕਤਾ ਨਾਲ ਕਾਇਮ ਹੋ ਗਿਆ ਸੀ। ਮਸੰਦ ਪ੍ਰਥਾ ਨਾਲ ਸਿੱਖੀ ਦੀ ਵਿਚਾਰਧਾਰਾ ਦੂਰ ਦੂਰ ਤਕ ਫੈਲ ਚੁੱਕੀ ਸੀ। ਡਾਕਟਰ ਹਰਜਿੰਦਰ ਸਿੰਘ ਦਿਲਗੀਰ ਸਿੱਖ ਤਵਾਰੀਖ਼ ਦੇ ਪੰਨਾ 267 'ਤੇ ਲਿਖਦੇ ਹਨ ਕਿ **"ਮਸੰਦ ਜਮਾਤ ਦੇ ਕਾਇਮ ਹੋਣ ਨਾਲ ਸਿੱਖ ਪੰਥ, ਸਿੱਖ ਧਰਮ ਤੇ ਸਿੱਖ ਕੌਮ ਇਕ ਸ਼ਾਨਦਾਰ ਜੱਥੇਬੰਦਕ ਢਾਂਚੇ ਵਿਚ ਪਰੋਈ ਗਈ"।**

ਸਿੱਖੀ ਦਾ ਧਾਰਮਿਕ ਪ੍ਰਚਾਰ ਅਤੇ ਮਾਲੀ ਨਿਜ਼ਾਮ ਇਕ-ਸਾਰ ਕੰਮ ਕਰਨ ਲੱਗ ਪਿਆ। ਡਾ. ਦਿਲਗੀਰ ਅੱਗੇ ਲਿਖਦੇ ਹਨ ਕਿ "ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਹੁਕਮਨਾਮਿਆਂ ਵਿਚ ਅਸਾਮ ਬੰਗਾਲ ਦੀ ਸੰਗਤ ਨੂੰ **ਖਾਲਸਾ** ਸ਼ਬਦ ਨਾਲ ਸੰਬੋਧਨ ਕੀਤਾ ਹੈ। ਇਸ ਦਾ ਅਰਥ ਇਹ ਹੋਇਆ ਕਿ **ਖਾਲਸਾ** ਸ਼ਬਦ ਦੀ ਵਰਤੋਂ ਆਮ ਹੋਣ ਲੱਗ ਪਈ ਸੀ।

ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਮਸੰਦ ਪ੍ਰਣਾਲੀ ਵਿਚ ਨਿਘਾਰ ਆ ਚੁੱਕਾ ਸੀ ਜਿਸ ਕਰਕੇ ਕੌਮ ਨੂੰ ਨਵੇਂ ਸਿਰੇ ਤੋਂ ਜੱਥੇਬੰਦ ਕਰਨ ਦੀ ਪ੍ਰਮੁੱਖ ਲੋੜ ਸੀ। ਗੁਰੂ ਸਾਹਿਬ ਜੀ ਨੇ ਸੰਗਤ ਨੂੰ **"ਮੇਰਾ ਖਾਲਸਾ"** ਸ਼ਬਦ ਨਾਲ ਸੰਬੋਧਨ ਕਰਦਿਆਂ

**ਪਾਕਿਸਤਾਨ ਦੇ ਵੱਡੇ ਪ੍ਰਸ਼ਾਸਨਿਕ ਅਧਿਕਾਰੀ**
**ਵੈਸਾਖੀ ਮੌਕੇ ਪੱਗਾਂ ਬੰਨ੍ਹ ਦਫਤਰਾਂ ਵਿਚ ਹਾਜ਼ਰ ਹੁੰਦੇ ਹਨ**


**ਡੀ.ਸੀ ਚਿਨਓਟ**


**ਡੀ.ਪੀ.ਓ ਟੋਬਾ ਟੇਕ ਸਿੰਘ**



**ਡੀ.ਸੀ ਖਾਨੇਵਾਲ**


**ਐਮ.ਪੀ.ਏ. ਮੀਆਂ ਆਤਿਫ**


**ਸੀ.ਪੀ.ਓ. ਫੈਸਲਾਬਾਦ**


**ਡੀ.ਸੀ.ਓ. ਚੱਕਵਾਲ**


**ਡੀ.ਪੀ.ਓ. ਪਾਕਪਟਨ**


**ਕਮਿਸ਼ਨਰ ਲਾਹੌਰ**


**ਡੀ.ਸੀ. ਸਾਹੀਵਾਲ**


**ਪ੍ਰਧਾਨ ਚੈਂਬਰ ਆਫ ਕਾਮਰਸ LHR, ਆਪਣੇ ਹੋਰ ਅਧਿਕਾਰੀਆਂ ਨਾਲ**

ਹੁਕਮਨਾਮੇ ਜਾਰੀ ਕੀਤੇ। ਹੁਕਮਨਾਮੇ ਨੂੰ ਸਿਰ ਮੱਥੇ ਮੰਨਦਿਆਂ ਦੂਰ-ਦਰਾਡ ਤੋਂ ਲੰਮੇ ਪੈਂਡੇ ਝਾਕਦੀਆਂ ਹੋਈਆਂ ਸੰਗਤਾਂ ਅਨੰਦਪੁਰ ਸਾਹਿਬ ਪਹੁੰਚੀਆਂ। ਗੁਰੂ ਸਾਹਿਬ ਦਾ ਇਰਾਦਾ ਸਪੱਸ਼ਟ ਸੀ ਕਿ **ਦੇਸ਼ ਪੰਜਾਬ** ਵਿਚ ਹਲੇਮੀ ਰਾਜ ਹਰ ਹਾਲ ਵਿਚ ਲਿਆਂਦਾ ਜਾਏ? ਅਗਲੇਰੀ ਰਣਨੀਤੀ ਬਣਾਉਣ ਲਈ ਅਨੰਦਪੁਰ ਦੀ ਧਰਤੀ 'ਤੇ ਗੁਰਦੇਵ ਪਿਤਾ ਜੀ ਨੇ ਵੱਡਾ ਸਮਾਗਮ ਰਚਿਆ।

ਹੁਕਮਨਾਮਾ ਸੁਣਦਿਆਂ ਹੀ ਹਜ਼ਾਰਾਂ ਸਿੱਖ ਸੰਗਤਾਂ ਅਨੰਦਪੁਰ ਪਹੁੰਚ ਗਈਆਂ। ਸੰਗਤਾਂ ਨਾਲ ਡੂੰਘੀਆਂ ਵਿਚਾਰਾਂ ਚਲੀਆਂ। 29 ਮਾਰਚ 1699 ਨੂੰ ਭਰੇ ਦੀਵਾਨ ਵਿਚੋਂ ਇਕ ਸਿਰ ਦੀ ਮੰਗ ਕੀਤੀ। ਇੰਜ ਗੁਰਦੇਵ ਪਿਤਾ ਜੀ ਨੇ ਵਾਰੀ ਵਾਰੀ ਪੰਜਾਂ ਪਿਆਰਿਆਂ ਦੀ ਚੋਣ ਕੀਤੀ। ਡਾਕਟਰ ਹਰਜਿੰਦਰ ਸਿੰਘ ਦਿਲਗੀਰ ਲਿਖਦੇ ਹਨ ਕਿ ਪਹਿਲਾਂ ਗੁਰਦੇਵ ਪਿਤਾ ਜੀ ਨੇ ਖੰਡੇ ਦੀ ਪਹੁਲ ਆਪ ਲਈ ਫਿਰ ਵਾਰੀ ਵਾਰੀ ਪੰਜਾਂ ਪਿਆਰਿਆਂ ਨੂੰ ਖੰਡੇ ਦੀ ਪਹੁਲ ਦਿੱਤੀ। ਫਿਰ ਉਹਨਾਂ ਪੰਜਾਂ ਪਿਆਰਿਆਂ ਖੰਡੇ ਦੀ ਪਹੁਲ ਦੀ ਮਰਯਾਦਾ ਨਿਭਾਈ। ਇੰਝ ਥੋੜੇ ਦਿਨਾਂ ਵਿਚ ਵੀਹ ਹਜ਼ਾਰ ਦੇ ਕਰੀਬ ਸੰਗਤਾਂ ਖੰਡੇ ਦੀ ਪਹੁਲ ਪ੍ਰਾਪਤ ਕੀਤੀ।

ਪੰਜਾਂ ਪਿਆਰਿਆਂ ਦੀ ਚੋਣ ਕਰਕੇ **ਖਾਲਸਾ ਪੰਥ** ਸਾਕਾਰ ਕੀਤਾ। ਭਾਰਤ ਵਿਚ ਆਮ ਰਿਵਾਜ ਸੀ ਕਿ ਬਾਰ੍ਹਾਂ ਪੂਰਬੀਏ ਤੇਰ੍ਹਾਂ ਚੁੱਲ੍ਹੇ ਭਾਵ ਹਰੇਕ ਦਾ ਵੱਖੋ ਵੱਖਰਾ ਚੁੱਲ੍ਹਾ ਹੁੰਦਾ ਸੀ ਪਰ ਇਕ ਚੁੱਲ੍ਹਾ ਆਏ ਗਏ ਵਾਸਤੇ ਹੁੰਦਾ ਸੀ। ਇਹ ਉਹ ਕੂੜ ਭਰਿਆ ਸਮਾਂ ਸੀ ਜਦੋਂ ਸੱਚ ਦਾ ਕਾਲ਼ ਪਿਆ ਹੋਇਆ ਸੀ।

**ਸਚਿ ਕਾਲੁ ਕੂੜੁ ਵਰਤਿਆ ਕਲਿ ਕਾਲਖ ਬੇਤਾਲ ॥ (468)**

ਭਾਵੇਂ ਤੀਜੇ ਪਾਤਸ਼ਾਹ ਦੇ ਸਮੇਂ ਬਰਾਬਰਤਾ ਵਾਲਾ ਪਹਿਲਾ ਪੈਗ਼ਾਮ ਪੰਗਤ ਦੇ ਰੂਪ ਵਿਚ ਪ੍ਰਗਟ ਹੋਇਆ ਸੀ ਪਰ ਜੰਗ ਦੇ ਮੈਦਾਨ ਵਿਚ ਜੂਝਣ ਲਈ ਅਜੇ ਹੋਰ ਪ੍ਰਪੱਕਤਾ ਦੀ ਜ਼ਰੂਰਤ ਸੀ। ਜਾਤ ਪਾਤ ਦਾ ਸਦਾ ਲਈ ਫਾਹਾ ਵੱਢ ਦਿੱਤਾ ਕਿ ਅੱਜ ਤੋਂ ਬਾਅਦ ਕਿਸੇ ਦੀ ਕੋਈ ਜਾਤ ਨਹੀਂ ਹੋਏਗੀ। ਸਦੀਆਂ ਪੁਰਾਣੀ ਪਰੰਪਰਾ ਨੂੰ ਤੋੜਦਿਆਂ ਹਰੇਕ ਨੂੰ ਬਰਾਬਰਤਾ ਦਾ ਹੱਕ ਦਿੱਤਾ। ਸਦੀਆਂ ਤੋਂ ਦੁਰਕਾਰੇ ਜਾਂਦੇ ਨੀਚਾਂ ਨੂੰ ਬਰਾਬਰ ਬਿਠਾ ਕੇ ਨਵਾਂ ਇਨਕਲਾਬ ਪੈਦਾ ਕੀਤਾ। ਨਵੇਂ ਸਜੇ ਖਾਲਸਾ ਨੂੰ ਗੁਰਦੇਵ ਪਿਤਾ ਜੀ ਨੇ ਪਿਆਰ ਨਾਲ ਗਲਵੱਕੜੀ 'ਚ ਲਿਆ।

ਵੈਸਾਖੀ ਵਾਲੇ ਦਿਨ ਜਦੋਂ ਗੁਰਦੇਵ ਪਿਤਾ ਜੀ ਨੇ ਗੁਰਬਾਣੀ ਵਾਲੀ ਪ੍ਰਤਿੱਗਿਆ ਨੂੰ ਮੁੜ ਦੁਹਰਾਇਆ। ਨਿੱਗਰੀ ਤੇ ਢੱਠੀ ਮਨੁੱਖਤਾ ਨੂੰ ਹੁਣ ਸ਼ਾਹੀ ਸਿੰਘਾਸਣ 'ਤੇ ਬਿਠਾਇਆ ਜਾਏਗਾ। ਮੈਂ ਆਪਣੇ ਅਕਾਲ ਪੁਰਖ ਦੀ ਬਰਕਤ ਸਦਕਾ ਦਲਤਾਂ, ਨੀਚਾਂ ਤੇ ਮਿੱਟੀ ਘੱਟੇ ਵਿਚ ਰੁਲ਼ ਕੀਟਾਂ ਵਾਂਗ ਸਰਦਾਰ ਬਣਾਵਾਂਗਾ ਤੇ ਦੁਨੀਆਂ ਯਾਦ ਕਰੇਗੀ ਕਿ ਕੋਈ ਧਰਤੀ 'ਤੇ ਆਇਆ ਸੀ। ਮੈਂ ਆਪਣਾ ਨਾਂ ਗੋਬਿੰਦ ਸਿੰਘ ਰੱਖ ਲਿਆ ਹੈ। 33 ਸਾਲ ਦੀ ਉਮਰ ਵਿਚ ਖਾਲਸਾ ਪ੍ਰਗਟ ਕਰਨ ਦੀ ਨੀਤੀ ਦੇਖ ਕੇ ਦੁਨੀਆਂ ਦੰਗ ਰਹਿ ਗਈ। ਇਹ ਬਹੁਤ ਵੱਡਾ ਇਨਕਲਾਬ ਸੀ ਜਿਸ ਨੂੰ ਭਾਈ ਰਤਨ ਸਿੰਘ ਜੀ ਬਾ-ਕਮਾਲ ਲਿਖਿਆ ਹੈ—

ਸਤ ਸਨਾਤ ਔਰ ਬਾਰ੍ਹਾਂ ਜਾਤ ॥
ਜਾਨੇ ਨਾਹੀ ਰਾਜਨੀਤ ਕੀ ਬਾਤ ॥
ਜੱਟ ਬੂਟ ਕਹਿ ਜਿਹ ਜਗ ਮਾਹੀ ॥
ਬਾਣੀਏ ਬਕਾਲ ਕਿਰਾੜ ਖੱਤਰੀ ਸਦਾਹੀ ॥
ਲੁਹਾਰ ਤ੍ਰਖਾਣ ਹੁਤ ਜਾਤ ਕਮੀਨੀ ॥
ਛੀਪੇ ਕਲਾਲ ਨੀਚਨ ਪੈ ਕ੍ਰਿਪਾ ਕੀਨੀ ॥
ਗੁੱਜਰ ਗਵਾਰ ਹੀਰ ਕਮਜਾਤ ॥
ਕੰਬੋਇ ਸੂਦਨ ਕੋਇ ਨਾ ਪੂਛੇ ਬਾਤ ॥
ਝੀਵਰ ਨਾਈ ਔ ਰੋੜੇ ਘੁਮਿਆਰ ॥
ਸੈਣੀ ਸੁਨਿਆਰੇ ਚੂੜ੍ਹੇ ਚਮਿਆਰ ॥
ਭੱਟ ਔ ਬ੍ਰਾਹਮਣ ਹੁਤੇ ਮੰਗਵਾਰ ॥
ਬਹੁ ਰੂਪੀਏ ਲੁਬਾਣੇ ਔ ਘੁਮਿਆਰ ॥
ਇਨ ਗਰੀਬ ਸਿੰਘਨ ਕੋ ਦਏ ਪਾਤਸ਼ਾਹੀ ॥
ਏ ਯਾਦ ਰੱਖੇ ਹਮਰੀ ਗੁਰਿਆਈ ॥

ਸ੍ਰੀ ਗੁਰੂ ਪੰਥ ਪ੍ਰਕਾਸ਼

ਸਰਸਰੀ ਨਜ਼ਰ ਨਾਲ ਦੇਖਿਆ ਜਾਏ ਤਾਂ ਸਿੱਖੀ ਸਿਧਾਂਤ ਸਾਰੇ ਭਾਰਤ ਵਿਚ ਫੈਲ ਚੁੱਕਿਆ ਸੀ। ਲਾਹੌਰ, ਦਿੱਲੀ, ਜਗਨਨਾਥ, ਦਵਾਰਕਾ ਤੇ ਬਿਦਰ ਦੇ ਸ਼ਹਿਰਾਂ ਵਿਚੋਂ ਕੇਵਲ ਪੰਜ ਪਿਆਰੇ ਹੀ ਨਹੀਂ ਆਏ ਸਨ ਸਗੋਂ ਸੰਗਤਾਂ ਵੀ ਬੜੇ ਉਤਸ਼ਾਹ ਨਾਲ ਆਈਆਂ ਸਨ। ਵੈਸਾਖੀ ਵਾਲੇ ਦਿਨ ਸਦਾ ਲਈ ਜਾਤ ਪਾਤ, ਊਚ-ਨੀਚ ਦਾ ਕੋਹੜ ਵੱਢ ਕੇ ਇਕ ਬਰਾਬਰਤਾ ਵਾਲਾ ਪੈਗ਼ਾਮ ਦ੍ਰਿੜ ਕਰਾ ਦਿੱਤਾ।

ਗੁਰੂ ਸਾਹਿਬ ਜੀ ਨੇ ਕੁਝ ਹੋਰ ਪੈਗ਼ਾਮ ਸਮਝਾਏ ਤੇ ਕਹਿਆ ਕਿ ਅੱਜ ਤੋਂ ਤੁਹਾਡਾ ਨਵਾਂ ਜਨਮ ਹੋਇਆ। ਪਿੱਛਲੀਆਂ ਜਾਤਾਂ ਗੋਤਾਂ ਦੇ ਸਭ ਵਿਤਕਰੇ ਖਤਮ ਹੋਏ ਇਕ ਅਕਾਲ ਪੁਰਖ 'ਤੇ ਟੇਕ ਰੱਖਣੀ ਹੈ ਤੇ ਕਿਸੇ ਦੇਵੀ ਦੇਵਤੇ, ਮੜੀ ਮਸਾਣੀ ਸਨਾਤਨੀ ਮਤ ਦੀਆਂ ਤਮਾਮ ਰਸਮਾਂ ਨੂੰ ਰੱਦ ਕਰ ਦਿਓ ਤੇ ਕਿਹਾ—

**ਮਾਇਆ ਮੋਹੇ ਦੇਵੀ ਸਭਿ ਦੇਵਾ ॥ (227)**

**ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਹਿ ॥ (637)**

ਸ਼ਾਨਾਮਤੀਆਂ ਵੈਸਾਖੀਆਂ ਆਉਂਦੀਆਂ ਗਈਆਂ ਤੇ ਇਤਿਹਾਸ ਵਿਚ ਪੈੜਾਂ ਛੱਡਦੀਆਂ ਗਈਆਂ। 29 ਮਾਰਚ 1748 ਦੀ ਵੈਸਾਖੀ ਸਦਾ ਯਾਦ ਰਹੇਗੀ ਜਦੋਂ ਦੂਰੋਂ ਦੂਰੋਂ ਸਿੰਘ ਦਰਬਾਰ ਸਾਹਿਬ ਅੰਮ੍ਰਿਤਸਰ ਪੁੱਜੇ। ਇਸ ਵੈਸਾਖੀ ਵਿਚ ਦੋ ਗੁਰਮਤੇ ਕੀਤੇ ਗਏ ਇਕ ਰਾਮ ਰੌਣੀ ਦਾ ਕਿਲ੍ਹਾ ਬਣਾਉਣਾ ਦੂਜਾ ਮਿਸਲਾਂ ਦੀ ਸਥਾਪਿਨਾ ਕਰਨਾ।

65 ਜੱਥਿਆਂ ਨੂੰ ਤੋੜ ਕੇ 11 ਮਿਸਲਾਂ ਦੀ ਬੁਨਿਆਦ ਰੱਖੀ। ਤੇ ਸਮੁੱਚੀ ਫੌਜੀ ਜੱਥੇਬੰਦੀ ਦਾ ਨਾਂ ਦਲ ਖਾਲਸਾ ਰੱਖਿਆ ਗਿਆ।

ਅਪ੍ਰੈਲ 1763 ਦੀ ਵੈਸਾਖੀ ਕਦੇ ਵੀ ਨਹੀਂ ਭੁੱਲ ਸਕਦੀ ਜਦੋਂ ਕਸੂਰ ਦਾ ਦੁਖੀ ਬ੍ਰਾਹਮਣ ਫਰਿਆਦ ਲੈ ਕੇ ਆਇਆ ਕਿ ਉਸਮਾਨ ਖ਼ਾਂ ਨੇ ਮੇਰੀ ਘਰਵਾਲੀ ਨੂੰ ਜ਼ਬਰਦਸਤੀ ਮੁਸਲਮਾਨ ਬਣਾ ਲਿਆ ਹੈ। ਖਾਲਸਾ ਮੇਰੀ ਰੱਖਿਆ ਕਰੇ। ਕਸੂਰ ਉਸ ਵੇਲੇ ਬਹੁਤ ਵੱਡੀ ਤਾਕਤ ਰੱਖਦਾ ਸੀ। 12 ਕਿਲਿਆਂ ਵਾਲਾ ਸ਼ਹਿਰ ਜੰਗੀ ਪੱਖ ਤੋਂ ਬਹੁਤ ਮਜ਼ਬੂਤ ਗਿਣਿਆ ਜਾਂਦਾ ਸੀ। ਕਈ ਸਿਆਣਿਆਂ ਸਲਾਹ ਦਿੱਤੀ ਕਸੂਰ ਬਹੁਤ ਤਾਕਤਵਰ ਹੈ ਇਸ 'ਤੇ ਹਮਲਾ ਨਾ ਕੀਤਾ ਜਾਏ ਪਰ ਸ੍ਰ ਹਰੀ ਭੰਗੀ ਮਿਸਲ ਤੇ ਸ੍ਰ ਚੜ੍ਹਤ ਸਿੰਘ ਅੜ ਗਏ ਇਸ ਵਿਚਾਰੇ ਦੀ ਬ੍ਰਾਹਮਣੀ ਛਡਾਉਣੀ ਚਾਹੀਦੀ ਹੈ। ਦੇਖਦਿਆਂ ਦੇਖਦਿਆਂ ਤਰੁਣਾ ਦਲ, ਭੰਗੀ ਮਿਸਲ, ਰਾਮਗੜ੍ਹੀਆ ਮਿਸਲ, ਸ਼ੁਕਰਚੱਕੀਆ ਮਿਸਲ, ਨਕੱਈ ਤੇ ਕਨ੍ਹਈਆ ਮਿਸਲਾਂ ਦੇ 24 ਹਜ਼ਾਰ ਸਿੰਘ ਚੜ੍ਹ ਕੇ ਕਸੂਰ ਦੀ ਤਬਾਹੀ ਕਰਨ ਤੁਰ ਪਏ। ਉਸਮਾਨ ਖ਼ਾਨ ਸਮੇਤ 500 ਦੇ ਕਰੀਬ ਇਸ ਜੰਗ ਵਿਚ ਮਾਰੇ ਗਏ। ਗਰੀਬ ਬ੍ਰਹਾਮਣ ਦੀ ਬ੍ਰਾਹਮਣੀ ਛਡਾਈ ਕੇ ਉਸ ਨੂੰ ਵਾਪਸ ਕੀਤੀ। ਕਸੂਰ ਦੇ ਹਾਕਮਾਂ ਨੂੰ ਮਹਿਸੂਸ ਹੋ ਕਿ **ਦੇਸ਼ ਪੰਜਾਬ** ਦੇ ਵਾਰਸ ਹੁਣ ਜਾਗ ਪਏ ਹਨ।

**ਸ਼ਾਨਾਮਤੀ ਵੈਸਾਖੀ** ਦੇ ਪੈਗ਼ਾਮ ਦਾ ਸਿਖ਼ਰ ਓਦੋਂ ਦੇਖਣ ਨੂੰ ਮਿਲਦਾ ਹੈ ਜਦੋਂ ਨਾਦਰ ਸ਼ਾਹ 9 ਮਾਰਚ 1739 ਦਿੱਲੀ ਪੁੱਜ ਕੇ ਖੁਲ੍ਹੀ ਲੁੱਟ ਤੇ ਕਤਲੇਆਮ ਦੀ ਆਗਿਆ ਦਿੰਦਾ ਹੈ। ਦਿੱਲੀ ਤੇ ਇਸ ਦੇ ਆਸ-ਪਾਸ ਇਲਾਕਿਆਂ ਨੂੰ ਨਾਦਰ ਦੇ ਸਿਪਾਹੀਆਂ ਨੇ ਪੂਰੀ ਲੁੱਟਮਾਰ ਕੀਤੀ। ਪ੍ਰੋ. ਪਿਆਰਾ ਸਿੰਘ ਪਦਮ ਦੇ ਕਥਨ ਅਨੁਸਾਰ ਜਿੱਥੇ ਨਾਦਰ ਸ਼ਾਹ ਨੇ ਕਤਲੋ ਗਾਰਦ ਕੀਤੀ ਓਥੇ 20 ਹਜ਼ਾਰ ਹਿੰਦੂ ਲੜਕੇ ਲੜਕੀਆਂ, 20 ਹਜ਼ਾਰ ਹਾਥੀ ਘੋੜੇ ਤੇ ਕ੍ਰੋੜਾਂ ਦੀ ਕਰੰਸੀ ਆਦਿ ਲੁੱਟ ਕੇ ਵਾਪਸ ਜਾ ਰਿਹਾ ਸੀ। ਨਾਦਰਸ਼ਾਹ ਦੀ ਲੁੱਟ ਸਬੰਧੀ ਸਿੰਘਾਂ ਨੂੰ ਸੋਅ ਮਿਲ ਗਈ ਸੀ,। ਗੁਰੀਲਾ ਯੁੱਧ ਦਾ ਸਹਾਰਾ ਲੈਂਦਿਆਂ ਰਸਤੇ ਵਿਚ ਨਵਾਬ ਕਪੂਰ ਸਿੰਘ ਜੱਸਾ ਸਿੰਘ ਆਹਲੂਵਾਲੀਆ, ਬਘੇਲ ਸਿੰਘ ਆਦਿ ਸਿੰਘਾਂ ਨੇ ਨਾਦਰ ਸ਼ਾਹ ਦੀ ਲੁੱਟ ਦਾ ਮਾਲ ਹੌਲਾ ਕੀਤਾ। ਹਿੰਦੂ ਲੜਕੇ ਲੜਕੀਆਂ ਨੂੰ ਨਾਦਰਸ਼ਾਹ ਦੀ ਕੈਦ ਵਿਚੋਂ ਛੁਡਵਾਇਆ।

ਲਾਹੌਰ ਪਹੁੰਚ ਕੇ ਨਾਦਰਸ਼ਾਹ ਜ਼ਕਰੀਏ ਕੋਲੋਂ ਸਿੰਘਾਂ ਦੀ ਸਬੰਧੀ ਪੁੱਛਦਾ ਹੈ, ਕਿ, "ਇਹ ਲੋਕ ਕੌਣ ਹਨ ਜਿੰਨ੍ਹਾਂ ਮੈਨੂੰ ਹੀ ਲੁੱਟ ਲਿਆ ਹੈ"। ਅੱਗੋਂ ਜ਼ਕਰੀਆਂ ਖ਼ਾਂ ਸਾਰੇ ਹਲਾਤ ਦਸਦਾ ਹੈ, ਕਿ "ਇਨ੍ਹਾਂ ਨੇ ਆਪਣੇ ਮੁਰਸ਼ਦ ਕੋਲੋਂ ਆਬੇ ਹਯਾਤ ਲਿਆ ਹੋਇਆ ਹੈ ਦੂਸਰਾ ਇਹ ਰੱਬੀ ਕਲਾਮ ਪੜ੍ਹਦੇ ਰਹਿੰਦੇ ਹਨ ਜਿਸ ਕਰਕੇ ਇਹ ਸਰੀਰਕ ਮੌਤ ਨੂੰ ਮੌਤ ਹੀ ਨਹੀਂ ਸਮਝਦੇ"। ਇਸ ਸਾਰੇ ਬਿਰਤਾਂਤ ਨੂੰ ਗਿਆਨੀ ਗਿਆਨ ਸਿੰਘ ਨੇ ਬਾ-ਕਮਾਲ ਦਾ ਲਿਖਿਆ ਹੈ—

**ਮੁਰਸ਼ਦ ਇਨਕਾ ਵਲੀ ਭਇਓ ਹੈ,**
**ਇਨ ਕੋ ਆਬੇ ਹਯਾਤ ਦਿਓ ਹੈ।**
**ਗਜ਼ਬ ਅਸਰ ਤਿਸਕਾ ਹਮ ਦੇਖਾ,**
**ਬੁਜ਼ਦਿਲ ਹੋਵਤ ਸ਼ੇਰ ਬਿਸੇਖਾ।**
**ਕਾਣ ਨਾ ਕਾਹੂੰ ਕੀ ਰਾਖਤ,**
**ਸ਼ਹਿਨਸ਼ਾਹ ਖ਼ੁਦ ਹੀ ਕੋ ਭਾਖਤ।**
**ਔਰ ਸਭਨ ਕੋ ਜੀਵ ਚੁਰਾਸੀ,**
**ਮਾਨਤ ਆਪ ਤਾਹਿ ਅਭਿਨਾਸੀ।**

ਸ਼ਾਨਾਮੱਤੀ ਵੈਸਾਖੀ ਦੇ ਬਿਰਤਾਂਤ ਵਿਚ 1716 ਈ. ਨੂੰ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਸਮੇਂ ਇਕ ਨੌਜਵਾਨ ਬੱਚੇ ਨੇ ਆਪਣੇ ਈਮਾਨ ਲਈ ਸ਼ਹਾਦਤ ਦਾ ਜਾਮ ਪੀਤਾ। ਤਰਲੇ ਲੈਂਦੀ ਮਾਂ ਨੂੰ ਕਹਿ ਦਿੱਤਾ ਸੀ ਕਿ ਮਾਂ ਕੌਮਾਂ ਅਮਰ ਤਾਹੀਂ ਰਹਿੰਦੀਆਂ ਹਨ ਜਦੋਂ ਕੌਮ ਦੇ ਬੱਚੇ ਵੀ ਬਾਬਾ ਫਤਿਹ ਸਿੰਘ ਵਾਂਗ ਇਤਿਹਾਸ ਸਿਰਜ ਦੇਣ।

**ਅਮਰ ਰਹਿੰਦੀਆਂ ਜੱਗ 'ਤੇ ਉਹ ਕੌਮਾਂ,**
**ਬੀਰ ਜਿਦ੍ਹੇ ਘਾਲਣਾ ਘਾਲਦੇ ਨੇ।**
**ਛੰਨ੍ਹੇ ਖੋਪਰੀ ਫੜ ਕੇ ਪੁੱਤ ਜਿਦ੍ਹੇ,**
**ਆਪਣੀ ਕੌਮ ਨੂੰ ਅੰਮ੍ਰਿਤ ਪਿਆਲਦੇ ਨੇ।**

ਸਾਰੀ ਘਟਨਾ ਨੂੰ ਅੱਖੀਂ ਦੇਖ ਕੇ ਖ਼ਾਫ਼ੀ ਖ਼ਾਨ ਲਿਖਦਾ ਹੈ—

**ਮਾਦਰਮ ਦਰੋਗ਼ ਮੇ ਗੋਇਦ ਮਨ,**
**ਬਦਿੱਲ ਜਾਨ, ਅਜ਼ ਮੋਅਤਕਿਦਾਂ।**
**ਵ ਫ਼ਿਦਾਯਾਨਿ ਜਾਂ ਨਿਸਾਰਿ ਮੁਰਸ਼ਦਿ ਖ਼ੁਦਮ।**
**ਮਰਾ ਜ਼ੂਦ ਬਾ ਰਫ਼ੀਕਾਨਿ ਮਨ ਰਸਾਨਦ।**

ਇਸ ਦਾ ਭਾਵ ਅਰਥ—

ਮੇਰੀ ਮਾਂ ਝੂਠ ਬੋਲਦੀ ਹੈ (ਕਿ ਮੈਂ ਸਿੱਖ ਨਹੀਂ ਹਾਂ) ਮੈਂ ਗੁਰੂ ਗੋਬਿੰਦ ਸਿੰਘ ਜੀ 'ਤੇ ਇਮਾਨ ਰੱਖਣ ਵਾਲਿਆਂ ਅਤੇ ਆਪਣੇ ਮੁਰਸ਼ਦ ਤੋਂ ਜਿੰਦ ਵਾਰਨ ਵਾਲਿਆਂ ਵਿੱਚੋਂ ਹੀ ਹਾਂ। ਇਸ ਲਈ ਮੈਨੂੰ ਛੇਤੀ ਮੇਰੇ ਸ਼ਹੀਦ ਹੋ ਚੁੱਕੇ ਸਾਥੀਆਂ ਪਾਸ ਪਹੁੰਚਾ ਦਿਓ।

ਸ਼ਾਨਾਮਤੀ ਵੈਸਾਖੀ ਦੀ ਕੁੱਖ ਵਿਚ ਉਹ ਵੈਸਾਖੀ ਵੀ ਆਉਂਦੀ ਹੈ ਜਦੋਂ ਜ਼ਲ੍ਹਿਆਂ ਵਾਲੇ ਬਾਗ ਵਿਚ 1919 ਨੂੰ ਨਿਹੱਥੇ ਪੰਜਾਬੀਆਂ ਨੂੰ ਜਨਰਲ ਅਡਵਾਇਰ ਨੇ ਗੋਲ਼ੀਆਂ ਨਾਲ ਭੁੰਨ ਦਿੱਤਾ ਸੀ। ਵੈਸਾਖੀ 1978 ਵਾਲੀ ਹਮੇਸ਼ਾਂ ਯਾਦ ਰਹੇਗੀ ਜਦੋਂ ਅੰਮ੍ਰਿਤਸਰ ਵਿਖੇ ਨਿਰੰਕਾਰੀਆਂ ਹੱਥੋਂ ਤੇਰਾਂ ਸਿੰਘ ਸ਼ਹੀਦ ਹੋਏ ਸਨ। ਆਓ ਸ਼ਾਨਾਮਤੀ ਵੈਸਾਖੀ ਦੇ ਪੈਗ਼ਾਮ ਨੂੰ ਸਮਝਣ ਦਾ ਯਤਨ ਕਰੀਏ--

ਵੈਸਾਖੀ ਦਾ ਪਹਿਲਾ ਪੈਗ਼ਾਮ ਹੈ, ਪੱਥਰਾਂ ਤੇ ਕਾਗ਼ਜ਼ਾਂ ਦੀਆਂ ਬਣੀਆਂ ਹੋਈਆਂ ਮਨ ਘੜ੍ਹਤ ਰੱਬ ਤੇ ਗੁਰੂਆਂ ਦੀਆਂ ਮੂਰਤਾਂ ਨੂੰ ਛੱਡ ਕੇ, ਗੁਰਬਾਣੀ ਵਿਚਾਰ ਦੁਆਰਾ ਰੱਬੀ ਗੁਣਾਂ ਨੂੰ ਆਪਣੇ ਜੀਵਨ। ਵਿਚ ਅਪਨਾਉਣ ਦਾ ਯਤਨ ਕਰੀਏ।

ਰੱਬ ਜੀ ਸਾਡੇ ਬਣੇ ਹੋਏ ਖਿਆਲਾਂ ਕਰਕੇ ਨਹੀਂ ਹਨ ਸਗੋਂ ਸਾਰੀ ਸ੍ਰਿਸ਼ਟੀ ਵਿਚੋਂ ਉਸ ਦੇ ਵਰਤ ਰਹੇ ਸਿਧਾਂਤਾਂ ਨੂੰ ਸਮਝਣਾ ਹੈ, ਵੈਸਾਖੀ ਦਾ ਪੈਗ਼ਾਮ ਸਾਡੀ ਰੋਜ਼ ਮਰਾ ਦੀ ਜ਼ਿੰਦਗੀ ਵਿੱਚ ਰੱਬੀ ਗੁਣਾਂ ਨੂੰ ਲੈ ਕੇ ਆਉਣ ਦਾ ਸੰਕਲਪ ਦ੍ਰਿੜ੍ਹ ਕਰਾਉਂਦੀ ਹੈ। ਪਰਮਾਤਮਾ ਸਦਾ ਰਹਿਣ ਵਾਲੀ ਕੁਦਰਤੀ ਨਿਯਮਾਵਲੀ ਹੈ ਨਾ ਕਿ ਬੁੱਤਾਂ ਮੂਰਤਾਂ ਵਿੱਚ ਕੋਈ ਰਹਿਣ ਵਾਲੀ ਹਸਤੀ ਹੈ। ਅਸੀਂ ਤੇ ਨਾ ਸਮਝੀ ਵਿੱਚ ਗੁਰੂਆਂ ਦੀਆਂ ਵੀ ਵੱਖ ਵੱਖ ਕਿਸਮ ਦੀਆਂ ਤਸਵੀਰਾਂ ਬਣਾ ਕਿ ਸਿੱਖੀ ਸਿਧਾਂਤ ਦਾ ਮਲੀਆ ਮੇਟ ਕਰਨ ਵਿੱਚ ਆਪ ਹੀ ਤੁਲੇ ਹੋਏ ਹਾਂ, ਕੀ ਇਸ ਮਹਾਨ ਵੈਸਾਖੀ ਦੇ ਪੈਗ਼ਾਮ ਵਿਚੋਂ

**ਬਾਕੀ ਸਫਾ 34 'ਤੇ**

### ਗੁਰਮਤਿ ਗਿਆਨ ਮਿਸ਼ਨਰੀ ਕਾਲਜ, ਲੁਧਿਆਣਾ ਵਲੋਂ ਲਗਾਇਆ

# ਦੂਜਾ ਜਨਰਲ ਮੈਡੀਕਲ ਅਤੇ ਅੱਖਾਂ ਦਾ ਮੁਫ਼ਤ ਆਪ੍ਰੇਸ਼ਨ ਕੈਂਪ






ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਵਿਖੇ 17-03-2024 ਦਿਨ ਐਤਵਾਰ ਨੂੰ ਸਵੇਰੇ 8 ਵਜੇ ਤੋਂ ਦੁਪਹਿਰ 2:30 ਵਜੇ ਤੱਕ ਦੂਜਾ ਜਨਰਲ ਮੈਡੀਕਲ ਅਤੇ ਅੱਖਾਂ ਦਾ ਮੁਫ਼ਤ ਆਪ੍ਰੇਸ਼ਨ ਕੈਂਪ ਲਗਾਇਆ ਗਿਆ। ਡਾ: ਐਚ. ਪੀ. ਸਿੰਘ (ਆਈ ਸਰਜਨ) ਐਮ. ਡੀ. (ਏਮਜ) ਅਤੇ ਡਾ: ਮਨੀਸ਼ਾ ਖੁੱਬਰ ਡੀ. ਐਮ. ਸੀ. ਲੁਧਿਆਣਾ, ਡਾ: ਨਹਿਮਤ ਢੀਂਗਰਾ ਡੀ. ਐਮ. ਸੀ. ਲੁਧਿਆਣਾ, ਡਾ: ਸੁਖਮੀਤ ਸਿੰਘ ਐਮ. ਬੀ. ਬੀ. ਐਸ., ਐਮ. ਡੀ., ਬੱਚਿਆਂ ਦੇ ਰੋਗਾਂ ਦੇ ਮਾਹਿਰ, ਡਾ: ਜਸਪਾਲ ਸਿੰਘ (ਦੰਦਾਂ ਦੇ ਮਾਹਿਰ), ਡਾ: ਹਰਪ੍ਰੀਤ ਸਿੰਘ (ਮਾਨਸਿਕ ਰੋਗਾਂ ਦੇ ਮਾਹਿਰ), ਡਾ: ਕੁਲਵੰਤ ਸਿੰਘ ਰਾਮਾ (ਐਮ. ਡੀ. ਨਿਊਰੋਲੋਜਿਸਟ), ਡਾ: ਦੀਪਾ ਬੀ. ਪੀ. ਟੀ. (ਫਿਜੀਓਥਰੈਪਿਸਟ), ਡਾ: ਮਨਦੀਪ ਕੌਰ (ਔਰਤਾਂ ਦੇ ਰੋਗਾਂ ਦੇ ਮਾਹਿਰ), ਡਾ: ਐਮ. ਐੱਸ ਨੰਦਾ, ਐਮ. ਬੀ. ਬੀ. ਐਸ, ਐਮ. ਡੀ. (ਚਮੜੀ ਦੇ ਰੋਗਾਂ ਦੇ ਮਾਹਿਰ) ਅਤੇ ਡਾ: ਜਗਦੀਸ਼ ਕੌਰ (ਹੋਮਿਊਪੈਥੀ) ਨੇ ਮਨੁੱਖਤਾ ਦੀ ਸੇਵਾ ਹਿਤ ਆਪਣੀ ਪੂਰੀ ਟੀਮ ਦੇ ਨਾਲ ਸਵੇਰ ਤੋਂ ਦੁਪਹਿਰ ਤੱਕ ਮਾਨਵਤਾ ਦੀ ਇਸ ਮਹਾਨ ਸੇਵਾ ਵਿੱਚ ਬਹੁਮੁੱਲਾ ਯੋਗਦਾਨ ਪਾਇਆ।

ਇਸ ਦੌਰਾਨ ਲੁਧਿਆਣੇ ਅਤੇ ਨੇੜਲੇ ਇਲਾਕਿਆਂ ਤੋਂ ਲਗਭਗ 800 ਤੋਂ ਵੱਧ ਲੋਕਾਂ ਨੇ ਆਪਣੀ ਸਿਹਤ ਨੂੰ ਸੰਭਾਲਣ ਲਈ ਇਸ ਕੈਂਪ ਵਿੱਚ ਭਾਗ ਲਿਆ ਅਤੇ ਇਸ ਤਰ੍ਹਾਂ ਦੀਆਂ ਸੁਵਿਧਾਵਾਂ ਦੇਣ ਵਾਲੇ ਸਮਾਜ ਹਿਤ ਕੀਤੇ ਜਾ ਰਹੇ ਕਾਰਜਾਂ ਦੀ ਸ਼ਲਾਘਾ ਕੀਤੀ।

ਗੁਰੂ ਸਾਹਿਬ ਜੀ ਦੀ ਹਜ਼ੂਰੀ ਵਿੱਚ ਅਰਦਾਸ ਤੋਂ ਉਪਰੰਤ ਕੈਂਪ ਦੀ ਸ਼ੁਰੂਆਤ ਕੀਤੀ ਗਈ। ਸਾਰੇ ਡਾਕਟਰ ਸਾਹਿਬਾਨਾਂ ਅਤੇ ਉਹਨਾਂ ਦੀ ਟੀਮ ਨੂੰ ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਵਲੋਂ ਸਨਮਾਨ ਚਿੰਨ੍ਹ ਦਿੱਤੇ ਗਏ ਅਤੇ ਆਉਣ ਵਾਲੀ ਸੰਗਤ ਵਾਸਤੇ ਲੰਗਰ ਦਾ ਪ੍ਰਬੰਧ ਕੀਤਾ ਗਿਆ ਅਤੇ ਇਸ ਦੇ ਨਾਲ ਸਾਰਾ ਡਾਕਟਰੀ ਪ੍ਰਬੰਧ ਸੰਭਾਲਦਿਆਂ ਹੋਇਆਂ ਹਰੇਕ ਲੋੜ ਦਾ ਖਾਸ ਖਿਆਲ ਰੱਖਿਆ ਗਿਆ।

ਇਸ ਕੈਂਪ ਵਿੱਚ ਸਮੂਹ ਸਟਾਫ, ਚੇਅਰਮੈਨ ਸਾਹਿਬ ਅਤੇ ਕਾਲਜ ਦੇ ਪ੍ਰਿੰਸੀਪਲ ਸਾਹਿਬ ਨੇ ਆਪੋ ਆਪਣੇ ਕਾਰਜਾਂ ਦੀ ਵੰਡ ਅਨੁਸਾਰ ਡਿਊਟੀਆਂ ਨਿਭਾਈਆਂ। ਇਸਦੇ ਨਾਲ ਹੀ ਕਾਲਜ ਵਿੱਚ ਹਰ ਸਮੇਂ ਸਹਿਯੋਗ ਕਰਨ ਵਾਲੇ ਨੌਜਵਾਨਾਂ ਨੇ ਵੀ ਵਧ ਚੜ ਕੇ ਆਪਣਾ ਯੋਗਦਾਨ ਪਾਇਆ। -0-

# ਪਾਠਕਾਂ ਦੇ ਸਵਾਲਾਂ ਦੇ ਜਵਾਬ

-ਗੁਰਮਤਿ ਵਿਰਸਾ
ਬਿਊਰੋ

**ਸਵਾਲ—ਭਾਈ ਨੰਦ ਲਾਲ ਜੀ ਨੇ ਰਾਜ ਦਰਬਾਰ ਦੀ ਨੌਕਰੀ ਕਿਉਂ ਛੱਡੀ?**

**ਉੱਤਰ**—ਔਰੰਗਜ਼ੇਬ ਨੇ ਇਕ ਦਫਾ ਇਕ ਚਿੱਠੀ ਦਾ ਫਾਰਸੀ ਵਿਚ ਉਤਰ ਬਣਾਉਣ ਲਈ ਸਭ ਵਿਦਵਾਨ ਸੱਦੇ ਤੇ ਸਭ ਵਿਚੋਂ ਆਪ ਦਾ ਉਤਰ ਪਸੰਦ ਕੀਤਾ। ਇਸੇ ਤਰ੍ਹਾਂ ਕੁਰਾਨ ਦੀ ਇਕ ਆਇਤ ਦੇ ਅਰਥ ਆਪ ਦੇ ਕੀਤੇ ਹੋਏ ਬਹੁਤ ਸਲਾਹੇ ਗਏ। ਔਰੰਗਜ਼ੇਬ ਨੇ ਸ਼ਹਿਜ਼ਾਦਾ ਮੁਅੱਜ਼ਮ ਨੂੰ ਕਿਹਾ ਕਿ ਐਸੇ ਚੰਗੇ ਵਿਦਵਾਨ ਨੂੰ ਮੁਸਲਮਾਨ ਬਣਾਉਣਾ ਚਾਹੀਦਾ ਹੈ। ਇਹ ਪਤਾ ਲੱਗਦੇ ਸਾਰ ਹੀ ਭਾਈ ਜੀ ਰਾਜ ਦਰਬਾਰ ਦੀ ਨੌਕਰੀ ਛੱਡ ਕੇ ਅਨੰਦਪੁਰ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਪਾਸ ਆ ਗਏ।

**ਸਵਾਲ: ਗਿਆਨੀ ਸ਼ਬਦ ਹਰ ਇੱਕ ਲਈ ਵਰਤ ਲਿਆ ਜਾਂਦਾ ਹੈ, ਕੀ ਇਹ ਜਾਇਜ਼ ਹੈ?**

**ਜਵਾਬ:** ਆਮ ਤੌਰ ਤੇ ਹਰ ਪ੍ਰਕਾਰ ਦਾ ਗਿਆਨ ਰੱਖਣ ਵਾਲਾ ਗਿਆਨੀ ਕਹਿਲਾ ਸਕਦਾ ਹੈ। ਸਿੱਖ ਧਰਮ ਵਿਚ ਅਧਿਆਤਮਕ ਗਿਆਨ ਰੱਖਣ ਵਾਲੇ ਨੂੰ ਗਿਆਨੀ ਆਖਿਆ ਜਾਂਦਾ ਹੈ। ਯੂਨੀਵਰਸਿਟੀ ਦੀ ਇੱਕ ਸਾਹਿਤਕ ਡਿਗਰੀ ਵੀ 'ਗਿਆਨੀ' ਹੈ। ਡਿਗਰੀ ਪ੍ਰਾਪਤ ਕਰਨ ਵਾਲਾ ਵੀ ਗਿਆਨੀ ਕਹਾ ਸਕਦਾ ਹੈ। ਪੰਜਾਬ ਦੇ ਪਿੰਡਾਂ ਵਿਚ ਸਾਬਤ ਸੂਰਤ ਅਤੇ ਧਰਮ ਵਿਚ ਰੁਚੀ ਰੱਖਣ ਵਾਲੇ ਨੂੰ 'ਗਿਆਨੀ' ਕਹਿ ਦਿੱਤਾ ਜਾਂਦਾ ਹੈ। ਸਭ ਸਿੱਖਾਂ ਨੂੰ ਯਤਨ ਕਰਨਾ ਚਾਹੀਦਾ ਹੈ ਕਿ ਉਹ ਸੰਗਤ ਵਿਚ ਜਾ ਕੇ ਗਿਆਨ ਹਾਸਲ ਕਰਨ। ਗੁਰੂ ਤੇਗ਼ ਬਹਾਦਰ ਜੀ 'ਗਿਆਨ' ਸ਼ਬਦ ਦੀ ਪ੍ਰੀਭਾਸ਼ਾ ਦਸਦੇ ਹਨ:-

**ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥**
**ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥ (1429)**

**ਸਵਾਲ: ਦਾਨ ਕਿਸ ਚੀਜ਼ ਦਾ ਵਧੇਰੇ ਫਲੀ ਭੂਤ ਹੁੰਦਾ ਹੈ ਤੇ ਕਿਸ ਨੂੰ ਦੇਣਾ ਚਾਹੀਦਾ ਹੈ?**

**ਜਵਾਬ:** ਗਰੀਬ ਦਾ ਮੂੰਹ ਗੁਰੂ ਦੀ ਗੋਲਕ ਹੈ। ਲੋੜਵੰਦ ਨੂੰ ਆਪਣੀ ਕਮਾਈ ਦੇ ਦਸਵੰਧ ਵਿਚੋਂ ਦੇਣਾ ਯੋਗ ਹੈ। ਗੁਰੂ ਖ਼ਾਲਸਾ ਨੂੰ ਤਨ-ਮਨ ਧਨ ਅਰਪਨ ਕਰਨਾ ਸਭ ਤੋਂ ਵੱਡਾ ਦਾਨ ਹੈ। ਜੋ ਸਮੇਂ ਦਾ ਦਾਨ ਆਮ ਲੋਕਾਂ ਦੀ ਭਲਾਈ ਲਈ ਕਢਦੇ ਹਨ, ਇਹ ਵੀ ਇੱਕ ਉੱਤਮ ਦਾਨ ਹੈ। ਜੇ ਕੋਈ ਅਪਾਹਜ ਜਾਂ ਅੰਨ੍ਹਾ ਤੁਹਾਥੋਂ ਪੈਸੇ ਲੈ ਕੇ ਸ਼ਰਾਬ ਪੀ ਲਵੇ ਜਾਂ ਤੰਬਾਕੂ ਪੀ ਲਵੇ ਤਾਂ ਅਜਿਹੇ ਮੰਗਣ ਦਾ ਪੇਸ਼ਾ ਕਰਨ ਵਾਲਿਆਂ ਨੂੰ ਖ਼ੈਰ ਪਾਉਣਾ ਦਾਨ ਨਹੀਂ ਅਖਵਾਉਂਦਾ। ਖ਼ੂਨ ਦਾਨ, ਅੰਗ ਦਾਨ, ਵਿਦਿਆ ਦਾਨ, ਰੁਜ਼ਗਾਰ ਦਾਨ ਆਦਿ ਚੰਗੇ ਦਾਨ ਹਨ।

**ਸਵਾਲ: ਕੇਵਲ ਪਾਠ ਕਰਨ ਦਾ ਕੋਈ ਲਾਭ ਗੁਰਬਾਣੀ ਵਿਚ ਨਹੀਂ ਲਿਖਿਆ, ਸਗੋਂ ਇਸ ਨੂੰ ਹੰਕਾਰ ਵਧਾਉਣ ਵਾਲਾ ਕਰਮ ਦੱਸਿਆ ਹੈ। ਇਹ ਸ਼ੰਕਾ ਨਵਿਰਤ ਕਰੋ।**

**ਜਵਾਬ:** ਅਸੀਂ ਪਾਠ ਕਰਕੇ ਕਹਿੰਦੇ ਹਾਂ ਕਿ ਮੈਂ ਇਤਨੇ ਪਾਠ ਕੀਤੇ। ਮੈਂ ਰੋਜ਼ ਐਨੀਆਂ ਬਾਣੀਆ ਪੜ੍ਹਦਾ ਹਾਂ। ਮੈਂ ਤੇ ਪੂਰਾ ਸਿੱਖ ਹਾਂ ਕਿਉਂਕਿ ਮੈਂ ਐਨੀਆਂ ਬਾਣੀਆਂ ਪੜ੍ਹਦਾ ਹਾਂ। ਇਸ ਤਰ੍ਹਾਂ ਇਹ ਹੰਕਾਰ ਵਧਾਉਣ ਵਾਲਾ ਕਰਮ ਹੈ। ਪਰ ਪਾਠ ਕਰਕੇ ਜੋ ਸਮਝ ਆਉਂਦਾ ਹੈ, ਜੇਕਰ ਉਸ ਨੂੰ ਅਪਣਾਅ ਲਈਏ, ਜੀਵਨ ਦਾ ਅਧਾਰ ਬਣਾ ਲਈਏ, ਤਾਂ ਹੀ ਇਸ ਦਾ ਲਾਭ ਹੈ। ਪਾਠ ਕਰਨ ਦੇ ਨਾਲ ਨਾਲ ਜੇ ਸ਼ਬਦ ਦੀ ਵੀਚਾਰ ਵੀ ਹੋਵੇ ਅਤੇ ਬਾਣੀ ਮਨ ਵਿਚ ਲਹਿੰਦੀ ਜਾਵੇ ਤਾਂ ਹੰਕਾਰ ਟੁੱਟਦਾ ਹੈ ਤੇ ਲਾਭ ਮਿਲਦਾ ਹੈ।

**ਸਵਾਲ: ਜੇ ਕੋਈ ਬਿਮਾਰ ਹੋਣ ਕਰਕੇ ਬੈਠ ਨਾ ਸਕਦਾ ਹੋਵੇ, ਕੀ ਉਹ ਲੰਮਾ ਪੈ ਕੇ ਪਾਠ ਕਰ ਸਕਦਾ ਹੈ।**

**ਜਵਾਬ:** ਹਾਂ, ਬਿਮਾਰੀ ਦੀ ਹਾਲਤ ਵਿਚ ਕਰ ਸਕਦੇ ਹਾ, ਭਰਮ ਨਹੀਂ ਕਰਨਾ। ਗੁਰਮਤਿ ਮਨੁੱਖ ਲਈ ਕਲਿਆਣਕਾਰੀ ਹੈ। ਗੁਰਬਾਣੀ ਨੇ ਮਨੁੱਖ ਨੂੰ ਸੁੱਖ ਪਹੁੰਚਾਣਾ ਅਤੇ ਸੇਧ ਦੇਣੀ ਹੈ, ਉਸ ਦੇ ਆਲਸ ਨੂੰ ਖੰਡਨ ਕਰਨਾ ਹੈ, ਤ੍ਰਿਸ਼ਨਾ ਬੁਝਾਉਣੀ ਹੈ। ਮਨੁੱਖ ਦੇ ਹੱਠ ਯੋਗ ਕਰਨ ਲਈ ਜਾਂ ਕਸ਼ਟ ਦੇਣ ਲਈ ਕੀਤੇ ਸਾਰੇ ਕੰਮਾਂ ਨੂੰ ਗੁਰਮਤਿ ਉਤਸ਼ਾਹ ਨਹੀਂ ਕਰਦੀ। ਯਾਦ ਰੱਖੀਏ ਕਿ ਹੁਕਮ ਮੰਨਣ ਜਾ ਕੁਰਬਾਨੀ ਦੇਣ ਅਤੇ ਅਣਉਚਿੱਤ ਕਸ਼ਟ ਸਹਿਣ ਵਿਚ ਅੰਤਰ ਹੈ। ਬਿਮਾਰ ਵਿਅਕਤੀ ਲੇਟ ਕੇ ਪਾਠ ਕਰ ਸਕਦਾ ਹੈ।

**ਸਵਾਲ: ਅਖੰਡ ਪਾਠ ਦਾ ਵਧੇਰੇ ਲਾਭ ਕਿਵੇਂ ਮਿਲ ਸਕਦਾ ਹੈ।**

**ਜਵਾਬ:** ਅਖੰਡ ਪਾਠ ਦਾ ਵਧੇਰੇ ਲਾਭ ਕੋਲ ਬੈਠ ਕੇ ਪਾਠ ਸੁਣਨ ਨਾਲ ਜਾਂ ਪਰਿਵਾਰਕ ਮੈਂਬਰਾਂ ਵਲੋਂ ਆਪ ਕਰਨ ਨਾਲ ਅਤੇ ਅਮਲ ਕਰਨ ਨਾਲ ਮਿਲ ਸਕਦਾ ਹੈ। ਅਜਿਹਾ ਕਰਨ ਨਾਲ ਕੁਝ ਤਾਂ ਸਮਝ ਆਵੇਗੀ ਕਿ ਗੁਰੂ ਸਾਹਿਬ ਸਾਨੂੰ ਕੀ ਪ੍ਰੇਰਨਾ ਦਿੰਦੇ ਹਨ। ਜੇਕਰ ਪੜ੍ਹਾਂਗੇ ਨਹੀਂ, ਸੁਣਾਂਗੇ ਨਹੀਂ, ਫਿਰ ਕੀ ਸਮਝ ਆਵੇਗਾ ਕਿ ਗੁਰੂ ਸਾਹਿਬ ਕੀ ਉਪਦੇਸ਼ ਦਿੰਦੇ ਹਨ।

**ਸਵਾਲ: ਬਾਣੀ ਨੂੰ ਫ਼ਿਲਮਾਂ ਦੀ ਟਿਊਨ ਤੇ ਗਾਉਣ ਨੂੰ ਕੀਰਤਨ ਕਿਹਾ ਜਾ ਸਕਦਾ ਹੈ।**

**ਜਵਾਬ:** ਕੀਰਤਨ ਕਰਨਾ ਭਾਵ ਪ੍ਰਭੂ ਦੀ ਸਿਫ਼ਤ ਸਲਾਹ ਨੂੰ ਗਾਉਣਾ ਹੈ। ਸਿੱਖ ਰਹਿਤ ਮਰਿਯਾਦਾ ਵਿੱਚ ਲਿਖਿਆ ਹੈ ਕਿ ਗੁਰਬਾਣੀ ਨੂੰ ਰਾਗਾਂ ਵਿੱਚ ਗਾਉਣ ਨੂੰ ਕੀਰਤਨ ਕਿਹਾ ਗਿਆ ਹੈ।

**ਸਵਾਲ:ਕੀ ਅਖੰਡ ਪਾਠ ਸਮੇਂ ਹਰ ਰੌਲ ਵਾਰੀ ਪਾਠੀ ਨੂੰ ਇਸ਼ਨਾਨ ਕਰਕੇ ਬੈਠਣਾ ਚਾਹੀਦਾ ਹੈ।**

**ਜਵਾਬ:** ਜੇ ਸਰੀਰ ਦੀ ਸਫਾਈ ਲੋੜੀਂਦੀ ਹੋਵੇ ਤਾਂ ਇਸ਼ਨਾਨ ਕਰ ਲੈਣਾ ਚਾਹੀਦਾ ਹੈ। ਵਰਨਾ ਅੰਮ੍ਰਿਤ ਵੇਲੇ ਦਾ ਇਸ਼ਨਾਨ ਹੀ ਕਾਫੀ ਹੈ। ਹੱਥ, ਮੂੰਹ, ਪੈਰ ਆਦਿ ਜ਼ਰੂਰ ਸਾਫ ਕਰਨੇ ਚਾਹੀਦੇ ਹਨ।

**ਸਵਾਲ: ਸਿੱਖ, ਬਾਬਾ ਵਡਭਾਗ ਸਿੰਘ ਦੇ ਡੇਰੇ ਕਿਉਂ ਜਾਂਦੇ ਹਨ? ਕੀ ਇਹ ਧਰਮ ਸਥਾਨ ਹੈ।**

**ਜਵਾਬ:** ਲੋਕ ਅਗਿਆਨਤਾ ਵਸ ਬਾਬਾ ਵਡਭਾਗ ਸਿੰਘ ਦੇ ਡੇਰੇ ਜਾਂਦੇ ਹਨ। ਬਾਬਾ ਵਡਭਾਗ ਸਿੰਘ ਦਾ ਡੇਰਾ ਕੋਈ ਸਿੱਖ ਇਤਿਹਾਸਕ ਧਰਮ ਅਸਥਾਨ ਨਹੀਂ ਹੈ। ਬਹੁਤ ਸਾਰੇ ਲੋਕ ਉਥੇ ਜਾਂਦੇ ਹਨ, ਮਾੜੀਆਂ ਰੂਹਾਂ ਦੇ ਕਬਜ਼ੇ ਤੋਂ ਛੁਟਕਾਰਾ ਪਾਉਣ ਲਈ ਇੱਛਾ ਲੈ ਕੇ। ਉਥੇ ਨਿਮਾਣੀਆਂ ਜਿੰਦਾਂ ਦੀ ਕੁੱਟਮਾਰ ਕੀਤੀ ਜਾਂਦੀ ਹੈ। ਹੁਣ ਜਦੋਂ ਮੈਡੀਕਲ ਸਾਇੰਸ ਅਤੇ ਵਿਦਿਆ ਦਾ ਬਹੁਤ ਪਸਾਰਾ ਹੋ ਗਿਆ ਹੈ ਤਾਂ ਡੇਰੇ ਦੇ ਪ੍ਰਬੰਧਕਾਂ ਨੂੰ ਚਾਹੀਦਾ ਹੈ ਕਿ ਉਹ ਡੇਰੇ ਨੂੰ ਵੱਡੇ ਹਸਪਤਾਲ ਅਤੇ ਮਾਨਸਿਕ ਰੋਗਾਂ ਦੇ ਉਪਚਾਰ ਕੇਂਦਰ ਦੇ ਰੂਪ ਵਿਚ ਬਦਲ ਦੇਣ। ਗੁਰੂ ਘਰ ਦੀ ਪ੍ਰਵਾਨਿਤ ਮਰਿਯਾਦਾ 'ਬਾਣੀ ਅਤੇ ਸੰਗਤ' ਦਾ ਪ੍ਰਭਾਵ ਵਧਾ ਕੇ ਸਿੱਖ ਸਿਧਾਂਤਾਂ ਨੂੰ ਧਾਰਨ ਕਰ ਲੈਣ।

**ਸਵਾਲ: ਕੀ ਪੁਨਰ ਵਿਆਹ ਕਰਨ ਲੱਗੇ ਚਾਦਰ ਪਾਉਣੀ ਚਾਹੀਦੀ ਹੈ।**

**ਜਵਾਬ:** ਨਹੀਂ, ਬਿਲਕੁਲ ਨਹੀਂ।ਚਾਦਰ ਪਾਉਣ ਦਾ ਰਿਵਾਜ਼ ਸਿੱਖੀ ਸਿਧਾਂਤ ਨਹੀ ਹੈ। ਅਨੰਦ ਕਾਰਜ ਦੀ ਜੋ ਮਰਿਯਾਦਾ ਹੈ ਪੁਨਰ ਵਿਆਹ 'ਤੇ ਉਸੇ ਤਰ੍ਹਾ ਪੂਰੀ ਨਿਭਾਉਣੀ ਹੈ। ਇਹ ਭਰਮ ਨਹੀਂ ਕਰਨਾ ਕਿ ਦੂਜੀ ਵਾਰ ਅਨੰਦ ਕਾਰਜ ਕਰਦੇ ਸਮੇਂ ਉਸੇ ਤਰ੍ਹਾਂ ਪ੍ਰਕਰਮਾ ਨਹੀਂ ਕਰਨੀ। ਦੂਜੀ ਵਾਰ ਵੀ ਅਨੰਦ ਰੀਤੀ ਅਨੁਸਾਰ ਹੀ ਅਨੰਦ ਕਾਰਜ ਹੋਵੇਗਾ। (ਵਿਸਥਾਰ ਲਈ ਦੇਖੋ ਸਿੱਖ ਰਹਿਤ ਮਰਿਯਾਦਾ ਵਿਚ ਅਨੰਦ ਕਾਰਜ ਭਾਗ)

**ਸਵਾਲ: ਕੀ ਕੇਵਲ ਸਿੱਖ ਹੀ ਪ੍ਰਭੂ ਪ੍ਰਾਪਤੀ ਕਰ ਸਕਦੇ ਹਨ?**

**ਜਵਾਬ:** ਐਸੀ ਗੱਲ ਨਹੀਂ ਹੈ। ਦੂਸਰੇ ਧਰਮਾਂ ਵਾਲੇ ਵੀ ਜੋ ਨਾਮ ਜਪਦੇ ਤੇ ਨਿਰਮਲ ਕਰਮ ਕਰਦੇ ਹਨ ਪ੍ਰਭੂ ਪ੍ਰਾਪਤੀ ਕਰ ਸਕਦੇ ਹਨ। ਅਸਲ ਵਿਚ ਹਰ ਧਰਮ ਦੀ ਆਪੋ ਆਪਣੇ ਢੰਗ ਨਾਲ ਵਿਆਖਿਆ ਤੇ ਪੇਸ਼ਕਾਰੀ ਹੈ। ਸਿੱਖ ਧਰਮ ਵਿਚ ਗੁਰਬਾਣੀ-ਗੁਰੂ ਧਰਮ ਦੀ ਵਿਆਖਿਆ ਕਰਦੀ ਹੈ। ਸਿੱਖ ਤਾਂ ਇਸ ਧਰਮ ਉੱਤੇ ਚੱਲਣ ਵਾਲੇ ਸਾਬਤ ਸੂਰਤ ਲੋਕਾਂ ਦਾ ਸਮੂਹ ਹੈ, ਜਿਨ੍ਹਾਂ ਦਾ ਆਪਣਾ ਵਿਰਸਾ, ਇਤਿਹਾਸ, ਪੰਥਕ ਰੂਪ ਅਤੇ ਸਿਧਾਂਤ ਹੈ। ਉਹ ਸਿੱਖ, ਜੋ ਧਰਮ ਦੇ ਰਾਹ ਤੇ ਚੱਲਦਾ ਹੈ, ਜ਼ਰੂਰ ਹੀ ਨਾਮ, ਪ੍ਰਭੂ ਅਤੇ ਸਦੀਵੀਂ ਸੁੱਖ ਨੂੰ ਪ੍ਰਾਪਤ ਕਰ ਸਕਦਾ ਹੈ।

-0-




# ਨਿਰਮਲ ਬੂੰਦ



ਪ੍ਰਿੰ. ਗੁਰਬਚਨ ਸਿੰਘ ਪੰਨਵਾਂ
99155-29725

ਅਸਮਾਨ ਤੇ ਗਹਿਰੇ ਬੱਦਲ ਵੇਖ ਕੇ ਇਕ ਵਾਰ ਤਾਂ ਹਰ ਆਦਮੀ ਆਪਣੇ ਮਨ ਵਿਚ ਖੁਸ਼ੀ ਮਹਿਸੂਸ ਕਰਦਾ ਹੈ। ਵਰਖਾ ਹੋਏਗੀ ਹਰ ਪਾਸੇ ਹਰਿਆਲੀ ਦੇਖਣ ਨੂੰ ਮਿਲੇਗੀ, ਫਸਲਾਂ ਭਰਪੂਰ ਪੱਕਣਗੀਆਂ ਮਿੱਠੀ ਜੇਹੀ ਚਹਿਲ-ਪਹਿਲ ਨਜ਼ਰ ਆਏਗੀ। ਬਰਸਾਤ ਹੁੰਦੀ ਹੈ ਤਾਂ ਬੱਦਲਾਂ ਤੋਂ ਕਣੀਆਂ ਹਰੇਕ ਕਿਸਮ ਦੀ ਧਰਤੀ ਤੇ ਪੈਂਦੀਆਂ ਹਨ। ਕਿਤੇ ਨਕਾਰੀ ਕਰਲਾਠੀ ਜਾਂ ਰੇਤਲੀ ਧਰਤੀ ਹੈ, ਜਿੱਥੇ ਕੁਝ ਵੀ ਨਹੀਂ ਪੈਦਾ ਹੁੰਦਾ, ਏਥੇ ਪੈਣ ਵਾਲੀਆਂ ਬੂੰਦਾਂ ਵਿਆਰਥ ਵਿਚ ਗੁਆਚ ਜਾਂਦੀਆਂ ਹਨ। ਭੈੜੀ ਧਰਤੀ ਦੀ ਸੰਗਤ ਹੋਣ ਕਰਕੇ ਬੂੰਦਾਂ ਨੇ ਆਪਣਾ ਆਪ ਵੀ ਗਵਾ ਲਿਆ। ਇਸਦੇ ਦੇ ਵਿਰੁੱਧ ਤਾਕਤ ਵਾਲੀ ਜ਼ਮੀਨ ਮਿਲ ਜਾਏ, ਉਥੇ ਬਾਗ ਬਗੀਚੇ ਤੇ ਲਹਿ ਲਹਿ ਕਰਦੀਆਂ ਫਸਲਾਂ ਵਿਚ ਗਉਂਦਾ ਜ਼ਿਮੀਦਾਰ ਪਸ਼ੂਆਂ ਨੂੰ ਹਿੱਕਦਾ ਹੋਇਆ ਦਿਸੇਗਾ।

ਕੁਝ ਇਸੇ ਤਰ੍ਹਾਂ ਦਾ ਪ੍ਰਤੀਕ ਲੈ ਕੇ ਕਬੀਰ ਜੀ ਨੇ ਮਨੁੱਖੀ ਆਤਮਾ ਦੀ ਗੱਲ ਕੀਤੀ ਹੈ। ਬੱਦਲਾਂ ਵਿਚੋਂ ਬੂੰਦ ਜਦੋਂ ਅਉਂਦੀ ਏ ਤਾਂ ਬਿਲਕੁਲ ਸਾਫ ਅਤੇ ਪਵਿੱਤਰ ਹੁੰਦੀ ਹੈ। ਜੇਹੋ ਜੇਹੀ ਉਸ ਨੂੰ ਧਰਤੀ ਮਿਲ ਜਾਂਦੀ ਏ ਉਹੋ ਜੇਹਾ ਹੀ ਉਸਦਾ ਸੁਭਾਅ ਬਣ ਜਾਂਦਾ ਹੈ। ਬੂੰਦ ਆਪਣੀ ਹੋਂਦ ਵੀ ਗਵਾ ਸਕਦੀ ਏ, ਤੇ ਹਰੀਆਂ ਭਰੀਆਂ ਫਸਲਾਂ ਦੇ ਰੂਪ ਵਿਚ ਮੁੜ ਦੇਖੀ ਵੀ ਜਾ ਸਕਦੀ ਹੈ। ਕਬੀਰ ਜੀ ਨੇ ਬੱਦਲਾਂ ਦੀਆਂ ਬੂੰਦਾ ਦਾ ਪ੍ਰਤੀਕ ਲੈ ਕੇ ਉਪਜਾਊ ਤੇ ਮਾੜੀ ਧਰਤੀ ਦੀ ਸੰਗਤ ਦਾ ਪਰਭਾਵ ਸਾਡੇ ਸਾਹਮਣੇ ਰੱਖਿਆ ਹੈ।

**ਕਬੀਰ ਨਿਰਮਲ ਬੂੰਦ ਅਕਾਸ ਕੀ ਪਰਿ ਗਈ ਭੂਮਿ ਬਿਕਾਰ॥**

**ਬਿਨੁ ਸੰਗਤਿ ਇਉ ਮਾਂਨਈ ਹੋਇ ਗਈ ਭਠ ਛਾਰ ॥ (1374)**

ਗੱਰਜਦੇ ਬੱਦਲਾਂ ਵਿਚੋਂ ਆ ਰਹੀ ਮੋਹਲ਼ੇਧਾਰ ਬਰਸਾਤ ਬਿਲਕੁਲ ਸਾਫ ਅਤੇ ਪਵਿੱਤਰ ਹੁੰਦੀ ਹੈ। ਇਹ ਵਰਖਾ ਕਿਸੇ ਕਰਲਾਠੀ ਜ਼ਮੀਨ ਤੇ ਪੈ ਗਈ, ਜਿੱਥੇ ਕੁਝ ਵੀ ਨਹੀਂ ਪੈਦਾ ਹੁੰਦਾ। ਮਾੜੀ ਜ਼ਮੀਨ ਦੀ ਸੰਗਤ ਮਿਲਣ ਕਰਕੇ ਬਲ਼ਦੇ ਭੱਠ ਦੀ ਸਵਾਹ ਹੋ ਗਈ। ਅਜੇ ਚੁਲਿਆਂ ਦੀ ਸਵਾਹ ਤਾਂ ਸਬਜ਼ੀ ਤੇ ਪਉਣ ਨੂੰ ਕੰਮ ਆ ਸਕਦੀ ਹੈ ਪਰ ਭੱਠਿਆਂ ਦੀ ਸਵਾਹ ਤਾਂ ਕਿਸੇ ਕੰਮ ਨਹੀਂ ਆਉਂਦੀ। ਉਧੜ-ਗੁਧੜ ਬਾਲ਼ੇ ਹੋਏ ਬਾਲਣ ਦੀ ਸਵਾਹ ਬਹੁਤੀ ਕੰਮ ਦੀ ਨਹੀਂ ਹੁੰਦੀ। ਨਿਰਮਲ ਬੂੰਦ ਤੇ ਬਿਕਾਰ ਧਰਤੀ ਦੋ ਬਿੰਬ ਲਏ ਹਨ। ਅਕਾਸ ਕੀ, ਅਕਾਲ ਪੁਰਖ ਨੂੰ ਸੰਬੋਧਨ ਕੀਤਾ ਗਿਆ ਹੈ। ਭਠ ਛਾਰ ਵਿਕਾਰਾਂ ਵਿਚ ਸੜ ਮੋਏ ਜੀਵਨ ਨੂੰ ਆਖਿਆ ਗਿਆ ਹੈ। ਜਿਸ ਤਰ੍ਹਾਂ ਅਕਾਸ਼ ਦੇ ਬੱਦਲਾਂ ਵਿਚੋਂ ਕਣੀਆਂ ਨਿਰਮਲ ਅਉਂਦੀਆਂ ਹਨ, ਏਸੇ ਤਰ੍ਹਾਂ ਹੀ ਬੱਚੇ ਦੀ ਆਤਮਾਂ ਜੋ ਅਕਾਲ ਪੁਰਖ ਦੀ ਅੰਸ਼ ਏ, ਸੰਸਾਰ ਵਿਚ ਬੇਦਾਗ ਤੇ ਪਵਿੱਤਰ ਆਉਂਦੀ ਹੈ। ਜਿਉਂ ਈਂ ਬੱਦਲ ਦੀ ਬੂੰਦ ਖਲਾਅ ਵਿਚ ਆਉਂਦੀ ਏ ਤਾਂ ਖਲਾਅ ਦਾ ਰੰਗ ਬੂੰਦ ਤੇ ਚੜ੍ਹਨਾ ਸ਼ੁਰੂ ਹੋ ਜਾਂਦਾ ਹੈ। ਇੰਜ ਹੀ ਅਕਾਲ ਪੁਰਖ ਦੀ ਇਹ ਅੰਸ਼ ਜਗਤ ਵਿਚ ਪਵਿੱਤਰ ਆਉਂਦੀ ਏ ਤਾਂ ਸਭ ਤੋਂ ਪਹਿਲਾਂ ਮਾਪਿਆਂ ਦੀ ਸੰਗਤ ਦਾ ਰੰਗ ਚੜਨਾ ਸ਼ੁਰੂ ਹੋ ਜਾਂਦਾ ਹੈ। ਜਿਵੇਂ ਜਿਵੇਂ ਬੱਚਾ ਵੱਡਾ ਹੁੰਦਾ ਜਾਂਦਾ ਹੈ ਤੇ ਜੇਹੋ ਜੇਹੀ ਉਸ ਨੂੰ ਸੰਗਤ ਮਿਲਦੀ ਜਾਂਦੀ ਹੈ, ਉਹੋ ਜੇਹਾ ਹੀ ਬੱਚੇ ਦਾ ਸੁਭਾਅ ਹੁੰਦਾ ਜਾਂਦਾ ਹੈ। ਬੂੰਦ ਦਾ ਅਸਲ ਮਕਸਦ ਤਾਂ ਕੁਦਰਤ ਦੀ ਸੇਵਾ ਵਿਚ ਆਪਣੇ ਆਪ ਨੂੰ ਸਮਰਪਿਤ ਕਰਨਾ ਸੀ। ਬੂੰਦ ਦਾ ਇਸ ਵਿਚ ਕੀ ਕਸੂਰ ਹੈ? ਜਦ ਉਸ ਨੂੰ ਧਰਤੀ ਹੀ ਠੀਕ ਨਹੀਂ ਮਿਲੀ ਤਾਂ ਉਹ ਵਿਆਰਥ ਵਿਚ ਗੁਆਚ ਗਈ। ਮਨੁੱਖੀ ਆਤਮਾ ਨੂੰ ਜਦ ਘਰ ਦਾ ਵਿਗੜਿਆ ਹੋਇਆ ਮਹੌਲ ਮਿਲੇਗਾ ਤੇ ਅੱਗੋਂ ਵਿਗੜੇ ਹੋਏ ਬੱਚਿਆਂ ਦੀ ਸੰਗਤ ਮਿਲ ਗਈ ਤਾਂ ਅਜੇਹੀ ਆਤਮਾ ਸ੍ਰਿਸ਼ਟੀ ਦੀ ਸੇਵਾ ਕਰਨ ਦੇ ਥਾਂ ਆਪ ਹੀ ਵਿਕਾਰਾਂ ਵਿਚ ਸੜ ਮਰਦੀ ਹੈ। ਭੂਮ ਬਿਕਾਰ ਹੋਏ ਵਿਗੜੇ ਹੋਏ ਮਾਪੇ ਤੇ ਵਿਗੜੀ ਹੋਈ ਬੱਚਿਆਂ ਦੀ ਸੰਗਤ ਹੈ। ਭਠ ਛਾਰ ਮਨੁੱਖੀ ਕਦਰਾਂ ਕੀਮਤਾਂ ਦੀ ਪਹਿਛਾਣ ਨਾ ਕਰਨਾ ਤੇ ਵਿਕਾਰਾਂ ਵਿਚ ਆਪਣੇ ਆਪ ਨੂੰ ਸਾੜ ਲੈਣਾ ਆਖਿਆ ਗਿਆ ਹੈ। ਬੱਚੇ ਨੂੰ ਮਾੜੀ ਸੰਗਤ ਤੋਂ ਬਚਉਣਾ ਅਹਿਮ ਮੁਦਾ ਹੈ। ਭੱਠੀ ਦੀ ਸੁਆਹ ਉਡਦੀ ਕੱਪੜੇ ਗੰਦੇ ਕਰਦੀ ਤੇ ਅੱਖਾਂ ਵਿਚ ਰੜ੍ਹਕਾਂ ਪਉਂਦੀ ਰਹਿੰਦੀ ਹੈ। ਵਿਕਾਰਾਂ ਵਿਚ ਤੁਰੀ ਫਿਰਦੀ ਜ਼ਿੰਦਗੀ ਜਿੱਥੇ ਆਪ ਦੁਖ ਸਹਾਰਦੀ ਨਜ਼ਰ ਅਉਂਦੀ ਏ, ਉਥੇ ਦੂਸਰਿਆਂ ਨੂੰ ਵੀ ਹਰ ਵੇਲੇ ਦੁਖ ਦੇਣ ਦੇ ਯਤਨ ਵਿਚ ਲੱਗੀ ਰਹਿੰਦੀ ਹੈ।

ਕਬੀਰ ਜੀ ਨੇ ਅਗਲੇ ਸਲੋਕ ਵਿਚ ਉਸੇ ਹੀ ਪਾਂ ਵੱਤਰ ਬੂੰਦ ਨੂੰ ਚੰਗੀ ਸੰਗਤ ਦੇ ਮਿਲ ਜਾਣ ਦੀ ਗੱਲ ਕੀਤੀ ਹੈ। ਇਹ ਤੇ ਹਰ ਆਦਮੀ ਆਪਣੇ ਆਪ ਨੂੰ ਦੂਸਰੇ ਨਾਲੋਂ ਸਿਆਣਾ ਗਿਣਨ ਦੇ ਯਤਨ ਵਿਚ ਲੱਗਿਆ ਹੋਇਆ ਹੈ। ਪਰ ਮਨੁੱਖ ਦੀ ਜੋ ਅੰਦਰੂਨੀ ਬਿਰਤੀ ਏ, ਉਸ ਨੂੰ ਉਹ ਆਪ ਹੀ ਜਾਣਦਾ ਹੈ। ਇਸ ਅੰਦਰੂਨੀ ਬਿਰਤੀ ਦਾ ਹੀ ਪਵਿੱਤਰ ਆਤਮਾ ਤੇ ਅਸਰ ਪੈਂਦਾ ਹੈ। ਇਹਨਾਂ ਸਲੋਕਾਂ ਵਿਚ ਜਿੱਥੇ ਚੰਗੇ ਤੇ ਮੰਦੇ ਖਿਆਲਾਂ ਦੀ ਸੰਗਤ ਤੋਂ ਬਚ ਕੇ ਰਹਿਣ ਦੇ ਸੰਕਲਪ ਨੂੰ ਦ੍ਰਿੜ੍ਹ ਕਰਾਇਆ ਗਿਆ ਏ, ਉਥੇ ਹਰ ਮਾਂ-ਬਾਪ ਨੂੰ ਆਪਣੇ ਫਰਜ਼ ਤੋਂ ਜਾਣੂੰ ਵੀ ਕਰਾਇਆ ਗਿਆ ਹੈ। ਉੱਚ ਕੋਟੀ ਦੇ ਖਿਆਲਾਂ ਵਾਲੀ ਸੰਗਤ ਦਾ ਵਿਸਥਾਰ ਵੀ ਆਇਆ ਹੈ। ਪੂਰਾ ਸਲੋਕ ਹੇਠਾਂ ਲਿਖਿਆ ਹੋਇਆ ਹੈ।

**ਕਬੀਰ ਨਿਰਮਲ ਬੂੰਦ ਅਕਾਸ ਕੀ ਲੀਨੀ ਭੂਮਿ ਮਿਲਾਇ॥**

**ਅਨਿਕ ਸਿਆਨੇ ਪਚਿ ਗਏ ਨਾ ਨਿਰਵਾਰੀ ਜਾਇ॥ (1375)**

ਜਦੋਂ ਜ਼ਰਖੇਜ਼ ਜ਼ਮੀਨ ਤੇ ਮੀਂਹ ਦੀਆਂ ਕਣੀਆਂ ਡਿੱਗਦੀਆਂ ਹਨ, ਤਾਂ ਸਿਆਣਾ ਕਿਰਸਾਨ ਵੱਤਰ ਸੰਭਾਲਣ ਦੀ ਕਰਦਾ ਹੈ। ਮੀਂਹ ਦੀਆਂ ਕਣੀਆਂ ਨੂੰ ਜ਼ਮੀਨ ਵਿਚ ਮਿਲਾ ਲੈਂਦਾ ਹੈ। ਸੰਬਧਿਤ ਰੁੱਤ ਦੀ ਫਸਲ ਬੀਜ ਦੇਂਦਾ ਹੈ। ਉਹ ਹੀ ਬੂੰਦਾਂ ਹਰੀਆਂ ਭਰੀਆਂ ਫਸਲਾਂ ਦੇ ਰੂਪ ਵਿਚ ਦੇਖਣ ਨੂੰ ਮਿਲਦੀਆਂ ਹਨ। ਪਵਿੱਤਰ ਬੂੰਦ ਨੂੰ ਨਿਖੇੜਨ ਦਾ ਯਤਨ ਕੀਤਾ ਜਾਏ ਕਦੇ ਵੀ ਉਹ ਬੂੰਦ ਧਰਤੀ ਨਾਲੋਂ ਵੱਖਰੀ ਨਹੀਂ ਕੀਤੀ ਜਾ ਸਕਦੀ। **ਲੀਨੀ ਭੂਮ ਮਿਲਾਏ** ਦਾ ਅਧਾਰ ਬੱਚੇ ਦੀ ਸੰਭਾਲ ਅਥਵਾ ਮਾਪਿਆਂ ਦੀ ਜ਼ਿਮੇਵਾਰੀ ਤੇ ਸਕੂਲ ਵਿਚ ਵਿਚਰਦਿਆਂ ਚੰਗੀ ਸੰਗਤ ਦਾ ਮਿੱਥਿਆ ਗਿਆ ਹੈ। ਕਿਰਸਾਨ ਕੁਦਰਤੀ ਪਏ ਹੋਏ ਮੀਂਹ ਦੀ ਸੰਭਾਲ ਕਰਦਾ ਹੈ, ਮਨੁੱਖ ਨੇ ਬੱਚੇ ਦੀ ਜ਼ਿੰਦਗੀ ਵਲ ਤਵੱਜੋਂ ਦੇਣੀ ਹੈ ਤੇ ਇਸ ਦੀ ਸੰਭਾਲ ਕਰਨੀ ਹੈ। ਉਪਜਾਊ ਜ਼ਮੀਨ ਵਿਚੋਂ ਕਦੇ ਵੀ ਸੰਭਾਲੀਆਂ ਕਣੀਆਂ ਵੱਖਰੀਆਂ ਨਹੀਂ ਕੀਤੀਆਂ ਜਾ ਸਕਦੀਆਂ। ਇੰਜ ਹੀ ਧਿਆਨ ਰੱਖੇ ਹੋਏ **ਬਾਕੀ ਸਫਾ 12 'ਤੇ**

# ਗੁਰੂ ਨਾਨਕ ਸਾਹਿਬ ਜੀ ਦੀ ਸਿੱਖਿਆ ਅਤੇ ਅਜੋਕਾ ਸਿੱਖ ਸਮਾਜ



ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ

ਸਕੂਲਾਂ ਕਾਲਜਾਂ ਵਿਚ ਪੜ੍ਹਾਇਆ ਜਾਂਦਾ ਰਿਹਾ ਹੈ ਅਤੇ ਅੱਜ ਵੀ ਪੜ੍ਹਾਇਆ ਜਾ ਰਿਹਾ ਹੈ ਕਿ ਗੁਰੂ ਨਾਨਕ ਸਾਹਿਬ ਜੀ ਨੇ 15 ਅਪ੍ਰੈਲ 1469 ਈ: ਨੂੰ ਅਵਤਾਰ ਧਾਰਿਆ ਪਰ RSS ਦੇ ਪ੍ਰਭਾਵ ਥੱਲੇ ਪੁਰਾਣੇ ਸਮੇਂ ਤੋਂ ਕੱਤਕ ਦੀ ਪੂਰਨਮਾਸ਼ੀ ਨੂੰ ਪ੍ਰਕਾਸ਼ ਦਿਹਾੜਾ ਮਨਾਇਆ ਜਾ ਰਿਹਾ ਹੈ ਇਸ ਸਾਲ ਮੱਘਰ ਵਿੱਚ ਪੂਰਨਮਾਸ਼ੀ ਵਾਲੇ ਦਿਨ ਪਹਿਲੇ ਪਾਤਸ਼ਾਹ ਦਾ ਪ੍ਰਕਾਸ਼ ਦਿਹਾੜਾ ਮਨਾਇਆ ਗਿਆ ਹੈ। ਬਹੁਤ ਪੁਸਤਕਾਂ ਲਿਖੀਆਂ ਗਈਆਂ, ਵਿਚਾਰ ਗੋਸ਼ਟੀਆਂ ਹੋਈਆਂ, ਨਾਨਕਸ਼ਾਹੀ ਕਲੰਡਰ ਤਿਆਰ ਹੋਇਆ ਅਤੇ 2003 ਵਿਚ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਵੀ ਕਰ ਦਿੱਤਾ ਗਿਆ ਪਰ ਕੱਤਕ ਦੀ ਪੂਰਨਮਾਸ਼ੀ ਵਾਲਾ ਪੁੱਠਾ ਗੇੜ ਕਦੇ ਵੀ ਸਿੱਧਾ ਨਾ ਹੋਇਆ। ਇਸ ਲੰਮੇਰੀ ਵੀਚਾਰ ਨੂੰ ਪਾਸੇ ਰੱਖਦੇ ਹੋਏ ਗੁਰੂ ਨਾਨਕ ਸਾਹਿਬ ਜੀ ਦੀ ਬਾਣੀ ਰਾਹੀਂ ਲੁਕਾਈ ਭਾਵ ਦੁਨੀਆਂ ਨੂੰ ਕੀ ਉਪਦੇਸ਼ ਮਿਲਦਾ ਹੈ ਇਸ ਹੱਥਲੇ ਲੇਖ ਵਿੱਚ ਬਿਆਨ ਕਰਨ ਦਾ ਯਤਨ ਕੀਤਾ ਗਿਆ ਹੈ।

-ਕੈਪਟਨ
ਅਵਤਾਰ ਸਿੰਘ
97819-90206



ਗੁਰੂ ਨਾਨਕ ਸਾਹਿਬ ਜੀ ਨੇ ਬਹੁਤ ਸਾਰੀ ਬਾਣੀ ਉਚਾਰਨ ਕੀਤੀ ਅਤੇ ਪੰਜਵੇਂ ਗੁਰੂ ਸਾਹਿਬ ਜੀ ਨੇ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਕੀਤੀ ਹੈ। 1430 ਪੰਨੇ (ਅੰਗ) ਦੇ ਵੱਡ ਅਕਾਰੀ ਗ੍ਰੰਥ ਸਾਹਿਬ ਦੀ ਭੂਮਿਕਾ ਦੇ ਤੌਰ ਤੇ ਜਪੁ ਜੀ ਸਾਹਿਬ ਦੀ ਬਾਣੀ ਦਰਜ ਕੀਤੀ ਗਈ ਹੈ। ਗੁਰੂ ਸਾਹਿਬ ਜੀ ਨੇ ਉਸ ਸਮੇਂ ਚੱਲ ਰਹੇ ਪਖੰਡਾਂ, ਵਹਿਮਾਂ-ਭਰਮਾਂ ਅਤੇ ਰੀਤੀ ਰਿਵਾਜਾਂ ਤੇ ਭਾਰੀ ਚੋਟ ਬਾਣੀ ਰਾਹੀਂ ਮਾਰੀ ਹੈ। ਆਪ ਜੀ ਨੇ ਜਿੱਥੇ ਤਰਕ ਕੀਤਾ ਉਥੇ ਉੱਤਰ (ਹੱਲ) ਵੀ ਦਿੱਤਾ ਹੈ।

ਆਮ ਸੰਗਤਾਂ ਅੱਜ ਕੱਲ ਕਹਿੰਦੀਆਂ ਸੁਣੀਆਂ ਜਾ ਸਕਦੀਆਂ ਹਨ ਕਿ ਕਿਸੇ ਦੀ ਸ਼ਰਧਾ ਨਹੀਂ ਤੋੜਨੀ ਚਾਹੀਦੀ ਪਰ ਗਹੁ ਨਾਲ ਵੇਖਿਆ ਜਾਵੇ ਤਾਂ ਗੁਰੂ ਸਾਹਿਬਾਂ ਨੇ ਅੰਧ ਵਿਸ਼ਵਾਸ਼ਾਂ ਦੀ ਸ਼ਰਧਾ ਤੇ ਚੋਟ ਮਾਰਦਿਆਂ ਹੋਇਆ ਹੀ ਸਹੀ ਨਿਰਦੇਸ਼ ਦਿੱਤੇ ਹਨ ਕਿ ਕਿਵੇਂ ਅਸੀਂ ਆਪਣੇ ਜੀਵਨ ਨੂੰ ਸਫਲ ਬਣਾ ਸਕਦੇ ਹਾਂ।

ਜਪੁ ਜੀ ਦੀ ਪਹਿਲੀ ਪਉੜੀ ਵਿੱਚ:

**ਸੋਚੈ ਸੋਚਿ ਨਾ ਹੋਵਈ ਜੇ ਸੋਚੀ ਲਖ ਵਾਰ॥**
**ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ॥**
**ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ ॥**
**ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ॥** (1)

ਇਹਨਾਂ ਪਵਿੱਤਰ ਪੰਗਤੀਆਂ ਰਾਹੀ ਉਸ ਸਮੇਂ ਚੱਲ ਰਹੇ ਅਖੌਤੀ ਧਰਮੀ ਲੋਕਾਂ ਦੇ ਪਾਖੰਡਾਂ ਨੂੰ ਉਜਾਗਰ ਕੀਤਾ ਅਤੇ ਫਿਰ ਸਵਾਲ ਕੀਤਾ ਕਿ

**ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥** (1)

ਇਹ ਤਰਕ ਸੀ ਕਿ ਜੇ ਇਹ ਸਭ ਕੁਝ ਕੀਤਿਆਂ ਕੁਝ ਜੀਵਨ ਵਿਚ ਸੁਧਾਰ ਨਹੀਂ ਹੋਣਾ ਤਾਂ ਕਿਵੇ ਝੂਠ ਦੀ ਕੰਧ ਟੁਟੇ ਪਰ ਇਕੱਲਾ ਤਰਕ ਹੀ ਨਹੀਂ ਕੀਤਾ, ਨਾਲ ਪਰਮਾਤਮਾ ਨਾਲੋਂ ਦੂਰੀ ਹਟਾਉਣ ਦਾ ਉਪਦੇਸ਼ ਦੇ ਕੇ ਸਮਝਾਇਆ ਕਿ:

**ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥** (1)

ਇਸੇ ਤਰ੍ਹਾਂ ਜਿੱਥੇ ਵੀ ਧਰਮ ਦੇ ਨਾਂ ਤੇ ਪਖੰਡ ਹੋ ਰਹੇ ਸਨ ਉਨ੍ਹਾਂ ਤੋਂ ਲੋਕਾਂ ਨੂੰ ਰੋਕਿਆ ਵੀ ਅਤੇ ਤਰਕ ਦੇ ਕੇ ਸਮਝਾਇਆ ਵੀ। ਸਮਾਜਿਕ ਤੌਰ ਤੇ ਚੱਲ ਰਹੀ ਧਾਰਮਿਕ ਰੀਤੀ ਜਨੇਊ ਦੀ ਰਸਮ ਨੂੰ ਨਕਾਰਦੇ ਹੋਏ ਅਸਲ ਜਨੇਊ ਪਾਉਣ ਦੀ ਤਾਕੀਦ ਕੀਤੀ।

**ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥**
**ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥**
**ਨਾ ਏਹੁ ਤੁਟੈ ਨਾ ਮਲੁ ਲਗੈ ਨਾ ਏਹੁ ਜਲੈ ਨ ਜਾਇ ॥**
**ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ ॥**
**ਚਉਕੜਿ ਮੁਲਿ ਅਣਾਇਆ ਬਹਿ ਚਉਕੈ ਪਾਇਆ ॥**
**ਸਿਖਾ ਕੰਨਿ ਚੜਾਈਆ ਗੁਰੁ ਬ੍ਰਾਹਮਣੁ ਥਿਆ ॥**
**ਓਹੁ ਮੁਆ ਓਹੁ ਝੜਿ ਪਇਆ ਵੇਤਗਾ ਗਇਆ ॥** (471)

ਇਸ ਸਮੇਂ ਜਿੱਥੇ ਹਰਦਿਆਲ ਨਾਮੀ ਪੰਡਿਤ ਨੂੰ ਨਿਰੁੱਤਰ ਕੀਤਾ। ਉਥੇ ਸਾਰੇ ਹਾਜ਼ਰ ਲੋਕਾਂ ਨੂੰ ਦੱਸਿਆ ਕਿ ਧਰਮ ਲੋਕਾਂ ਨੂੰ ਜੋੜਦਾ ਹੈ ਪਰ ਧਰਮ ਦੇ ਨਾਂ ਤੇ ਜਨੇਊ ਦੀ ਰਸਮ ਲੋਕਾਂ ਨੂੰ ਆਪਸ ਵਿਚੋਂ ਤੋੜਦੀ ਹੈ। ਹੋਰ ਤੇ ਹੋਰ ਭੈਣ-ਭਰਾ ਨੂੰ ਇੱਕ ਦੂਜੇ ਤੋਂ ਵੱਖ ਕਰਨ ਦਾ ਸੁਨੇਹਾ ਦਿੰਦੀ ਹੈ, ਅਰਥਾਤ ਮਨੂੰ ਵੰਡ ਵਰਨ ਦੇ ਮੁਤਾਬਿਕ ਅਲੱਗ-ਅਲੱਗ ਵਰਨਾਂ ਨੂੰ ਅਲੱਗ-ਅਲੱਗ ਤਰ੍ਹਾਂ ਦੇ ਧਾਗੇ ਦਾ ਜਨੇਊ ਪਾਉਣ ਸ਼ੂਦਰ ਅਤੇ ਔਰਤਾਂ ਨੂੰ ਇਸ ਤੋਂ ਵਾਂਝੇ ਰੱਖ ਕੇ ਸਮਾਜ ਵਿੱਚ ਵੰਡੀ ਪਾਉਣ ਦਾ ਵੱਡਾ ਉਪਰਾਲਾ ਹੈ।

**ਲੋਕੀ ਕੀ ਕਹਿਣਗੇ ਇਸ ਦੀ ਫਿਕਰ ਛਡੀਏ ਅਤੇ ਗੁਰੂ ਜੀ ਕੀ ਕਹਿਣਗੇ, ਇਸ ਦਾ ਫਿਕਰ ਕਰਦੇ ਹੋਏ ਆਪਣੇ ਜੀਵਨ ਨੂੰ ਸੁਚੱਜਾ ਬਣਾਈਏ। ਅੱਜ ਕੇਵਲ ਗੁਰਪੁਰਬ ਮਨਾਉਣ ਦਾ ਮਨੋਰਥ ਲੰਗਰ ਲਾਉਣੇ, ਨਗਰ ਕੀਰਤਨ ਕੱਢਣੇ ਆਦਿ ਹੀ ਰਹਿ ਗਿਆ ਹੈ। ਅਸਲ ਗਿਆਨ ਤੋਂ ਵਾਂਝੇ ਹੋ ਕੇ ਰੀਤੀ ਰਿਵਾਜਾਂ ਅਤੇ ਤਰੀਕਾਂ ਦੇ ਚੱਕਰ ਵਿਚ ਹੀ ਉਲਝ ਗਏ ਹਾਂ। ਆਉ ਗੁਰੂ ਆਸ਼ੇ ਮੁਤਾਬਕ ਜੀਵਨ ਨੂੰ ਸੁਚੱਜਾ ਬਣਾਈਏ ਅਤੇ ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥ ਦੇ ਮਹਾਂਵਾਕ ਤੇ ਪਹਿਰਾ ਦੇਈਏ।**

ਗੁਰੂ ਸਾਹਿਬ ਜੀ ਨੇ ਬਚਪਨ ਤੋਂ ਹੀ ਪ੍ਰਮਾਤਮਾ ਦੀ ਯਾਦ ਵਿੱਚ ਰਹਿੰਦਿਆ ਹੋਇਆ ਦੁਕਾਨਦਾਰੀ ਕਰਦੇ ਸਮੇਂ ਲੋੜਵੰਦਾਂ ਦੀ ਮਦਦ ਵੀ ਕੀਤੀ ਅਤੇ ਵਿਹਲੜ ਸਾਧਾਂ ਨੂੰ ਘਰ ਪਰਿਵਾਰ ਵਿੱਚ ਰਹਿੰਦਿਆਂ ਜੀਵਨ ਬਸਰ ਕਰਨ ਦਾ ਉਪਦੇਸ਼ ਵੀ ਦਿੱਤਾ। ਭਾਂਵੇ ਇਸ ਘਟਨਾ ਨੂੰ ਖਰਾ ਸੌਦਾ, ਸੱਚਾ ਸੌਦਾ ਅਤੇ 20 ਰੁਪਏ ਦਾ ਲੰਗਰ ਦੇ ਨਾਂ ਦਿੱਤੇ ਗਏ ਪਿਤਾ ਕਾਲੂ ਜੀ ਵੱਲੋਂ ਗੁਰੂ ਸਾਹਿਬ ਨੂੰ ਝਿੜਕਨਾ ਆਦਿ ਬਹੁਤ ਸਾਖੀਆਂ ਘੜੀਆਂ ਅਤੇ ਸੁਣਾਈਆਂ ਗਈਆਂ ਪਰ ਗੁਰੂ ਸਾਹਿਬ ਜੀ ਦੇ ਉਪਦੇਸ਼ ਹਨ:

ਇਹ ਪੰਗਤੀਆਂ ਵਿਹਲੜਾਂ ਤੇ ਧਨ ਖਰਚ ਕਰਨ ਬਾਰੇ ਨਹੀਂ ਕਹਿੰਦੀਆਂ ਹਨ। ਗੁਰੂ ਸਾਹਿਬ ਜੀ ਨੇ ਲੋੜਵੰਦਾਂ ਦੀ ਮਦਦ ਵੀ ਕੀਤੀ ਅਤੇ ਕੰਮ ਕਾਰ ਕਰਨ ਵਾਸਤੇ ਪ੍ਰੇਰਿਆ ਵੀ।

**ਘਾਲਿ ਖਾਇ ਕਿਛੁ ਹਥਹੁ ਦੇਇ ॥**
**ਨਾਨਕ ਰਾਹੁ ਪਛਾਣਹਿ ਸੇਇ ॥ (1245)**

ਗੁਰੂ ਸਾਹਿਬ ਜੀ ਨੇ ਉਸ ਸਮੇਂ ਦੀ ਹਕੂਮਤ ਦੇ ਸਿਸਟਮ ਵਲੋਂ ਹੋ ਰਹੇ ਅਤਿਆਚਾਰਾਂ ਦੇ ਵਿਰੁੱਧ ਵੀ ਅਵਾਜ਼ ਉਠਾਈ ਅਤੇ ਮੋਦੀਖਾਨੇ ਵਿਚ ਨੌਕਰੀ ਕਰਦੇ ਸਮੇਂ ਭ੍ਰਿਸ਼ਟ ਲੋਕਾਂ ਤੇ ਨਕੇਲ ਕਸਦਿਆਂ ਆਮ ਲੋਕਾਂ ਨੂੰ ਰਾਹਤ ਦਿਤੀ। ਉਸ ਸਮੇਂ 'ਨਾ ਕੋਈ ਹਿੰਦੂ ਨਾ ਮੁਸਲਮਾਨ' ਦਾ ਨਾਹਰਾ ਮਾਰਦੇ ਹੋਏ ਮੌਕੇ ਦੇ ਹਾਕਮਾਂ ਨੂੰ ਖਰੀਆਂ ਖਰੀਆਂ ਸੁਣਾ ਦਿਤੀਆਂ ਜੋ ਕਿ ਬਹੁਤ ਵੱਡਾ ਇਨਕਲਾਬੀ ਕਦਮ ਸੀ। ਗੁਰੂ ਸਾਹਿਬ ਜੀ ਨੇ ਸੱਚ ਤੇ ਪਹਿਰਾ ਦਿੰਦਿਆਂ ਹੋਇਆਂ ਧਰਮ ਦੇ ਨਾਂ ਤੇ ਹੋ ਰਹੇ ਪਾਖੰਡਾਂ ਦਾ ਪਾਜ ਉਘੇੜਿਆ ਭਾਵੇਂ ਅੱਜ ਕਲ ਲੋਕ ਤਸਵੀਰਾਂ ਬਣਾ ਕੇ ਰੋਟੀਆਂ ਵਿੱਚੋਂ ਦੁੱਧ ਅਤੇ ਲਹੂ ਨਚੋੜ ਕੇ ਵਿਖਾਈ ਜਾ ਰਹੇ ਹਨ ਪਰ ਜੋ ਗੁਰੂ ਸਾਹਿਬ ਜੀ ਨੇ ਅਹਿਮਦਾਬਾਦ (ਸੈਦਪੁਰ) ਵਿਖੇ ਮਲਕ ਭਾਗੋ ਤੇ ਕਿਰਤੀ ਭਾਈ ਲਾਲੋ ਦੀ ਕਮਾਈ ਦਾ ਨਿਸਤਾਰਾ ਕੀਤਾ। ਉਹ ਵਾਕਿਆ ਹੀ ਲੋਕਾਂ ਤੇ ਅਤਿਆਚਾਰ ਕਰਕੇ ਕਮਾਏ ਹੋਏ ਧਨ ਨੂੰ ਧਰਮ ਦੇ ਨਾਂ 'ਤੇ ਖਰਚਣ ਵਾਲਿਆਂ ਵਾਸਤੇ ਇੱਕ ਸਬਕ ਸੀ ਕਿ ਮਿਹਨਤ ਨਾਲ ਕੀਤੀ ਕਮਾਈ ਵਿਚੋਂ ਦਾਨ ਪੁੰਨ ਭਾਵ ਲੋੜਵੰਦਾਂ ਦੀ ਮਦਦ ਕਰਨੀ ਹੀ ਜਾਇਜ਼ ਹੈ।

ਉਸ ਵੇਲੇ ਦੇ ਅਫਸਰ ਸ਼ਾਹੀ ਨੂੰ ਵੀ ਆਪਣੀ ਡਿਊਟੀ ਸਹੀ ਨਾ ਕਰਨ ਅਤੇ ਲੋਕਾਂ ਤੇ ਜ਼ੁਲਮ ਕਰਨ ਵਾਲਿਆਂ ਨੂੰ ਕਟਹਿਰੇ ਵਿਚ ਖੜਾ ਕੀਤਾ ਅਤੇ ਬੜੇ ਨਿਧੜਕ ਹੋ ਕੇ ਸ਼ਬਦ ਉਚਾਰੇ:-

**ਰਾਜੇ ਸੀਹ ਮੁਕਦਮ ਕੁਤੇ॥**
**ਜਾਇ ਜਗਾਇਨਿ ਬੈਠੇ ਸੁਤੇ॥ (1288)**

ਅਤੇ ਦੇਸ਼ ਵਾਸੀਆਂ ਦੀ ਰਾਖੀ ਕਰਨ ਤੋਂ ਮੂੰਹ ਮੋੜ ਚੁੱਕੇ ਐਸ਼ੋਇਸ਼ਰਤ ਵਿਚ ਪਏ ਹੋਏ ਅਤੇ ਜਾਦੂ ਮੰਤਰਾਂ ਤੇ ਭਰੋਸਾ ਰੱਖਣ ਵਾਲੇ ਹਾਕਮਾਂ ਦੀ ਹਾਲਤ ਨੂੰ ਬਾਬਰ ਦੇ ਹਮਲੇ ਵੇਲੇ ਵੀ ਤਰਕ ਦੇ ਕਿਹਾ:

**ਕੋਟੀ ਹੂ ਪੀਰ ਵਰਜਿ ਰਹਾਏ ਜਾ ਮੀਰੁ ਸੁਣਿਆ ਧਾਇਆ ॥**
**ਥਾਨ ਮੁਕਾਮ ਜਲੇ ਬਿਜ ਮੰਦਰ ਮੁਛਿ ਮੁਛਿ ਕੁਇਰ ਰੁਲਾਇਆ ॥**
**ਕੋਈ ਮੁਗਲੁ ਨ ਹੋਆ ਅੰਧਾ ਕਿਨੈ ਨ ਪਰਚਾ ਲਾਇਆ ॥ (418)**

ਤੁਸੀ ਕੇਵਲ ਮੂਰਤੀਆਂ ਦੀ ਪੂਜਾ ਅਤੇ ਮੰਤਰਾਂ ਤੇ ਹੀ ਭਰੋਸਾ ਕਰੀ ਬੈਠੇ ਹੋ। ਜਦੋਂ ਦੁਸ਼ਮਣ ਚੜ੍ਹ ਕੇ ਆ ਜਾਵੇਗਾ ਤਾਂ ਫਿਰ ਕੀ ਹੋਵੇਗਾ। ਹਥਿਆਰਬੰਦ ਲੋਕਾਂ ਦਾ ਮੁਕਾਬਲਾ ਹਥਿਆਰਾਂ ਅਤੇ ਫੌਜਾਂ ਨਾਲ ਹੀ ਹੋਣਾ ਹੈ।

ਗੁਰੂ ਸਾਹਿਬ ਜੀ ਨੇ ਹਰ ਉਸ ਜਗ੍ਹਾਂ ਜਾ ਕੇ ਲੋਕਾਂ ਨੂੰ ਸਮਝਾਇਆ, ਜਿਥੇ ਭੋਲੇ ਭਾਲੇ ਲੋਕਾਂ ਨੂੰ ਧਰਮ ਦੇ ਨਾਂ ਤੇ ਪਖੰਡ ਕਰਕੇ ਅਗਿਆਨਤਾ ਦੀ ਦਲਦਲ ਵਿਚ ਫਸਾ ਕੇ ਲੁਟਿਆ ਜਾ ਰਿਹਾ ਸੀ। ਆਮ ਲੋਕਾਂ ਨੂੰ ਹਾਕਮਾਂ ਅਤੇ ਚਾਪਲੂਸ ਲੋਕਾਂ ਵਲੋਂ ਤੰਗ ਪਰੇਸ਼ਾਨ ਕੀਤਾ ਜਾ ਰਿਹਾ ਸੀ, ਜਿਸ ਕਰਕੇ ਕੁਝ ਆਪਣੇ ਆਪ ਨੂੰ ਦੱਬੇ ਕੁਚਲੇ ਹੇਠਲੇ ਦਰਜੇ ਦੇ ਅੱਤ ਨੀਚ ਸਮਝਦੇ ਹੋਏ ਨਰਕ ਭਰੀ ਜਿੰਦਗੀ ਜਿਉਂ ਰਹੇ ਸਨ। ਆਪ ਜੀ ਨੇ ਉਨ੍ਹਾਂ ਅੰਦਰ ਐਸੀ ਪਿਆਰ ਦੀ ਚਿਣਗ ਬਾਲੀ ਕਿ ਉਹ ਨਰਕਾਂ ਭਰੀ ਜਿੰਦਗੀ ਤੋਂ ਬਾਹਰ ਆਉਣ ਵਾਸਤੇ ਵਹਿਮਾਂ ਭਰਮਾਂ ਅਤੇ ਪਖੰਡਾਂ ਨੂੰ ਛੱਡਣ ਲੱਗ ਪਏ। ਗੁਰੂ ਸਾਹਿਬ ਨੇ ਕਿਹਾ:-

**ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥**
**ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥ (15)**

ਅਤੇ ਭੀਲ ਕੌਡੇ ਰਾਖਸ਼ ਵਰਗਿਆਂ ਨੂੰ ਪਿਆਰ ਦੇ ਬੋਲਾਂ ਨਾਲ ਠੰਡਾ ਠਾਰ ਕਰ ਦਿੱਤਾ। ਸੱਜਣ ਠੱਗ ਵਰਗਿਆਂ ਨੂੰ

**ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ॥**
**ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ ॥ ......**
**ਬਗਾ ਬਗੇ ਕਪੜੇ ਤੀਰਥ ਮੰਝਿ ਵਸੰਨ੍ਹਿ ॥**
**ਘੁਟਿ ਘੁਟਿ ਜੀਆ ਖਾਵਣੇ ਬਗੇ ਨਾ ਕਹੀਅਨ੍ਹਿ ॥ (729)**

ਦੀ ਮਿਠੀ ਬਾਣੀ ਨਾਲ ਭਾਈ ਸੱਜਣ ਪ੍ਰਚਾਰਕ ਬਣਾ ਦਿੱਤਾ। ਉਨ੍ਹਾਂ ਨੇ ਕੇਵਲ ਕਿਹਾ ਨਹੀਂ ਸਗੋਂ ਆਪਣੇ ਜੀਵਨ ਵਿਚ ਕਹਿਣੀ ਤੇ ਕਰਨੀ ਇਕ ਕਰ ਦਿਤੀ ਜਿਸ ਤੋਂ ਬਹੁਤ ਸਾਰੇ ਪ੍ਰਭਾਵਿਤ ਹੋ ਕੇ ਗੁਰੂ ਦੇ ਸਿੱਖ ਬਣੇ ਅਤੇ ਉਨ੍ਹਾਂ ਸਿੱਖਾਂ ਦੇ ਜੀਵਨ ਨੂੰ ਵੇਖ ਕੇ ਭਾਈ ਭਗੀਰਥ ਦੇ ਜੀਵਨ ਤੋਂ ਮਨਸੁੱਖ ਵਪਾਰੀ ਨੇ ਆਪਣਾ ਜੀਵਨ ਸੁਚੱਜਾ ਬਣਾ ਲਿਆ, ਜਿਸ ਤੋਂ ਸਿੰਗਲਾਦੀਪ ਦੇ ਰਾਜਾ ਸ਼ਿਵਨਾਥ ਗੁਰੂ ਨਾਨਕ ਦਾ ਮੁਰੀਦ ਬਣ ਗਿਆ। ਇਸ ਤਰ੍ਹਾਂ ਬਹੁਤ ਸਾਰੇ ਮਨੁੱਖ ਗੁਰੂ ਸਾਹਿਬ ਜੀ ਦੇ ਸ਼ਰਧਾਲੂ ਬਣ ਗਏ।

ਗੁਰੂ ਸਾਹਿਬ ਜੀ ਨੇ ਕੇਵਲ ਆਮ ਲੋਕਾਂ ਨੂੰ ਹੀ ਨਹੀਂ ਸਗੋਂ ਮੰਨੇ ਜਾਂਦੇ ਧਰਮੀ ਲੋਕ ਜੋਗੀ, ਸਿੱਧਾਂ ਦੇ ਟਿਕਾਣਿਆਂ ਤੇ ਜਾ ਕੇ ਉਨ੍ਹਾਂ ਨਾਲ ਵੀ ਵੀਚਾਰ ਗੋਸ਼ਟੀ ਕੀਤੀ ਅਤੇ ਗੋਰਖ ਮਤੇ ਵਰਗੀ ਜਗ੍ਹਾਂ ਨੂੰ ਨਾਨਕ ਮਤਾ ਬਣਾ ਦਿੱਤਾ। ਉਨ੍ਹਾਂ ਲੋਕਾਂ (ਜੋਗੀਆਂ) ਨੂੰ ਸਮਝਾਇਆ ਕਿ ਤੁਹਾਡਾ ਕੰਮ ਲੋਕਾਂ ਨੂੰ ਧਰਮ ਦੀ ਸਹੀ ਜਾਣਕਾਰੀ ਦੇਣੀ ਸੀ ਪਰ ਤੁਸੀਂ ਤਾਂ ਆਪ ਵਹਿਮਾਂ ਭਰਮਾਂ ਵਿਚ ਗ੍ਰਸਤ ਹੋਏ ਬੈਠੇ ਹੋ। ਔਰਤਾਂ ਪ੍ਰਤੀ ਜੋ ਤੁਹਾਡੀ ਸੋਚ ਹੈ ਉਹ ਨਿੰਦਣਯੋਗ ਹੈ। ਗੁਰੂ ਸਾਹਿਬ ਨੇ ਔਰਤ ਦੇ ਸਨਮਾਨ ਵਿਚ ਸ਼ਬਦ ਉਚਾਰਨ ਕੀਤਾ:-

**ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥**
**ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥**
**ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥**
**ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥**
**ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ ॥**
**ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ ॥ (473)**

ਤੁਸੀਂ ਜਿਸ ਗ੍ਰਹਿਸਤੀ ਜੀਵਨ ਨੂੰ ਨਿੰਦਦੇ ਹੋ, ਤੁਸੀਂ ਖੁਦ ਉਸੇ ਮਾਤਾ ਪਿਤਾ ਤੋਂ ਜਨਮੇ ਹੋ ਅਤੇ ਹੁਣ ਵੀ ਪੇਟ ਦੀ ਅੱਗ ਬੁਝਾਉਣ ਖਾਤਰ ਉਨ੍ਹਾਂ ਦੇ ਘਰਾਂ ਵਿਚ ਭਿਖਿਆ ਮੰਗ ਕੇ ਲਿਆਉਂਦੇ ਹੋ ਅਤੇ ਉਨ੍ਹਾਂ ਨੂੰ ਹੀ ਨਰਕਾਂ ਦੇ ਡਰ ਦੇ ਰਹੇ ਹੋ-

**ਜੇ ਓਇ ਦਿਸਹਿ ਨਰਕਿ ਜਾਂਦੇ ਤਾਂ ਉਨ੍ ਕਾ ਦਾਨੁ ਨ ਲੈਣਾ ॥**
**ਦੇਂਦਾ ਨਰਕਿ ਸੁਰਗਿ ਲੈਦੇ ਦੇਖਹੁ ਏਹੁ ਧਿਙਾਣਾ॥ (1289)**

ਗੁਰੂ ਸਾਹਿਬ ਜੀ ਨੇ ਭੇਸ ਬਣਾਉਣ ਬਾਰੇ ਵੀ ਉਪਦੇਸ਼ ਦਿੱਤਾ ਕਿ ਕੇਵਲ ਭਗਵਾ ਭੇਸ ਬਣਾ ਕੇ ਤੀਰਥਾਂ ਤੇ ਤੁਰੇ ਫਿਰਨ ਨਾਲ ਧਰਮੀ ਨਹੀਂ ਬਣ ਜਾਂਦਾ। ਗੁਰ ਫੁਰਮਾਨ ਹੈ ਕਿ-

**ਇਕਿ ਭਗਵਾ ਵੇਸੁ ਕਰਿ ਭਰਮਦੇ ਵਿਣੁ ਸਤਿਗੁਰ ਕਿਨੈ ਨ ਪਾਇਆ॥ (1290)**

ਗੁਰੂ ਸਾਹਿਬ ਜੀ ਨੇ ਰਾਗੁ ਆਸਾ ਵਿਚ ਵਾਰ ਉਚਾਰਨ ਕੀਤੀ ਹੈ ਅਤੇ ਉਸ ਵਾਰ ਵਿਚ ਸਮਾਜ ਵਿਚ ਹੋ ਰਹੀਆਂ ਕੁਰੀਤੀਆਂ ਤੇ ਕਰਾਰੀ ਚੋਟ ਮਾਰੀ ਹੈ। ਵਿਖਾਵੇ ਕਰਨ ਵਾਲਿਆਂ ਨੂੰ ਤਾੜਨਾ ਕੀਤੀ ਹੈ।

**ਸਲਾਮੁ ਜਬਾਬੁ ਦੋਵੈ ਕਰੇ ਮੁੰਢਹੁ ਘੁਥਾ ਜਾਇ॥**
**ਨਾਨਕ ਦੋਵੈ ਕੂੜੀਆ ਥਾਇ ਨ ਕਾਈ ਪਾਇ॥ (474)**

ਜਿਆਦਾ ਨਿਉਂ ਨਿਉਂ ਕੇ ਮੱਥਾ ਟੇਕਣ ਵਾਲੇ ਨੂੰ ਸਮਝਾਇਆ-

**ਅਪਰਾਧੀ ਦੂਣਾ ਨਿਵੈ ਜੋ ਹੰਤਾ ਮਿਰਗਾਹਿ॥**

**ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ॥ (470)**

ਬਹੁਤ ਲੰਮੇ ਸਮੇਂ ਤੋਂ ਚੱਲ ਰਹੇ ਰੀਤੀ ਰਿਵਾਜਾਂ ਦਾ ਵਿਰੋਧ ਕਰਨਾ ਇਕ ਮਹਾਨ ਕ੍ਰਾਂਤੀਕਾਰੀ ਕਦਮ ਸੀ। ਹਰਿਦੁਆਰ ਵਿਖੇ ਪਿਤਰਾਂ ਨੂੰ ਪਾਣੀ ਸੂਰਜ ਰਾਹੀ ਦੇਣ ਨੂੰ ਬੜੇ ਹੀ ਸੁਚੱਜੇ ਢੰਗ ਨਾਲ ਦੱਸਿਆ ਅਤੇ ਸਮਝਾਇਆ ਕਿ ਜੇ ਮੇਰੇ ਖੇਤਾਂ ਨੂੰ ਪਾਣੀ ਨਹੀਂ ਪਹੁੰਚ ਸਕਦਾ ਤਾਂ ਅੱਗ ਦੇ ਗੋਲੇ ਅਤੇ ਕਰੋੜਾਂ ਮੀਲ ਦੂਰ ਤੱਕ ਪਾਣੀ ਕਿਵੇਂ ਪਹੁੰਚੇਗਾ। ਇਥੇ ਹੀ ਜਾਤ ਅਭਿਮਾਨੀ ਪਾਂਡੇ ਦਾ ਹੰਕਾਰ ਤੋੜਿਆ। ਜੋ ਆਪਣੇ ਆਪ ਨੂੰ ਉਚੀ ਕੁੱਲ ਦਾ ਸਮਝ ਕੇ ਨੀਵੀਂ ਜਾਤ ਦੇ ਲੋਕਾਂ ਦਾ ਪਰਛਾਵਾ ਵੀ ਮਾੜਾ ਸਮਝਦਾ ਸੀ ਅਤੇ ਆਪਣਾ ਚੌਕਾ ਭਿਟਿਆ ਜਾਣ ਕਰਕੇ ਭਾਈ ਮਰਦਾਨੇ ਨੂੰ ਮਾਰਨ ਤੱਕ ਚਲਾ ਜਾਂਦਾ ਹੈ ਪਰ ਗੁਰੂ ਸਾਹਿਬ ਨੇ

**ਲਬੁ ਕੁਤਾ ਕੂੜੁ ਚੂਹੜਾ ਠਗਿ ਖਾਧਾ ਮੁਰਦਾਰੁ ॥**
**ਪਰ ਨਿੰਦਾ ਪਰ ਮਲੁ ਮੁਖ ਸੁਧੀ ਅਗਨਿ ਕ੍ਰੋਧੁ ਚੰਡਾਲੁ ॥**
**ਰਸ ਕਸ ਆਪੁ ਸਲਾਹਣਾ ਏ ਕਰਮ ਮੇਰੇ ਕਰਤਾਰ ॥ (15)**

ਦੇ ਉਪਦੇਸ਼ ਰਾਹੀ ਸਮਝਾਇਆ ਕਿ ਛੋਟੀ ਜਾਤ ਜਨਮ ਕਰਕੇ ਨਹੀਂ ਕਰਮਾਂ ਕਰਕੇ ਹੁੰਦੀ ਹੈ। ਜੋ ਤੂੰ ਸਾਰੀਆਂ ਹੀ ਭੈੜੀਆਂ ਆਦਤਾਂ ਆਪਣੇ ਅੰਦਰ ਸਮੋਈ ਬੈਠਾ ਹੈ। ਗੁਰੂ ਜੀ ਦੇ ਚਰਨੀ ਪੈ ਕੇ ਆਪਣੀ ਭੁੱਲ ਬਖਸ਼ਾਈ ਅਤੇ ਅੱਗੇ ਤੇ ਸੱਚਾ ਪ੍ਰਚਾਰ ਕਰਨ ਦਾ ਵਾਅਦਾ ਕੀਤਾ।

ਅਸਾਮ ਦੇ ਕੁਮਖਿਆ ਮੰਦਰ ਵਿਚ ਹੋ ਰਹੇ ਕੁਕਰਮਾਂ ਨੂੰ ਬੜੀ ਬੇਬਾਕੀ ਨਾਲ ਰੋਕਣ ਲਈ ਕਿਹਾ। ਜਗਨਨਾਥ ਪੁਰੀ ਵਿਖੇ ਮੂਰਤੀ ਦੀ ਆਰਤੀ ਕਰਨ ਤੋਂ ਵਰਜਿਆ ਅਤੇ ਸ਼ਬਦ ਰਾਹੀ ਸੱਚੀ ਆਰਤੀ ਦਾ ਗਿਆਨ ਦਿਤਾ-

**ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ॥ ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ ॥1॥ ਕੈਸੀ ਆਰਤੀ ਹੋਇ ॥ ਭਵ ਖੰਡਨਾ ਤੇਰੀ ਆਰਤੀ ॥ ਅਨਹਤਾ ਸਬਦ ਵਾਜੰਤ ਭੇਰੀ ॥1॥ ਰਹਾਉ ॥ ਸਹਸ ਤਵ ਨੈਨ ਨਨ ਨੈਨ ਹਹਿ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੁੋਹੀ ॥ ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ ਸਹਸ ਤਵ ਗੰਧ ਇਵ ਚਲਤ ਮੋਹੀ ॥2॥ ਸਭ ਮਹਿ ਜੋਤਿ ਜੋਤਿ ਹੈ ਸੋਇ ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥ ਗੁਰ ਸਾਖੀ ਜੋਤਿ ਪਰਗਟੁ ਹੋਇ ॥ ਜੋ ਤਿਸੁ ਭਾਵੈ ਸੁ ਆਰਤੀ ਹੋਇ ॥3॥ ਹਰਿ ਚਰਣ ਕਵਲ ਮਕਰੰਦ ਲੋਭਿਤ ਮਨੋ ਅਨਦਿਨੋੁ ਮੋਹਿ ਆਹੀ ਪਿਆਸਾ ॥ ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ ਹੋਇ ਜਾ ਤੇ ਤੇਰੈ ਨਾਇ ਵਾਸਾ ॥ (13)**

ਇਥੇ ਹੀ ਲੋਕਾਂ ਨੂੰ ਲੁੱਟਣ ਵਾਸਤੇ ਸਮਾਧੀ ਲਾਏ ਬੈਠੇ ਪਾਂਡੇ ਨੂੰ ਸਮਝਾਇਆ, ਜੋ ਆਪਣਾ ਨੱਕ ਕਦੇ ਅੱਖਾਂ ਬੰਦ ਕਰਦਾ ਅਤੇ ਲੋਕਾਂ ਨੂੰ ਕਹਿੰਦਾ ਕਿ ਮੈਨੂੰ ਤ੍ਰਿਲੋਕੀ ਦੇ ਦਰਸ਼ਨ ਹੋ ਰਹੇ ਹਨ ਅਤੇ ਗੁਰੂ ਸਾਹਿਬ ਜੀ ਉਸਦਾ ਪੈਸਿਆਂ ਵਾਲਾ ਗੜਵਾ ਪਿਛਲੇ ਪਾਸੇ ਝਾੜੀਆਂ ਵਿਚ ਲੁਕਾ ਕੇ ਉਸਦਾ ਪਾਜ ਖੋਹਲ ਦਿਤਾ ਅਤੇ ਕਿਹਾ ਕਿ ਤੁਸੀ ਤਾਂ ਤਿੰਨਾਂ ਲੋਕਾਂ ਦੀ ਸੋਝੀ ਰੱਖ ਰਹੇ ਹੋ। ਆਪਣਾ ਗੜਵਾ ਵੀ ਲਭ ਲਵੋ। ਗੁਰੂ ਸਾਹਿਬ ਜੀ ਦਾ ਫੁਰਮਾਣ ਹੈ-

**ਆਂਟ ਸੇਤੀ ਨਾਕੁ ਪਕੜਹਿ ਸੂਝਤੇ ਤਿਨਿ ਲੋਅ ॥**
**ਮਗਰ ਪਾਛੈ ਕਛੁ ਨ ਸੂਝੈ ਏਹੁ ਪਦਮੁ ਅਲੋਅ ॥ (662)**

ਗੁਰੂ ਜੀ ਦੇ ਚਰਨੀ ਪੈ ਕੇ ਆਪਣੀ ਭੁੱਲ ਬਖਸ਼ਾਈ ਅਤੇ ਅੱਗੇ ਤੇ ਸੱਚਾ ਪ੍ਰਚਾਰ ਕਰਨ ਦਾ ਵਾਅਦਾ ਕੀਤਾ। ਕੁਰੂਕਸ਼ੇਤਰ ਵਿਖੇ ਸੂਰਜ ਗ੍ਰਹਿਣ ਸਮੇਂ ਹੋ ਰਹੇ ਕਰਮਕਾਂਡਾਂ ਨੂੰ ਰੋਕਦੇ ਹੋਏ ਸਮਝਾਇਆ ਕਿ ਦਾਨ-ਪੁੰਨ ਕਰਨ ਨਾਲ ਸੂਰਜ ਅਤੇ ਹੋਰ ਗ੍ਰਹਿਆਂ ਨੂੰ ਕੋਈ ਅਸਰ ਨਹੀਂ ਪੈਂਦਾ। ਇਹ ਇੱਕ ਲੁੱਟਣ ਦਾ ਢੋਂਗ ਬਣਾਇਆ ਹੋਇਆ ਹੈ।

ਗੁਰੂ ਨਾਨਕ ਸਾਹਿਬ ਜੀ ਨੇ ਪ੍ਰਚਾਰ ਫੇਰੀਆ ਤੋਂ ਬਾਅਦ ਨਗਰ ਕਰਤਾਰਪੁਰ ਵਸਾਇਆ ਅਤੇ ਆਪ ਖੇਤੀ ਕੀਤੀ। ਬਚਪਨ ਤੋਂ ਲੈ ਕੇ ਅਖੀਰਲੀ ਉਮਰ ਤੱਕ ਕ੍ਰਾਂਤੀਕਾਰੀ ਜੀਵਨ ਬਤੀਤ ਕਰਦਿਆਂ ਹੋਇਆਂ ਅਨੇਕਾਂ ਮਿਸਾਲਾਂ ਕਾਇਮ ਕੀਤੀਆਂ। ਜਿਨ੍ਹਾਂ ਨੂੰ ਲਿਖਣਾ ਇਸ ਕਲਮ ਦੇ ਵੱਸ ਨਹੀਂ। ਅੱਜ ਗੁਰੂ ਸਾਹਿਬ ਜੀ ਦੇ ਉਪਦੇਸ਼ਾਂ ਮੁਤਾਬਕ ਜੀਵਨ ਜਿਉਣ ਲਈ ਗੁਰਬਾਣੀ ਹਰ ਮੋੜ ਤੇ ਸਾਡੀ ਅਗਵਾਈ ਕਰਦੀ ਹੈ ਪਰ ਸਾਡਾ ਹਾਲ ਇਹ ਹੋਇਆ ਹੈ-

**ਗਲੀਂ ਅਸੀ ਚੰਗੀਆ ਆਚਾਰੀ ਬੁਰੀਆਹ ॥**
**ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ॥**
**ਰੀਸਾ ਕਰਿਹ ਤਿਨਾੜੀਆ ਜੋ ਸੇਵਹਿ ਦਰੁ ਖੜੀਆਹ॥**
**ਨਾਲਿ ਖਸਮੈ ਰਤੀਆ ਮਾਣਹਿ ਸੁਖਿ ਰਲੀਆਹ॥ (85)**

ਸਾਨੂੰ ਉਹਨਾਂ ਪਾਖੰਡਾਂ ਜਾਂ ਰੀਤੀ ਰਿਵਾਜਾਂ ਤੋਂ ਕਿਨਾਰਾ ਕਰਨਾ ਚਾਹੀਦਾ ਹੈ ਜੋ ਸਾਨੂੰ ਗੁਰੂ ਨਾਲੋਂ ਤੋੜਦੀਆਂ ਹਨ। ਗੁਰੂ ਪਰਮਾਣ ਹੈ- **ਜਾਲਉ ਐਸੀ ਰੀਤਿ ਜਿਤੁ ਮੈ ਪਿਆਰਾ ਵੀਸਰੈ ॥**

**ਨਾਨਕ ਸਾਈ ਭਲੀ ਪਰੀਤਿ ਜਿਤੁ ਸਾਹਿਬ ਸੇਤੀ ਪਤਿ ਰਹੈ॥ (590)**

ਲੋਕੀ ਕੀ ਕਹਿਣਗੇ ਇਸ ਦੀ ਫਿਕਰ ਛਡੀਏ ਅਤੇ ਗੁਰੂ ਜੀ ਕੀ ਕਹਿਣਗੇ, ਇਸ ਦਾ ਫਿਕਰ ਕਰਦੇ ਹੋਏ ਆਪਣੇ ਜੀਵਨ ਨੂੰ ਸੁਚੱਜਾ ਬਣਾਈਏ। ਅੱਜ ਕੇਵਲ ਗੁਰਪੁਰਬ ਮਨਾਉਣ ਦਾ ਮਨੋਰਥ ਲੰਗਰ ਲਾਉਣੇ, ਨਗਰ ਕੀਰਤਨ ਕੱਢਣੇ ਆਦਿ ਹੀ ਰਹਿ ਗਿਆ ਹੈ। ਅਸਲ ਗਿਆਨ ਤੋਂ ਵਾਂਝੇ ਹੋ ਕੇ ਰੀਤੀ ਰਿਵਾਜਾਂ ਅਤੇ ਤਰੀਕਾਂ ਦੇ ਚੱਕਰ ਵਿਚ ਹੀ ਉਲਝ ਗਏ ਹਾਂ। ਆਉ ਗੁਰੂ ਆਸ਼ੇ ਮੁਤਾਬਕ ਜੀਵਨ ਨੂੰ ਸੁਚੱਜਾ ਬਣਾਈਏ ਅਤੇ **ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥** ਦੇ ਮਹਾਂਵਾਕ ਤੇ ਪਹਿਰਾ ਦੇਈਏ।

-0-

**ਸ਼ਬਦ ਵਿਚਾਰ** **ਸਫਾ 9 ਦਾ ਬਾਕੀ** **ਸ਼ਬਦ ਵਿਚਾਰ**

ਬੱਚਿਆਂ ਤੇ ਸੰਸਾਰ ਦੇ ਵਿਕਾਰਾਂ ਦਾ ਅਸਰ ਨਹੀਂ ਪੈ ਸਕਦਾ।

ਸਿਆਣੇ ਜ਼ਿਮੀਦਾਰ ਨੇ ਆਪਣੇ ਖੇਤ ਨੂੰ ਵਾਹਿਆ ਬੀਜ ਬੀਜਿਆ ਤੇ ਵੱਟਾਂ ਪਾਕੇ ਖੇਤ ਦੀ ਸੰਭਾਲ ਕਰ ਲਈ। ਜਿਨਾਂ ਮਰਜ਼ੀ ਪਿਆ ਸਿਆਣਾ ਹੋਵੇ ਉਹ ਖੇਤ ਵਿਚੋਂ ਬੂੰਦਾਂ ਨੂੰ ਵੱਖ ਨਹੀਂ ਕਰ ਸਕਦਾ। **ਅਨਿਕ ਸਿਆਨੇ ਪਚ ਗਏ** ਦਾ ਅਰਥ ਹੈ,ਹਰ ਪਰਕਾਰ ਦੇ ਵਿਕਾਰ ਤੇ ਐਬ ਆਪਣਾ ਆਪਣਾ ਪਰਭਾਵ ਪਾਉਣ ਲਈ ਥੱਕ ਗਏ, ਪਰ ਸੰਭਾਲੀ ਹੋਈ ਆਤਮਾ ਤੇ ਅਸਰ ਨਹੀਂ ਪਾ ਸਕੇ। **ਨਾ ਨਿਰਵਾਰੀ ਜਾਏ** ਉਚਾ ਨਿਸ਼ਾਨਾ ਮਿੱਥਿਆ ਗਿਆ ਹੈ।

ਬੱਦਲਾਂ ਵਿਚੋਂ ਬੂੰਦ ਪਵਿੱਤਰ ਅਉਂਦੀ ਏ ਜਿਹੋ ਜੇਹਾ ਖਲਾਅ ਮਿਲ ਜਾਂਦਾ ਹੈ, ਬੂੰਦ ਉਹੋ ਜੇਹਾ ਹੀ ਸੁਭਾਅ ਅਖਿਤਿਆਰ ਕਰ ਲੈਂਦੀ ਹੈ। ਮਨੁੱਖੀ ਆਤਮਾ ਪਰਮਾਤਮਾ ਪਾਸੋਂ ਆਉਂਦੀ ਏ ਤਾਂ ਬਿਲਕੁਲ ਪਵਿੱਤਰ ਤੇ ਸਾਫ ਹੁੰਦੀ ਹੈ, ਪਰ ਜੇਹੋ ਜੇਹੀ ਸੰਗਤ ਮਿਲ ਜਾਂਦੀ ਹੈ ਉਹੋ ਜੇਹਾ ਹੀ ਮਨੁੱਖ ਦਾ ਜੀਵਨ ਢੱਲ ਜਾਂਦਾ ਹੈ। ਸਿੱਖੀ ਦਾ ਇਕ ਮਹੱਤਵ ਪੂਰਨ ਨੁਕਤਾ ਏ ਗੁਰੂ ਦੇ ਚਰਨੀ ਲੱਗਣਾ। ਇਸਦਾ ਅਰਥ ਹੈ ਗੁਰਬਾਣੀ ਪੜ੍ਹਨੀ ਸ਼ੁਰੂ ਕਰਨੀ। ਜੇਕਰ ਪੜ੍ਹ ਨਹੀਂ ਸਕਦਾ ਥੋੜਾ ਬਹੁਤ ਸੁਣ ਸਕਦਾ ਹੈ। ਬੱਚਿਆਂ ਨੂੰ ਮੁੱਢਲੀ ਸਟੇਜ ਤੇ ਬਾਣੀ ਨਾਲ ਜੋੜ ਦਿੱਤਾ ਜਾਏ ਤਾਂ ਅੱਜ ਦੇ ਤੇਜ਼ ਤਰਾਰ ਜ਼ਮਾਨੇ ਅੰਦਰ ਵਿਕਾਰਾਂ ਵਲੋਂ ਬਚ ਸਕਦੇ ਹਨ। **ਨਾ ਨਿਰਵਾਰੀ ਜਾਏ** ਇਕ ਚੰਗੇ ਮਨੁਖ ਦਾ ਭਵਿੱਖ ਹੋ ਸਕਦਾ ਹੈ।

ਸਰੀਰ ਇਕ ਧਰਤੀ ਹੈ, ਗੁਰਬਾਣੀ ਦੇ ਗਿਆਨ ਦੁਆਰਾ ਇਸ ਦੇ ਗਿਆਨ ਇੰਦ੍ਰਿਆਂ ਨੂੰ ਸੁਰ ਵਿਚ ਕਰਨਾ ਹੈ। ਜੁੜਿਆ ਹੋਇਆ ਮਨੁੱਖ ਅਗਿਆਨਤਾ ਦੀ ਪੂਜਾ ਨਹੀਂ ਕਰਦਾ। ਜੁੜੇ ਹੋਏ ਮਨੁੱਖ ਦੀ ਨਿਸ਼ਾਨੀ ਕਮਾਲ ਦੀ ਦੱਸੀ ਹੋਈ ਹੈ। ਸਰੀਰਕ ਨੂੰ ਸਾੜਨ ਵਾਲੇ ਕਲੇਸ਼, ਪਦਾਰਥਾਂ ਦਾ ਮੋਹ, ਹਰਖ ਸੋਗ ਇਤਿਆਦਿਕ ਨੇੜੇ ਫਟਕ ਨਹੀਂ ਸਕਦੇ।

**ਕਬੀਰ ਗੁਰੁ ਲਾਗਾ ਤਬ ਜਾਨੀਐ ਮਿਟੈ ਮੋਹੁ ਤਨ ਤਾਪ॥**
**ਹਰਖ ਸੋਗ ਦਾਝੈ ਨਹੀ ਤਬ ਹਰਿ ਆਪਹਿ ਆਪ॥ (1374)**

-0-

# ਖਾਲਸਾ ਸਿਰਜਣ ਦੀ ਲੋੜ ਕਿਉਂ ਪਈ?

**-ਡਾ. ਅਮਨਦੀਪ ਸਿੰਘ ਟੱਲੇਵਾਲੀਆ -98146-99446**

**ਸਿੱਖਾਂ ਨੂੰ ਬਾਦਸ਼ਾਹੀ ਬਖਸ਼ਿਸ ਕਰਕੇ ਗੁਰੂ ਜੀ ਨੇ ਆਪ ਭੀ ਅੰਮ੍ਰਿਤ ਦੀ ਦਾਤ ਆਪਣੇ ਹੀ ਅਨੁਆਈਆਂ ਤੋਂ ਲੈ ਕੇ 'ਆਪੇ ਗੁਰ ਚੇਲਾ' ਵਾਲਾ ਮਹਾਂਵਾਕ ਸੱਚ ਕਰ ਵਿਖਾਇਆ। ਇਹ ਨਿਵੇਕਲੀ ਘਟਨਾ ਇਸ ਜਗਤ 'ਚ ਪਹਿਲੀ ਅਤੇ ਆਖਰੀ ਮੰਨੀ ਜਾ ਸਕਦੀ ਹੈ ਜਦ ਗੁਰੂ ਸਿੱਖ ਬਣ ਗਿਆ ਅਤੇ ਸਿੱਖ, ਗੁਰੂ ਰੂਪ ਬਣ ਕੇ ਆਪਣੇ ਹੀ ਗੁਰੂ (ਸਿੱਖ) ਨੂੰ ਅੰਮ੍ਰਿਤ ਦੀ ਦਾਤ ਦੇ ਰਿਹਾ ਹੈ।ਸੋ, ਸਾਡਾ ਸਭ ਦਾ ਫ਼ਰਜ ਬਣ ਜਾਂਦਾ ਹੈ ਕਿ ਇਸ ਵਿਸਾਖੀ ਵਾਲੇ ਦਿਹਾੜੇ ਨੂੰ ਅਸੀਂ ਭੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਪਾਈ ਇਸ ਅੰਮ੍ਰਿਤ ਛਕਣ ਦੀ ਪਿਰਤ ਨੂੰ ਪ੍ਰਾਪਤ ਕਰਕੇ ਉਸ ਸਰਬੰਸ ਦਾਨੀ ਦੇ ਚਰਨਾਂ 'ਚ ਸੁਰਖ਼ਰੂ ਹੋਈਏ ਅਤੇ ਆਪਣਾ ਜਨਮ ਸੁਹੇਲਾ ਕਰੀਏ।**

ਖਾਲਸਾ ਅਰਬੀ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਅਰਥ ਹੈ 'ਸ਼ੁੱਧ' ਮਿਲਾਵਟ ਤੋਂ ਬਿਨਾਂ, ਅਤੇ ਜਾਂ ਉਹ ਜ਼ਮੀਨ ਜੋ ਬਾਦਸ਼ਾਹ ਦੀ ਨਿੱਜੀ ਮਲਕੀਅਤ ਹੋਵੇ ਭਾਵ 'ਖੁਦਮੁਖਤਿਆਰ'। ਮੈਕਾਲਿਫ ਅਨੁਸਾਰ 'ਖਾਲਸਾ' ਸ਼ਬਦ ਅਰਬੀ ਭਾਸ਼ਾ ਦੇ ਸ਼ਬਦ 'ਖਾਲਿਸ' ਅਰਥਾਤ 'ਸ਼ੁੱਧ' ਵਿੱਚੋਂ ਨਿਕਲਿਆ ਹੈ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਉਹਨਾਂ ਸਿੱਖਾਂ ਲਈ ਇਹ ਸ਼ਬਦ ਵਰਤਿਆ ਹੈ ਜਿਨ੍ਹਾਂ ਨੇ ਖੰਡੇ ਦੀ ਪਾਹੁਲ ਛਕ ਲਈ ਭਾਵ ਸ਼ੁੱਧ ਹੋ ਗਏ ਅਤੇ ਸਿੱਧੇ ਤੌਰ 'ਤੇ ਅਕਾਲ ਪੁਰਖ ਨਾਲ ਜੁੜ ਗਏ ਜੋ ਕਿ 'ਖੁਦਮੁਖਤਿਆਰ' ਹੈ। 'ਖਾਲਸਾ' ਮਜ਼ਲੂਮਾਂ ਲਈ ਢਾਲ ਹੈ ਅਤੇ ਦੁਸ਼ਮਣ ਲਈ ਤਲਵਾਰ ਹੈ, 'ਖਾਲਸੇ' ਦਾ ਜ਼ੁਲਮ ਨਾਲ ਵੈਰ ਹੈ। 'ਖਾਲਸਾ' ਕਿਸੇ ਬੇਕਸੂਰ ਤੇ ਹੋ ਰਹੇ ਜ਼ੁਲਮਾਂ ਨੂੰ ਨਹੀਂ ਸਹਿ ਸਕਦਾ ਭਾਵੇਂ ਇਸ ਨੂੰ ਆਪਣਾ ਆਪ ਕੁਰਬਾਨ ਕਰਨਾ ਪੈ ਜਾਵੇ।

'ਸੱਟ ਕਿਸੇ ਮਜ਼ਲੂਮ ਦੇ ਲਗਦੀ ਹੈ,
ਹੰਝੂ ਖਾਲਸੇ ਦੀਆਂ ਅੱਖਾਂ ਵਿੱਚ ਆ ਜਾਂਦੇ।
ਰਾਖੇ ਕੌਮ ਦੇ ਪੁੱਤਰ ਦਸ਼ਮੇਸ਼ ਜੀ ਦੇ,
ਜਾਨਾਂ ਵਾਰਕੇ ਅਣਖ ਬਚਾ ਜਾਂਦੇ।'

'ਖਾਲਸਾ' "ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥" (1427) ਦੇ ਸੁਨਹਿਰੀ ਅਸੂਲਾਂ ਦਾ ਧਾਰਨੀ ਹੁੰਦਾ ਹੈ। 'ਖਾਲਸਾ' ਸਦਾ ਚੜਦੀਆਂ ਕਲਾਂ ਵਿਚ ਰਹਿੰਦਾ ਹੈ, ਇਹ ਕਦੀ ਢਹਿੰਦੀਆਂ ਕਲਾਂ ਵਿਚ ਨਹੀਂ ਗਿਆ ਭਾਵੇਂ ਇਸ ਦੇ ਸਿਰ 'ਤੇ ਆਰਾ ਕਿਉਂ ਨਾ ਚੱਲਦਾ ਹੋਵੇ। 'ਖਾਲਸਾ' ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦੇ ਪ੍ਰਭਾਵ ਤੋਂ ਪਰੇ ਅਤੇ ਕਥਨੀ ਕਰਨੀ ਦਾ ਪੂਰਾ ਉਹ ਸ਼ੁੱਧ ਇਨਸਾਨ ਹੈ ਜਿਸ ਦੀ ਸਾਜਨਾ ਸਾਹਿਬੇ ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖੰਡੇ ਦੀ ਧਾਰ 'ਚੋਂ ਕੀਤੀ।

ਖਾਲਸੇ ਦੀ ਸਿਰਜਣਾ, ਗੁਰੂ ਸਾਹਿਬ ਵੱਲੋਂ ਲਿਆ ਗਿਆ ਫੌਰਨ ਫੈਸਲਾ ਨਹੀਂ ਸੀ ਸਗੋਂ ਇਸ ਪਿੱਛੇ ਲੋਕਾਂ ਦਾ ਸਦੀਆਂ ਪੁਰਾਣਾ ਦਰਦ ਛੁਪਿਆ ਹੋਇਆ ਸੀ ਜਿਸ ਦੀਆਂ ਕਰੁਣਾਮਈ ਚੀਸਾਂ ਗੁਰੂ ਜੀ ਨੇ ਅਨੁਭਵ ਕੀਤੀਆਂ, ਇਹ ਚੀਸਾਂ ਸਨ ਨੀਵੀਆਂ ਜਾਤਾਂ 'ਤੇ ਹੋ ਰਹੇ ਜ਼ੁਲਮ ਦੀਆਂ, ਬੇਕਸੂਰ ਲੋਕਾਂ ਦੇ ਅੱਲ੍ਹੇ ਜ਼ਖਮਾਂ ਦੀਆਂ ਅਤੇ ਇਹਨਾਂ ਹੋ ਚੁੱਕੇ ਜ਼ਖਮਾਂ 'ਤੇ ਮੱਲਮ ਲਾਉਣਾ ਅਤੇ ਅੱਗੇ ਤੋਂ ਅਜਿਹੇ ਜ਼ਖਮਾਂ ਨੂੰ ਹੋਣ ਤੋਂ ਰੋਕਣਾ ਹੀ ਖਾਲਸਾ ਸਾਜਣਾ ਦਾ ਮੁੱਖ ਉਦੇਸ਼ ਸੀ। ਖਾਲਸਾ ਪੰਥ ਦੀ ਸਾਜਨਾ ਇੱਕ ਨਵਾਂ ਇਨਕਲਾਬ ਸੀ ਜਿਸ ਨੇ ਸਦੀਆਂ ਤੋਂ ਚੱਲੀ ਆ ਰਹੀ ਊਚ-ਨੀਚ, ਜਾਤ-ਪਾਤ ਦੀ ਕੰਧ ਨੂੰ ਤੋੜ ਦਿੱਤਾ ਅਤੇ "ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ॥" (97) ਦੇ ਸੰਕਲਪ ਨੂੰ ਅਮਲੀ ਜਾਮਾ ਪਹਿਨਾਇਆ। ਖਾਲਸੇ ਦੀ ਸਿਰਜਣਾ ਕਰਕੇ ਗੁਰੂ ਸਾਹਿਬ ਜੀ, ਅਜਿਹੇ ਰਾਜ ਭਾਗ ਦੀ ਸਥਾਪਨਾ ਕਰਨਾ ਚਾਹੁੰਦੇ ਸਨ ਤਾਂ ਜੋ ਦੱਬੇ ਕੁਚਲੇ ਅਤੇ ਲਿਤਾੜੇ ਜਾ ਰਹੇ ਲੋਕਾਂ ਨੂੰ ਅਣਖ ਨਾਲ ਜਿਊਣ ਦਾ ਸੁਨਹਿਰੀ ਮੌਕਾ ਮਿਲ ਸਕੇ ਤੇ ਉਹ ਆਪਣੀ ਰਾਖੀ ਆਪ ਹੀ ਕਰ ਸਕਣ।

ਖਾਲਸਾ ਪੰਥ ਦੀ ਸਾਜਨਾ ਦਾ ਇੱਕ ਹੋਰ ਇਤਿਹਾਸਕ ਕਾਰਨ ਇਹ ਵੀ ਸੀ ਕਿ ਪਹਿਲੇ ਗੁਰੂ ਸਾਹਿਬਾਨਾਂ ਨੇ ਸਿੱਖਾਂ ਦੀ ਰਹਿਨੁਮਾਈ ਕਰਨ ਲਈ ਮਸੰਦਾਂ ਦੀ ਸਥਾਪਨਾ ਕੀਤੀ ਤਾਂ ਕਿ ਉਹ ਸਿੱਖੀ ਦਾ ਪ੍ਰਚਾਰ ਕਰਨ ਅਤੇ ਨਾਲ ਹੀ ਜੇ ਕਿਸੇ ਇਲਾਕੇ ਦੀ ਸੰਗਤ ਵੱਲੋਂ ਗੁਰੂ ਸਾਹਿਬ ਨੂੰ ਕੁੱਝ ਭੇਟਾ ਕਰਨਾ ਹੁੰਦਾ ਤਾਂ ਉਹ ਇਹਨਾਂ ਮਸੰਦਾਂ ਰਾਹੀਂ ਪੁੱਜਦਾ ਕਰ ਦਿੱਤਾ ਜਾਂਦਾ ਸੀ ਪਰ ਮਸੰਦਾਂ ਨੇ ਗੁਰੂ ਸਾਹਿਬ ਦੀ ਸਿੱਖਿਆ ਦੇ ਉਲਟ ਗੁਰੂ ਘਰ ਦੀਆਂ ਜਾਇਦਾਦਾਂ ਨੂੰ ਹੀ ਨਿੱਜੀ ਜਾਇਦਾਦਾਂ ਸਮਝ ਕੇ ਹੜੱਪਣਾ ਸ਼ੁਰੂ ਕਰ ਦਿੱਤਾ ਇਸ ਪ੍ਰਕਾਰ ਉਹ ਸਿੱਖੀ ਦੇ ਮੁੱਖ ਰਸਤੇ (ਸਿਧਾਂਤ) ਤੋਂ ਭਟਕ ਗਏ। ਇਸ ਪ੍ਰਕਾਰ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਅਤੇ ਆਪਣੀ ਸੰਗਤ ਵਿੱਚ ਸਿੱਧਾ ਸੰਪਰਕ ਸਥਾਪਿਤ ਕੀਤਾ ਅਤੇ ਕਿਹਾ,



"ਖਾਲਸਾ ਮੇਰੋ ਰੂਪ ਹੈ ਖਾਸ,
ਖਾਲਸੇ ਮਹਿ ਹੌਂ ਕਰੌਂ ਨਿਵਾਸ॥"

ਅਤੇ ਆਪਣੇ ਹੁਕਮਨਾਮਿਆਂ ਵਿੱਚ ਵੀ ਵਾਰ ਵਾਰ ਇਹ ਦੁਹਰਾਇਆ ਗਿਆ ਗੁਰੂ ਸੰਗਤ ਹੀ ਮੇਰਾ ਅਸਲੀ ਖਾਲਸਾ ਹੈ (ਡਾ. ਅਨੂਪ ਸਿੰਘ ਦਾਰਸ਼ਨਿਕ ਯੋਧਾ ਗੁਰੂ ਗੋਬਿੰਦ ਸਿੰਘ)।

ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਾਜਨਾ ਕਰਕੇ ਕੋਈ ਨਵਾਂ ਪੰਥ ਹੋਂਦ ਵਿੱਚ ਨਹੀਂ ਲਿਆਂਦਾ ਸੀ ਸਗੋਂ ਬਾਬੇ ਨਾਨਕ ਜੀ ਦੇ ਲਾਏ ਸਿੱਖੀ ਦੇ ਬੂਟੇ ਨੂੰ ਹੀ ਹੋਰ ਪ੍ਰਫੁੱਲਿਤ ਕੀਤਾ ਸੀ ਕਿਉਂਕਿ ਖਾਲਸੇ ਨੂੰ ਦਿੱਤੀਆਂ ਗਈਆਂ ਹਦਾਇਤਾਂ ਲਗਭਗ ਉਹੀ ਸਨ ਜੋ ਪਹਿਲੇ ਗੁਰੂ ਸਾਹਿਬਾਨਾਂ ਨੇ ਸਿੱਖਾਂ ਨੂੰ ਦਿੱਤੀਆਂ ਸਨ। ਫ਼ਰਕ ਸਿਰਫ ਇਹ ਸੀ ਕਿ ਗੁਰੂ ਜੀ ਨੇ ਭਗਤੀ ਦੇ ਨਾਲ ਸ਼ਕਤੀ ਅਤੇ ਸ਼ਸਤਰਾਂ ਦੇ ਨਾਲ ਸ਼ਾਸਤ੍ਰਾਂ ਦਾ ਸੁਮੇਲ

ਕਰਕੇ ਇੱਕ ਨਵੀਂ ਸਪਿਰਟ (ਜੋ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਮੀਰੀ-ਪੀਰੀ ਦੀਆਂ ਦੋ ਤਲਵਾਰਾਂ ਪਹਿਨ ਕੇ ਆਰੰਭ ਕੀਤੀ ਸੀ, ਨੂੰ ਹੋਰ ਵਧਾ ਕੇ) ਸਿੱਖਾਂ ਅੰਦਰ ਭਰ ਦਿੱਤੀ ਅਤੇ ਖਾਲਸੇ ਦਾ ਪਹਿਰਾਵਾ ਸਭ ਤੋਂ ਵੱਖਰੀ ਕਿਸਮ ਦਾ ਬਣਾਉਣਾ, ਸਮੇਂ ਦੀ ਮੁੱਖ ਲੋੜ ਬਣ ਚੁੱਕਿਆ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਸੰਗਤਾਂ ਸਾਹਮਣੇ ਬਚਨ ਕਰਦਿਆਂ ਕਿਹਾ ਕਿ ਮੈਂ ਇੱਕ ਅਜਿਹਾ ਸਿੱਖ (ਖਾਲਸਾ) ਪ੍ਰਗਟ ਕਰਾਂਗਾ ਜੋ ਹਜ਼ਾਰਾਂ 'ਚੋਂ ਨਹੀਂ ਬਲਕਿ ਲੱਖਾਂ 'ਚੋਂ ਪਛਾਣਿਆ ਜਾ ਸਕੇਗਾ, ਅਜਿਹੇ ਪੰਥ ਦੀ ਸਾਜਨਾ ਕਰਾਂਗਾ ਜੋ ਸਾਰੇ ਸੰਸਾਰ ਵਿੱਚ ਨਿਆਰੇ ਅਤੇ ਨਿਵੇਕਲੇ ਰੂਪ ਦਾ ਧਾਰਨੀ ਹੋਵੇਗਾ। ਜਦੋਂ ਵੀ ਲੱਖਾਂ ਲੋਕਾਂ ਵਿੱਚ ਇਕ ਸਿੱਖ ਸ਼ਾਮਲ ਹੋਇਆ ਕਰੇਗਾ ਉਹ ਪਹਿਲੀ ਨਜ਼ਰੇ ਪਛਾਣਿਆ ਜਾ ਸਕੇਗਾ ਅਤੇ ਸਭ ਤੋਂ ਵੱਖਰਾ ਤੇ ਵਿਲੱਖਣ ਦਿਸੇਗਾ। ਬਗਲਿਆਂ ਦੀ ਡਾਰ ਵਿੱਚ ਜਿਵੇਂ ਕੋਈ ਹੰਸ ਛੁਪਿਆ ਨਹੀਂ ਰਹਿ ਸਕਦਾ, ਗਿਰਝਾਂ ਦੇ ਝੁੰਡ ਵਿੱਚ ਜਿਵੇਂ ਕੋਈ ਮੋਰ ਲਿਸ਼ਕਦਾ ਹੈ, ਖੋਤਿਆਂ ਦੀ ਭੀੜ ਵਿੱਚ ਜਿਵੇਂ ਕੋਈ ਘੋੜਾ ਅਤੇ ਹਿਰਨਾਂ ਦੀ ਡਾਰ ਵਿੱਚ ਜਿਵੇਂ ਕੋਈ ਸ਼ੇਰ ਝੱਟ ਪਛਾਣਿਆ ਜਾਂਦਾ ਹੈ ਤਿਵੇਂ ਹੀ ਮੇਰਾ ਸਿੱਖ ਵੱਖ-ਵੱਖ ਮੱਤਾਂ ਦੇ ਲੋਕਾਂ ਵਿੱਚ ਪਹਿਲੀ ਨਜ਼ਰੇ ਪਛਾਣਿਆ ਜਾ ਸਕੇਗਾ। ਇਸ ਦਾ ਜ਼ਿਕਰ ਭਾਈ ਸੰਤੋਖ ਸਿੰਘ ਨੇ ਇਸ ਤਰ੍ਹਾਂ ਆਪਣੇ ਲਫ਼ਜ਼ਾਂ ਵਿੱਚ ਕੀਤਾ ਹੈ: 'ਸ੍ਰੀ ਗੁਰੂ ਗੋਬਿੰਦ ਸਿੰਘ ਸੁਨਿ ਕਰਿ ਐਸੇ॥ ਗਰਜਤਿ ਬੋਲੇ ਜਲਧਰ ਜੈਸੇ। ਇਸ ਬਿਧਿ ਕੋ ਅਬਿ ਪੰਥ ਬਨਾਵੋਂ॥ ਸਕਲ ਜਗਤ ਮਹਿਂ ਬਹੁਤ ਬਿਦਤਾਵੋਂ॥ ਲਾਖਹੁ ਜਗ ਕੇ ਨਰ ਇੱਕ ਥਾਇਂ॥ ਤਿਨ ਮਹਿਂ ਮਿਲੇ ਏਕ ਸਿਖ ਜਾਇ॥ ਸਭ ਮਹਿਂ ਪ੍ਰਥਕ ਪਛਾਨਯੋ ਪਰੈ॥ ਚਲੈ ਨ ਕਾਯੋ ਹੂੰ ਕੈਸਿਹੁਂ ਕਰੈ॥ ਜਥਾ ਬਕਨ ਮਹਿਂ ਹੰਸ ਨ ਛਪੈ॥ ਗ੍ਰਿੱਝਨਿ ਬਿਖੈਹ ਮੋਹ ਜਿਮ ਦਿਪੈ॥ ਜਯੋਂ ਖਰ ਗਨ ਮਹਿਂ ਬਲੀ ਤੁਰੰਗ॥ ਜਥਾ ਮ੍ਰਿਗਨਿ ਮਹਿਂ ਕੇਹਰਿ ਅੰਗ॥ ਤਿਮ ਨਾਨਾ ਭੇਖਨ ਕੇ ਮਾਂਹਿ॥ ਮਮ ਸਿਖ ਕੋ ਸਗਲੇ ਪਰਖਾਹਿਂ॥'

ਇਸ ਪ੍ਰਕਾਰ ਵਿਸਾਖੀ ਵਾਲੇ ਦਿਨ 30 ਮਾਰਚ, 1699 ਈ ਨੂੰ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਜੋ ਕੁੱਝ ਵਾਪਰਿਆ ਉਹ ਲਾ-ਮਿਸਾਲ ਸੀ ਜਿਸ ਦੀ ਉਦਾਹਰਣ ਦੁਨੀਆਂ ਦੇ ਕਿਸੇ ਵੀ ਖੇਤਰ ਵਿੱਚੋਂ ਨਹੀਂ ਮਿਲਦੀ। ਗੁਰੂ ਗੋਬਿੰਦ ਸਿੰਘ ਜੀ ਨੇ ਭਰੇ ਪੰਡਾਲ ਵਿੱਚ ਗਰਜਵੀਂ ਆਵਾਜ਼ ਵਿੱਚ ਕਿਹਾ ਕਿ 'ਹੈ ਕੋਈ ਗੁਰੂ ਦਾ ਸਿੱਖ ਜੋ ਆਪਣੇ ਗੁਰੂ ਲਈ ਸੀਸ ਭੇਂਟ ਕਰ ਸਕਦਾ ਹੋਵੇ?'

ਦੀਵਾਨ ਵਿਚ ਸੰਨਾਟਾ ਛਾ ਗਿਆ ਜਦੋਂ ਗੁਰੂ ਜੀ ਨੇ ਤੀਜੀ ਵਾਰ ਲਲਕਾਰਿਆ ਤਾਂ ਲਾਹੌਰ ਦਾ ਵਾਸੀ ਦਇਆ ਰਾਮ ਉੱਠ ਖਲੋਇਆ ਅਤੇ ਗੁਰੂ ਜੀ ਦੇ ਸਨਮੁੱਖ ਹੋ ਕੇ ਬੋਲਿਆ, 'ਮੈਂ ਹਾਜ਼ਿਰ ਹਾਂ।' ਗੁਰੂ ਸਾਹਿਬ ਉਸ ਨੂੰ ਅਲੱਗ ਤੰਬੂ ਵਿੱਚ ਲੈ ਗਏ



**ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਾਜਨਾ ਕਰਕੇ ਕੋਈ ਨਵਾਂ ਪੰਥ ਹੋਂਦ ਵਿੱਚ ਨਹੀਂ ਲਿਆਂਦਾ ਸੀ ਸਗੋਂ ਬਾਬੇ ਨਾਨਕ ਜੀ ਦੇ ਲਾਏ ਸਿੱਖੀ ਦੇ ਬੂਟੇ ਨੂੰ ਹੀ ਹੋਰ ਪ੍ਰਫੁੱਲਿਤ ਕੀਤਾ ਸੀ ਕਿਉਂਕਿ ਖਾਲਸੇ ਨੂੰ ਦਿੱਤੀਆਂ ਗਈਆਂ ਹਦਾਇਤਾਂ ਲਗਭਗ ਉਹੀ ਸਨ ਜੋ ਪਹਿਲੇ ਗੁਰੂ ਸਾਹਿਬਾਨਾਂ ਨੇ ਸਿੱਖਾਂ ਨੂੰ ਦਿੱਤੀਆਂ ਸਨ। ਫ਼ਰਕ ਸਿਰਫ ਇਹ ਸੀ ਕਿ ਗੁਰੂ ਜੀ ਨੇ ਭਗਤੀ ਦੇ ਨਾਲ ਸ਼ਕਤੀ ਅਤੇ ਸ਼ਸਤਰਾਂ ਦੇ ਨਾਲ ਸ਼ਾਸਤ੍ਰਾਂ ਦਾ ਸੁਮੇਲ ਕਰਕੇ ਇੱਕ ਨਵੀਂ ਸਪਿਰਟ (ਜੋ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਮੀਰੀ-ਪੀਰੀ ਦੀਆਂ ਦੋ ਤਲਵਾਰਾਂ ਪਹਿਨ ਕੇ ਆਰੰਭ ਕੀਤੀ ਸੀ, ਨੂੰ ਹੋਰ ਵਧਾ ਕੇ) ਸਿੱਖਾਂ ਅੰਦਰ ਭਰ ਦਿੱਤੀ ਅਤੇ ਖਾਲਸੇ ਦਾ ਪਹਿਰਾਵਾ ਸਭ ਤੋਂ ਵੱਖਰੀ ਕਿਸਮ ਦਾ ਬਣਾਉਣਾ, ਸਮੇਂ ਦੀ ਮੁੱਖ ਲੋੜ ਬਣ ਚੁੱਕਿਆ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਸੰਗਤਾਂ ਸਾਹਮਣੇ ਬਚਨ ਕਰਦਿਆਂ ਕਿਹਾ ਕਿ ਮੈਂ ਇੱਕ ਅਜਿਹਾ ਸਿੱਖ (ਖਾਲਸਾ) ਪ੍ਰਗਟ ਕਰਾਂਗਾ ਜੋ ਹਜ਼ਾਰਾਂ 'ਚੋਂ ਨਹੀਂ ਬਲਕਿ ਲੱਖਾਂ 'ਚੋਂ ਪਛਾਣਿਆ ਜਾ ਸਕੇਗਾ, ਅਜਿਹੇ ਪੰਥ ਦੀ ਸਾਜਨਾ ਕਰਾਂਗਾ ਜੋ ਸਾਰੇ ਸੰਸਾਰ ਵਿੱਚ ਨਿਆਰੇ ਅਤੇ ਨਿਵੇਕਲੇ ਰੂਪ ਦਾ ਧਾਰਨੀ ਹੋਵੇਗਾ।**

ਅਤੇ ਦੁਬਾਰਾ ਇਕ ਹੋਰ ਸੀਸ ਦੀ ਮੰਗ ਕੀਤੀ, ਇਸੇ ਤਰ੍ਹਾਂ ਵਾਰ ਵਾਰ ਪੰਜ ਸਿਰਾਂ ਦੀ ਮੰਗ ਕੀਤੀ ਅਤੇ ਗੁਰੂ ਸਾਹਿਬ ਦੇ ਹੁਕਮ ਅਨੁਸਾਰ ਦੂਜੀ ਵਾਰ ਭਾਈ ਧਰਮ ਦਾਸ, ਫਿਰ ਹਿੰਮਤ ਰਾਏ, ਮੁਹਕਮ ਚੰਦ ਅਤੇ ਸਾਹਿਬ ਚੰਦ ਨੇ ''ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ ॥'' (918), ਦੇ ਪਵਿੱਤਰ ਵਾਕ 'ਤੇ ਸ਼ਰਧਾ ਦੇ ਫੁਲ ਚੜ੍ਹਾਉਂਦਿਆਂ ਆਪਣੇ ਆਪ ਨੂੰ ਗੁਰੂ ਜੀ ਦੇ ਹਵਾਲੇ ਕੀਤਾ। (ਇਤਿਹਾਸਕਾਰਾਂ ਦੇ ਅਨੁਸਾਰ ਤੰਬੂ ਵਿੱਚ ਹੋਏ ਵਰਤਾਰੇ ਬਾਰੇ ਅਲੱਗ-ਅਲੱਗ ਵਿਚਾਰ ਹਨ ਪਰ ਪ੍ਰਿੰ. ਸਤਿਬੀਰ ਸਿੰਘ ਜੀ ਲਿਖਦੇ ਹਨ ਕਿ ਤੰਬੂ ਦੇ ਪੜਦੇ ਅੰਦਰ ਉਹਨਾਂ ਪੰਜਾਂ ਨਾਲ ਕੀ ਬੀਤੀ ਇਹ ਕਹਿਣਾ ਅਸੰਭਵ ਹੈ ਸਿਰਫ ਇਤਨਾਂ ਹੀ ਕਹਿਣਾ ਫਬਦਾ ਹੈ ਕਿ ਉਹ ਪ੍ਰੀਖਿਆ ਦਾ ਦਿਨ ਸੀ ਅਤੇ ਕੋਈ ਵੀ ਪ੍ਰੀਖਿਆਕਾਰ ਆਪਣਾ ਪਰਚਾ ਪਹਿਲਾਂ ਨਹੀਂ ਦੱਸਦਾ। ਇਹ ਤਾਂ ਇਮਤਿਹਾਨ ਲੈਣ ਵਾਲੇ ਦੀ ਮਰਜ਼ੀ ਹੈ ਕਿ ਪਰਚਾ ਔਖਾ ਪਾਵੇ ਜਾਂ ਸੌਖਾ। ਫਿਰ ਜੇ ਪਰਚਾ ਹੀ ਦੱਸ ਦਿੱਤਾ ਤਾਂ ਇਮਤਿਹਾਨ ਕਾਹਦਾ ਹੋਇਆ। ਦੂਜਾ, ਜੇ ਗੁਰੂ ਜੀ ਨੇ ਕਨਾਤ ਕਰ ਲਈ ਸੀ ਭਾਵ ਤੰਬੂ ਤਾਣ ਲਿਆ ਸੀ ਤਾਂ ਸਾਨੂੰ ਕੀ ਹੱਕ ਕਿ ਉਸ ਦੇ ਅੰਦਰ ਝਾਕੀਏ।)

ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪਿਆਰਿਆਂ ਦੀ ਸਾਜਨਾ ਕੀਤੀ। ਬਾਅਦ ਵਿੱਚ ਗੁਰੂ ਸਾਹਿਬ ਨੇ ਉਹਨਾਂ ਪੰਜਾਂ ਨੂੰ ਅੰਮ੍ਰਿਤ ਛਕਾਇਆ। ਜਦੋਂ ਗੁਰੂ ਸਾਹਿਬ ਅੰਮ੍ਰਿਤ ਤਿਆਰ ਕਰ ਰਹੇ ਸਨ ਤਾਂ ਮਾਤਾ ਜੀਤੋ ਜੀ ਨੇ ਜਲ ਵਿੱਚ ਪਤਾਸੇ ਪਾਏ ਅਤੇ ਗੁਰੂ ਸਾਹਿਬਾਨ ਨੇ ਬਚਨ ਕੀਤਾ:- 'ਭਲੋ ਭਯੋ ਤੂੰ ਚਲਿ ਕਰਿ ਆਈ। ਨੀਰ ਬਿਖੈ ਪਾਈ ਮਧੁਰਾਈ। ਨਾ ਤੁਰ ਪੰਥ ਹੋਇ ਬਡ ਕੂਰਾ। ਤੇਜ ਕ੍ਰੋਧ ਕਲਹਾ ਕਰਿ ਪੂਰਾ॥' (ਭਾਈ ਸੰਤੋਖ ਸਿੰਘ, ਗੁਰ ਪ੍ਰਤਾਪ ਸੂਰਜ ਗ੍ਰੰਥ)

ਇਸ ਪ੍ਰਕਾਰ ਪਵਿੱਤਰ ਪਾਹੁਲ ਤਿਆਰ ਹੋਈ। ਜਿਸ ਨੇ ਵੀ ਇਹ ਪਾਹੁਲ ਛਕੀ ਉਸ ਦਾ ਜਨਮ ਸੁਹੇਲਾ ਹੋ ਗਿਆ। ਖਾਲਸੇ ਦੀ ਰਹਿਤ ਨਿਸ਼ਚਿਤ ਕੀਤੀ ਅਤੇ ਪੰਜਾਂ ਕਕਾਰਾਂ ਦਾ ਧਾਰਨੀ ਬਣਾਉਣ ਉਪਰੰਤ ਖਾਲਸੇ ਨੂੰ ਉਪਦੇਸ਼ ਕੀਤਾ ਕਿ ਖਾਲਸਾ ਹਮੇਸ਼ਾ ਤਿਆਰ ਬਰ ਤਿਆਰ ਰਹੇਗਾ ਅਤੇ ਹੱਕ ਸੱਚ ਲਈ ਲੜਦਾ ਰਹੇਗਾ। ਸਿਰਫ ਬਾਹਰੀ ਪਹਿਰਾਵਾ ਪਹਿਨਣ 'ਤੇ ਹੀ ਜੋਰ ਨਹੀਂ ਦਿੱਤਾ ਸਗੋਂ ਕਿਹਾ ਕਿ ਜਿੰਨਾ ਚਿਰ ਕੋਈ ਮਨੁੱਖ ਅੰਦਰੋਂ ਸ਼ੁੱਧ ਨਹੀਂ ਹੁੰਦਾ ਉਨਾਂ ਚਿਰ ਉਹ ਖਾਲਸਾ ਅਖਵਾਉਣ ਦਾ ਹੱਕਦਾਰ ਨਹੀਂ।

ਇਸ ਤਰ੍ਹਾਂ ਸਿੱਖਾਂ ਨੂੰ ਬਾਦਸ਼ਾਹੀ ਬਖ਼ਸ਼ਿਸ ਕਰਕੇ ਗੁਰੂ ਜੀ ਨੇ ਆਪ ਭੀ ਅੰਮ੍ਰਿਤ ਦੀ ਦਾਤ ਆਪਣੇ ਹੀ ਅਨੁਆਈਆਂ ਤੋਂ ਲੈ ਕੇ 'ਆਪੇ ਗੁਰ ਚੇਲਾ' ਵਾਲਾ ਮਹਾਂਵਾਕ ਸੱਚ ਕਰ ਵਿਖਾਇਆ। ਇਹ ਨਿਵੇਕਲੀ ਘਟਨਾ ਇਸ ਜਗਤ 'ਚ ਪਹਿਲੀ ਅਤੇ ਆਖਰੀ ਮੰਨੀ ਜਾ ਸਕਦੀ ਹੈ ਜਦ ਗੁਰੂ ਸਿੱਖ ਬਣ ਗਿਆ ਅਤੇ ਸਿੱਖ, ਗੁਰੂ ਰੂਪ ਬਣ ਕੇ ਆਪਣੇ ਹੀ ਗੁਰੂ (ਸਿੱਖ) ਨੂੰ ਅੰਮ੍ਰਿਤ ਦੀ ਦਾਤ ਦੇ ਰਿਹਾ ਹੈ।

ਸੋ, ਸਾਡਾ ਸਭ ਦਾ ਫ਼ਰਜ ਬਣ ਜਾਂਦਾ ਹੈ ਕਿ ਇਸ ਵਿਸਾਖੀ ਵਾਲੇ ਦਿਹਾੜੇ ਨੂੰ ਅਸੀਂ ਭੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਪਾਈ ਇਸ ਅੰਮ੍ਰਿਤ ਛਕਣ ਦੀ ਪਿਰਤ ਨੂੰ ਪ੍ਰਾਪਤ ਕਰਕੇ ਉਸ ਸਰਬੰਸ ਦਾਨੀ ਦੇ ਚਰਨਾਂ 'ਚ ਸੁਰਖ਼ਰੂ ਹੋਈਏ ਅਤੇ ਆਪਣਾ ਜਨਮ ਸੁਹੇਲਾ ਕਰੀਏ।

-0-

# ਕਹੁ ਕਬੀਰ ਜਨ ਭਏ ਖਾਲਸੇ...

ਨਿਸ਼ਾਨ ਸਿੰਘ 98039-09244

ਖਾਲਿਸਹ, ਵਿ-ਸ਼ੁਧ। ਬਿਨਾਂ ਮਿਲਾਵਟ ਨਿਰੋਲ।

ਉਹ ਜ਼ਮੀਨ ਜਾਂ ਮੁਲਕ ਜੋ ਬਾਦਸ਼ਾਹ ਦਾ ਹੈ ਜਿਸ ਪੁਰ ਕਿਸੇ ਜਾਗੀਰਦਾਰ ਅਥਵਾ ਜ਼ਿਮੀਦਾਰ ਦਾ ਸੁਤ ਨਹੀਂ। (ਮਹਾਨ ਕੋਸ਼-੩੭੪)

**ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ ॥ (੬੫੫)**

ਖਾਲਸਾ ਪਰਸੀਅਨ (ਫ਼ਾਰਸੀ) ਭਾਸ਼ਾ ਦਾ ਸ਼ਬਦ ਹੈ, ਮੁਗਲਾਂ ਦੇ ਸਮੇਂ ਉਨ੍ਹਾਂ ਦੇ ਮਾਲ ਮਹਿਕਮੇ 'ਚ ਜਾਂ ਕਾਗਜ਼ਾਂ 'ਚ ਇਹ ਲਫ਼ਜ਼ ਆਮ ਵਰਤਿਆ ਜਾਂਦਾ ਸੀ।

ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਹੁਕਮਨਾਮਿਆਂ ਵਿੱਚ ਇਹ ਗੱਲ ਆਮ ਪੜ੍ਹਨ ਨੂੰ ਮਿਲ ਜਾਂਦੀ ਹੈ ਕਿ ਅਸਾਂ ਸੰਗਤ ਨੂੰ ਖਾਲਸਾ ਕਰ ਲਿਆ ਹੈ ਮਸੰਦਾਂ ਨੂੰ ਖਤਮ ਕਰ ਦਿੱਤਾ ਹੈ। (ਹੁਕਮਨਾਮੇ ਡਾ: ਗੰਡਾ ਸਿੰਘ)

**ਭਾਵ :-** ਸੰਗਤਾਂ ਅਤੇ ਗੁਰੂਦੇਵ ਵਿੱਚ ਜੋ ਵਿਚੋਲੇ (ਮਸੰਦ) ਸਨ ਉਹਨਾਂ ਨੂੰ ਖਤਮ ਕਰਕੇ ਉਨਾਂ ਨਾਲ ਸਿੱਧਾ ਸੰਬੰਧ ਕਾਇਮ ਕੀਤਾ। ਉਹ ਮਨੁੱਖ ਜਿਸਦਾ ਸੰਬੰਧ ਸਿੱਧਾ ਆਪਣੇ ਗੁਰੂ ਨਾਲ ਹੈ ਜਿਹੜਾ ਤਾਬਿਆਦਾਰੀ ਨਹੀਂ ਕਰਦਾ।

ਇਸੇ ਲਈ ਕਿਹਾ ਜਾਂਦਾ ਹੈ ਖਾਲਸਾ ਮੜ੍ਹੀਆਂ ਕਬਰਾਂ ਬੁੱਤਾਂ ਦੀ ਪੂਜਾ ਨਹੀਂ ਕਰਦਾ, ਉਸ ਦਾ ਸਿੱਧਾ ਸੰਪਰਕ ਅਕਾਲ ਪੁਰਖ ਨਾਲ ਹੈ।

ਗੁਰੂ ਨਾਨਕ ਸਾਹਿਬ ਨੇ ਸਾਨੂੰ ਸਿੱਧਾ ਪ੍ਰਮਾਤਮਾ ਨਾਲ ਜੋੜਨ ਲਈ ਇਹ ਸ਼ਬਦ ਪੜਾਇਆ ਕਿ ੧ੴ ਪ੍ਰਮਾਤਮਾ ਇੱਕ ਹੈ ਕਿਉਂਕਿ ਜਿਸ ਵੇਲੇ ਉਨ੍ਹਾਂ ਨੇ ਆਪਣੇ ਕਦਮ ਸਮਾਜ ਸੁਧਾਰ ਲਈ ਵਧਾਏ ਤਾਂ ਇਸ ਸਮਾਜ ਵਿੱਚ ਬੁੱਤ ਪ੍ਰਸਤੀ ਫੈਲੀ ਹੋਈ ਸੀ, ਲੋਕ ਧਰਮ ਦੇ ਨਾਂ 'ਤੇ ਪਖੰਡ ਕਰਦੇ ਸਨ ਤੇ ਇਥੇ ਜਨੇਊ ਵਰਗੀਆਂ ਅਨੇਕਾਂ ਰੁਕਾਵਟਾਂ ਸਨ। ਜਿਵੇਂ:

**ਸਿਖਾ ਕੰਨਿ ਚੜਾਈਆ ਗੁਰੁ ਬ੍ਰਾਹਮਣੁ ਥਿਆ ॥ (੪੭੧)**

ਇਨ੍ਹਾਂ ਕਰਮਕਾਂਡੀ ਸੋਚਾਂ ਵਿੱਚੋਂ ਕੱਢਿਆ ਅਤੇ ਅਜਿਹੇ ਮੁਨੀ, ਮੌਲਾਨਿਆਂ ਅਤੇ ਪੈਗੰਬਰਾਂ ਦੀ ਹੈਸੀਅਤ ਬਾਰੇ ਜਾਣੂੰ ਕਰਵਾਇਆ। ਭਾਵੇਂ ਕਿ ਇਸ ਸੰਸਾਰ ਤੇ ਮੂਸਾ, ਈਸਾ ਵਰਗੇ ਕ੍ਰਾਂਤੀਕਾਰੀ ਪੈਗੰਬਰ ਵੀ ਆਏ ਜਿਨ੍ਹਾਂ ਨੇ ਬੁੱਤ ਪ੍ਰਸਤੀ ਦਾ ਵਿਰੋਧ ਕੀਤਾ ਤੇ ਲੋਕਾਂ ਨੂੰ ਖੁਦਾ ਨਾਲ ਜੋੜਨ ਦਾ ਯਤਨ ਕੀਤਾ। ਹਜ਼ਰਤ ਇਬਰਾਹੀਮ ਵਰਗਿਆਂ ਨੇ ਅੱਗ 'ਤੇ ਤੁਰਕੇ ਵੀ ਖੁਦਾ ਦਾ ਸੰਦੇਸ਼ ਰੱਬ ਤੱਕ ਪਹੁੰਚਾਇਆ। ਓਧਰ ਦੇ ਲੋਕ ਬਾਦਸ਼ਾਹ ਨੂੰ ਰੱਬ ਮੰਨਦੇ ਸਨ ਤੇ ਨਬੀ ਇਸ ਗੱਲ ਦਾ ਵਿਰੋਧ ਕਰਦੇ ਸਨ ਇਹੀ ਗੱਲ ਜਦ ਸਤਿਗੁਰਾਂ ਨੇ ਇਸ ਪਾਸੇ ਦੇ ਲੋਕਾਂ ਵੱਲ ਵੇਖੀ ਤਾਂ ਸਮਝਾਇਆ ਕਿ:-

**ਜੁਗਹ ਜੁਗਹ ਕੇ ਰਾਜੇ ਕੀਏ ਗਾਵਹਿ ਕਰਿ ਅਵਤਾਰੀ ॥ (੪੨੩)**

ਅਤੇ ਇਸ ਗੱਲ ਨੂੰ ਲੋਕਾਂ ਵਿਚੋਂ ਕੱਢਣ ਲਈ ਇਸ ਗੱਲ ਦਾ ਮੁੱਢ ਬੰਨ੍ਹਿਆ ਤੇ ਇੱਕ ਨਾਲ ਜੋੜਨ ਲਈ (੧ੴ) ਦਾ ਪਾਠ ਪੜ੍ਹਾਇਆ।

**ਸਾਹਿਬੁ ਮੇਰਾ ਏਕੋ ਹੈ ॥ ਏਕੋ ਹੈ ਭਾਈ ਏਕੋ ਹੈ ॥ (੩੫੦)**

ਜਿਹੜੇ ਮਨੁੱਖ ਗੁਰੂ ਨਾਨਕ ਮਹਾਰਾਜ ਦੇ ਪਾਏ ਪੂਰਨਿਆਂ ਅਨੁਸਾਰ ਤੁਰੇ ਉਹਨਾਂ ਨੂੰ ਸਿੱਖ ਕਿਹਾ ਤੇ ਸਿੱਖਾਂ ਨੂੰ ਬੁੱਤ ਪ੍ਰਸਤੀ ਦੀ ਮਨਾਹੀ ਸੀ ਤੇ ਫਿਰ ਇਸੇ ਨੂੰ ਖਾਲਸਾ ਕਿਹਾ ਭਾਵ ਖਾਲਸੇ ਦੀ ਨੀਂਹ ਇਥੋਂ ਸ਼ੁਰੂ ਹੋਈ ਤੇ ਜਿਸ ਵੇਲੇ ਦਸ਼ਮੇਸ ਜੀ ਨੇ ਅੰਮ੍ਰਿਤ ਛਕਾਇਆ ਇਹ ਅਸੂਲ ਫਿਰ ਦੁਹਰਾਏ ਗਏ।

ਬੁੱਤ ਮਨੁੱਖ ਦੀ ਸੋਚ ਨੂੰ ਸੌੜਿਆਂ ਕਰਦਾ ਹੈ ਕਿ ਚੀਜ਼ ਮੰਦਰ ਵਿੱਚ ਹੀ ਚੜ੍ਹਾਉਣੀ ਹੈ, ਰਸਤੇ ਵਿੱਚ ਭਾਵੇਂ ਕੋਈ ਭੁੱਖਾ ਮਰ ਜਾਵੇ। ਪਰ ਗੁਰਮਤਿ ਨੇ ਕਿਹਾ ਪਰਮਾਤਮਾ ਕੇਵਲ ਮੰਦਰਾਂ ਅਤੇ ਬੁੱਤਾਂ ਵਿੱਚ ਨਹੀਂ ਸਗੋਂ ਹਰ ਇਨਸਾਨ ਦੇ ਵਿੱਚ ਵਸਦਾ ਹੈ:-

**ਸਭ ਮਹਿ ਜੋਤਿ ਜੋਤਿ ਹੈ ਸੋਇ ॥ (੧੩)**

ਕਿਉਂਕਿ ਉਚੇ ਨਾਲ ਸੰਬੰਧ ਰੱਖਣ ਵਾਲੇ ਦੀ ਸੋਚ ਵੀ ਉੱਚੀ ਹੋਵੇਗੀ। ਪਰ ਪੁਜਾਰੀ ਸਿਸਟਮ ਨੇ ਲੋਕਾਈ ਨੂੰ ਕੇਵਲ ਬੁੱਤਾਂ ਤੀਕ ਸੀਮਤ ਕਰ ਦਿੱਤਾ, ਇਸੇ ਲਈ ਹੀ ਸਿੱਖ ਧਰਮ ਅੰਦਰ ਦਾਨ ਦੇਣ ਦੀ ਨਹੀਂ ਬਲਕਿ ਵੰਡ ਛਕਣ ਦੀ ਪ੍ਰਥਾ ਹੈ। ਇਹ ਗੱਲ ਸੰਸਾਰ ਵਿੱਚ ਅਸੀਂ ਆਮ ਵੇਖਦੇ ਹਾਂ ਕਿ ਲੁੱਟਣ ਵਾਲਾ ਜਾਂ ਮੰਗਣ ਵਾਲਾ ਤਿਆਰ ਹੁੰਦਾ ਹੈ ਪਰ ਜਿਸ ਦਾ ਲੁੱਟਿਆ ਜਾਣਾ ਹੈ, ਉਸ ਨੂੰ ਕੁਝ ਵੀ ਪਤਾ ਨਹੀਂ ਪਰ ਗੁਰੂ ਨਾਨਕ ਸਾਹਿਬ ਨੇ ਉਲਟੀ ਗੰਗਾ ਵਹਾਅ ਦਿੱਤੀ:-

**ਹੋਰਿਂਓ ਗੰਗ ਵਹਾਈਐ ਦੁਨਿਆਈ ਆਖੈ ਕਿ ਕਿਓਨੁ ॥ (੯੬੭)**

ਉਹ ਕੀ ਸੀ ਕਿ ਵੰਡ ਛਕਣ ਵਾਲਾ ਮਦਦ ਕਰਨ ਵਾਲਾ ਤਾਂ ਜੇਬ ਵਿੱਚ ਪੈਸੇ ਪਾ ਕੇ ਤਿਆਰ ਬੈਠਾ ਹੈ ਪਰ ਜਿਸਦੀ ਮਦਦ ਕਰਨੀ ਹੈ ਉਸਨੂੰ ਕੁਝ ਵੀ ਪਤਾ ਨਹੀਂ ਪਰ ਦੇਣ ਵਾਲਾ ਤਿਆਰ ਹੈ ਕਿ ਜਦ ਵੀ ਕੋਈ ਦਿਸੇਗਾ ਉਸਦੀ ਮਦਦ ਕਰਾਂਗੇ ਇਹ ਗੱਲ ਗੁਰੂ ਨਾਨਕ ਨੇ ਖਾਲਸੇ ਦੇ ਸੁਭਾਅ ਵਿੱਚ ਪਾਈ।

ਅਜਿਹਾ ਖਾਲਸਾ ਗੁਰੂ ਦੇ ਕਿੰਨਾਂ ਅਧੀਨ ਹੁੰਦਾ ਹੈ ਜਦੋਂ ਅਸੀਂ ਭਾਈ ਡੱਲੇ ਵਾਲੀ ਸਾਖੀ ਪੜ੍ਹਦੇ ਹਾਂ। ਸਮਝ ਆ ਜਾਂਦੀ ਹੈ ਗੁਰੂ ਗੋਬਿੰਦ ਸਿੰਘ ਮਹਾਰਾਜ ਚੌਧਰੀ ਕਪੂਰ ਸਿੰਘ ਕੋਲ ਰੁਕੇ ਹੋਏ ਸੀ। ਕਪੂਰੇ ਦੀ ਭੈਣ ਬੀਬੀ ਕਪੂਰੋ ਡੱਲੇ ਨਾਲ ਵਿਆਹੀ ਹੋਈ ਸੀ। ਕਪੂਰੇ ਦੀ ਇੱਛਾ ਸੀ ਕਿ ਗੁਰੂ ਸਾਹਿਬ ਤਲਵੰਡੀ ਚਲੇ ਜਾਣ ਉਹ ਜਗ੍ਹਾਂ ਇਨ੍ਹਾ ਲਈ Safe ਹੈ। ਹੁਣ ਡੱਲਾ ਗੁਰੂ ਜੀ ਦਾ ਅਨਿੰਨ ਸਿੱਖ ਸੀ। ਉਸਨੇ ਅਪਣੱਤ ਭਰੇ ਭਾਵ ਨਾਲ ਗਿਲਾ ਕੀਤਾ ਕਿ ਤੁਸੀਂ ਮੈਨੂੰ ਯਾਦ ਕਰਦੇ ਹੁਣ ਜਦ ਗੁਰੂ ਜੀ ਨੇ ਇਸਨੂੰ ਇਤਨੇ ਗਹਿਰੇ ਸਦਮੇ ਵਿੱਚ ਦੇਖਿਆ ਤਾਂ ਕਿਹਾ ਕਿ ਆਪਣੇ ਇੱਕ ਜਵਾਨ ਨੂੰ ਬੰਦੂਕ ਦਾ ਨਿਸ਼ਾਨਾ ਪਰਖਣ ਲਈ ਭੇਜੇ ਪਰ ਜਦ ਕੋਈ ਵੀ ਤਿਆਰ ਨਾ ਹੋਇਆ ਤਾਂ ਗੁਰੂ ਜੀ ਨੇ ਸਿੱਖਾਂ ਨੂੰ ਹੁਕਮ ਕੀਤਾ ਤਾਂ ਭਾਈ ਧੀਰ ਸਿੰਘ ਅਤੇ ਬੀਰ ਸਿੰਘ ਆਏ, ਹੁਣ ਬਿਨਾਂ ਬੁਲਾਈ ਮੌਤ ਤਾਂ ਕਿਸੇ ਨੂੰ ਵੀ ਪਰਵਾਨ ਨਹੀਂ। ਪਰ ਇਨ੍ਹਾਂ ਦੇ ਮਨ ਵਿੱਚ ਇੱਕ ਹੀ ਗੱਲ ਸੀ ਕਿ ਗੁਰੂ ਦਾ ਹੁਕਮ ਹੈ ਉਸ ਤੋਂ ਵੱਧ ਕੇ ਕੁਝ ਵੀ ਨਹੀਂ ਬਸ ਇਸੇ ਤਰਾਂ ਹੀ ਸਿੱਖ ਨੇ ਅਕਾਲ ਪੁਰਖ ਨਾਲ ਇਕਮਿਕ ਹੋਣਾ ਹੈ:

**ਦੂਜਾ ਮੇਟੈ ਏਕੋ ਹੋਵੈ ॥ (੩੪੫) ਦੋਮ ਨ ਸੇਮ ਏਕ ਸੋ ਆਹੀ ॥ (੯੪੩)**

Persentage ਤੇ Division ਨੂੰ ਛੱਡ ਕੇ ਆਤਮਿਕ ਤੇ ਮਾਨਸਿਕ ਤੌਰ ਤੇ ਇੱਕ ਹੋਣਾ ਹੈ।

ਅਜਿਹਾ ਖਾਲਸਾ ਜਿਹੜਾ ਇੱਕ ਅਕਾਲ ਪੁਰਖ ਨੂੰ ਮੰਨਣ ਵਾਲਾ ਤੇ ਗੁਰੂ ਦੇ ਹੁਕਮ ਤੇ ਇੰਨ-ਬਿੰਨ ਫੁੱਲ ਚੜ੍ਹਾ ਦੇਣ ਵਾਲਾ ਅਜਿਹਾ ਇਨਸਾਨ ਗਰੀਬਾਂ ਵਿੱਚ ਨਿਤਾਣਿਆਂ ਵਿੱਚ ਵੀ ਆਪਣੇ ਆਪ ਨੂੰ Adjust ਕਰ ਲੈਂਦਾ ਹੈ।

**ਕਬੀਰ ਜਗੁ ਕਾਜਲ ਕੀ ਕੋਠਰੀ ਅੰਧ ਪਰੇ ਤਿਸ ਮਾਹਿ ॥**
**ਹਉ ਬਲਿਹਾਰੀ ਤਿਨ ਕਉ ਪੈਸਿ ਜੁ ਨੀਕਸਿ ਜਾਹਿ ॥ (੧੩੬੫)**

**ਭਾਵ:-** ਖਾਲਸੇ ਨੇ ਗੁਰੂ ਦੇ ਸਿਧਾਂਤ ਨੂੰ ਸੰਸਾਰ ਵਿੱਚ ਕਿਸੇ ਵੀ ਮਾਹੌਲ ਵਿੱਚ ਸਾਰੇ ਪੱਖਾਂ ਵਿੱਚ ਜੀਣਾ ਹੈ ਕਿ ਖਾਲਸਾ ਇਨ੍ਹਾਂ ਸਿਧਾਂਤਾਂ ਨੂੰ ਜੀਵੇਗਾ, ਇਸ ਗੱਲ ਤੇ ਪਹਿਰਾ ਦੇਵੇ। ਇਹੀ ਕਾਰਨ ਸੀ ਕਿ ਗੁਰੂ ਗੋਬਿੰਦ ਸਿੰਘ ਤੋਂ ਬਾਅਦ ਇਹ ਘਟਨਾਵਾਂ ਪੜ੍ਹਨ ਨੂੰ ਮਿਲਦੀਆਂ ਹਨ ਕਿ ਕਿਸੇ ਵੀ ਮਾਹੌਲ ਵਿੱਚ ਆਪਾਂ ਭਾਵ ਕੁਰਬਾਨ ਕਰ ਕੇ ਵੀ ਅਸੂਲ ਨਹੀਂ ਛੱਡੇ ਤੇ ਦਸਮੇਸ਼ ਪਾਤਸ਼ਾਹ ਨੇ ਅੰਮ੍ਰਿਤ ਛਕਾਉਣ ਵੇਲੇ ਇਹ ਦ੍ਰਿੜ ਕਰਾਇਆ ਕਿ ਖਾਲਸਾ ਵਾਅਦਾ ਕਰੇ ਕਿ ਉਹ ਗੁਰੂ ਗ੍ਰੰਥ ਦੀ ਹੋਂਦ ਨੂੰ ਜਿਊਂਦਿਆਂ ਰੱਖੇ। ਕਿਉਂਕਿ ਪੰਥ ਦੀ ਹੋਂਦ ਗੁਰੂ ਗ੍ਰੰਥ ਕਰਕੇ ਹੈ ਉਸ ਤੋਂ ਬਿਨਾਂ ਸਿੱਖ ਨਹੀਂ ਹੋ ਸਕਦਾ ਤੇ ਸਿੱਖ ਕਰਕੇ ਹੀ ਖਾਲਸਾ ਪੰਥ ਹੈ ਤੇ ਖਾਲਸੇ ਲਈ ਅਤਿ ਜ਼ਰੂਰੀ ਸੀ ਕਿ ਉਹ ਗੁਰੂ ਗ੍ਰੰਥ ਸਾਹਿਬ ਦੀ ਹਿਫਾਜ਼ਤ ਕਰੇ ਕਿਉਂਕਿ ਗੁਰੂ ਗ੍ਰੰਥ ਸਾਹਿਬ ਮਹਾਰਾਜ ਤੇ ਸਿੱਧੇ ਅਤੇ ਅਸਿੱਧੇ ਰੂਪ ਵਿੱਚ ਹਮਲੇ ਦਾ ਖਤਰਾ ਸੀ ਤੇ ਇਹ ਪਹਿਲਾ ਹਮਲਾ ਲਖਪਤ ਰਾਇ ਨੇ ਕੀਤਾ, ਜੋ ਹਿੰਦੂ ਸੀ, ਕਿਸੇ ਮੁਸਲਮਾਨ ਨੇ ਨਹੀਂ।

ਜਿਸ ਵੇਲੇ ਖਾਲਸੇ ਦੇ ਜ਼ਿੰਮੇ ਗੁਰੂ ਗ੍ਰੰਥ ਸਾਹਿਬ ਦੀ ਹਿਫਾਜ਼ਤ ਦੀ ਸੇਵਾ ਲਾਈ ਗਈ ਤਾਂ ਉਸਨੇ ਬੜੇ ਲੰਮੇ ਸਮੇਂ ਤੱਕ ਮੁਸ਼ਕਿਲਾਂ ਝੱਲ ਕੇ ਇਹ ਸੇਵਾ ਨਿਭਾਈ ਤੇ ਅੱਜ ਵੀ ਇਕੱਲੇ-ਇਕਹਿਰੇ ਰੂਪ ਵਿੱਚ ਕਰ ਰਿਹਾ ਹੈ ਜੇ ਹੁਣ ਵੀ ਇਹ ਆਪਣੇ ਅਸੂਲਾਂ ਦਾ ਪੱਲਾ ਛੱਡਦਾ ਹੈ ਤਾਂ ਹੁਣ ਵੀ ਤਬਾਹ ਹੁੰਦਿਆਂ ਦੇਰ ਨਹੀਂ ਲਗੇਗੀ। ਕਿਸੇ ਜਥੇਬੰਦੀ, ਡੇਰਾ, ਸੰਸਥਾ ਜਾਂ ਧੜੇ ਨੂੰ ਹੀ ਪੰਥ ਸਮਝ ਲੈਣਾ ਪੰਥ ਲਈ ਵੱਡਾ ਖਤਰਾ ਹੈ।

ਸਤਿਗੁਰੂ ਗ਼ਰੀਬ ਨਿਵਾਜ ਕਰਨ ਕ੍ਰਿਪਾ ਇਹ ਖਾਲਸਾ ਹਮੇਸ਼ਾਂ ਹੀ ਗੁਰੂ ਗ੍ਰੰਥ ਸਾਹਿਬ ਦੀ ਸਿਖਿਆ ਤੇ ਪਹਿਰਾ ਦੇਂਦਾ ਹੋਇਆ ਚੜ੍ਹਦੀ ਕਲਾ ਮਾਣ।

-0-

# ਮਹਾਨ ਪ੍ਰਚਾਰਕ ਗਿਆਨੀ ਦਿੱਤ ਸਿੰਘ



ਮਨਦੀਪ ਸਿੰਘ ਬੱਲੋਪੁਰ 98722-24128

**18 ਅਪਰੈਲ 1877 ਨੂੰ ਸਵਾਮੀ ਦਯਾਨੰਦ ਲਾਹੌਰ ਆਏ ਤਾਂ ਉਨ੍ਹਾਂ ਨੇ ਰਤਨ ਚੰਦ ਦਾਹੜੀਵਾਲੇ ਬਾਗ਼ ਵਿੱਚ ਬਹਿਸਾਂ ਕਰਨੀਆਂ ਸ਼ੁਰੂ ਕੀਤੀਆਂ। ਜਿਹੜਾ ਵਿਅਕਤੀ ਸਵਾਮੀ ਦਯਾਨੰਦ ਦੀ ਗੱਲ ਨਾਲ ਸਹਿਮਤ ਨਹੀਂ ਸੀ ਹੁੰਦਾ, ਉਹ (ਸਵਾਮੀ) ਉਸ ਵਿਅਕਤੀ ਦੀ ਮੂਰਖ ਕਹਿ ਕੇ ਬੇਇੱਜ਼ਤੀ ਕਰ ਦਿੰਦੇ ਸਨ। ਸਵਾਮੀ ਦਯਾਨੰਦ ਦੀਆਂ ਬਹਿਸਾਂ ਦੀ ਹਰ ਪਾਸੇ ਚਰਚਾ ਸੁਣ ਕੇ ਆਪ ਨੇ ਉਨ੍ਹਾਂ ਨਾਲ ਸ੍ਰਿਸ਼ਟੀ ਦੀ ਰਚਨਾ ਦੇ ਵਿਸ਼ੇ 'ਤੇ ਬਹਿਸ ਕੀਤੀ ਅਤੇ ਉਨ੍ਹਾਂ ਦੇ ਅੰਦਰ ਪੈਦਾ ਹੋਏ ਹੰਕਾਰ ਨੂੰ ਤੋੜਿਆ। ਇਸ ਸਬੰਧੀ ਆਪ ਨੇ ਇੱਕ ਪੁਸਤਕ 'ਮੇਰਾ ਅਤੇ ਸਾਧੂ ਦਯਾਨੰਦ ਜੀ ਦਾ ਸੰਵਾਦ' ਵੀ ਲਿਖੀ।**

**ਗਿਆਨੀ ਦਿੱਤ ਸਿੰਘ** ਸਿੱਖ ਕੌਮ ਦੇ ਅਣਥੱਕ ਸੇਵਕ, ਪ੍ਰਸਿੱਧ ਕਵੀ, ਸਮਾਜ ਸੁਧਾਰਕ ਤੇ ਮਹਾਨ ਵਿਦਵਾਨ ਸਨ। ਉਨ੍ਹਾਂ ਦਾ ਜਨਮ 21 ਅਪਰੈਲ 1852 ਨੂੰ ਪਟਿਆਲਾ ਰਿਆਸਤ ਦੇ ਨਗਰ ਨੰਦਪੁਰ ਕਲੌੜ ਵਿੱਚ ਭਾਈ ਦੀਵਾਨ ਸਿੰਘ ਦੇ ਗ੍ਰਹਿ ਵਿੱਚ ਹੋਇਆ। ਆਪ ਦੇ ਪਿਤਾ ਦਾ ਸੁਭਾਅ ਧਾਰਮਿਕ ਬਿਰਤੀ ਵਾਲਾ ਹੋਣ ਕਰਕੇ ਸਿੱਖੀ ਜੀਵਨ ਆਪ ਨੂੰ ਘਰ ਤੋਂ ਹੀ ਪ੍ਰਾਪਤ ਹੋਇਆ। ਆਪ ਦੇ ਘਰ ਵਿੱਚ ਸਾਧੂ-ਸੰਤਾਂ ਦਾ ਆਉਣਾ-ਜਾਣਾ ਅਕਸਰ ਰਹਿੰਦਾ ਸੀ। ਧਰਮੀ ਪਿਤਾ ਤੇ ਸੰਤ-ਮਹਾਪੁਰਸ਼ਾਂ ਦਾ ਆਪ ਦੇ ਬਾਲ ਮਨ ਉੱਤੇ ਵਿਸ਼ੇਸ਼ ਪ੍ਰਭਾਵ ਰਿਹਾ। ਆਪ ਦੀ ਧਾਰਮਿਕ ਲਗਨ ਤੇ ਰੁਚੀ ਨੂੰ ਵੇਖ ਕੇ ਆਪ ਦੇ ਪਿਤਾ ਨੇ ਆਪ ਨੂੰ ਸੰਤ ਗੁਰਬਖ਼ਸ਼ ਸਿੰਘ ਕੋਲ ਪਿੰਡ ਤਿਉੜ ਜ਼ਿਲ੍ਹਾ ਅੰਬਾਲਾ ਵਿੱਚ ਭੇਜ ਦਿੱਤਾ। ਉੱਥੇ ਰਹਿ ਕੇ ਆਪ ਨੇ ਧਾਰਮਿਕ ਗ੍ਰੰਥਾਂ ਦਾ ਅਧਿਐਨ ਕੀਤਾ। ਆਪ ਨੇ ਇਸੇ ਡੇਰੇ ਵਿੱਚ ਪਰਸ਼ੀਅਨ ਦੇ ਉਸਤਾਦ ਦਇਆ ਨੰਦ ਖੱਤਰੀ ਕੋਲੋਂ ਪਰਸ਼ੀਅਨ ਦੀ ਸਿੱਖਿਆ ਪ੍ਰਾਪਤ ਕੀਤੀ ਅਤੇ ਪਿੰਗਲ, ਵਿਆਕਰਨ, ਵੇਦਾਂਤ ਅਤੇ ਰਾਜਨੀਤੀ ਆਦਿ ਦੇ ਗ੍ਰੰਥਾਂ ਦਾ ਅਧਿਐਨ ਕੀਤਾ। ਇਸ ਗੰਭੀਰ ਅਧਿਐਨ ਨੇ ਆਪ ਵਿੱਚ ਹਰੇਕ ਵਿਸ਼ੇ 'ਤੇ ਬਹਿਸ ਕਰਨ ਦੀ ਸਮਰੱਥਾ ਪੈਦਾ ਕਰ ਦਿੱਤੀ।

ਜ਼ਿਲ੍ਹਾ ਅੰਬਾਲਾ ਦੇ ਪਿੰਡ ਤਿਉੜ ਦੇ ਡੇਰੇ ਤੋਂ ਬਾਅਦ ਆਪ ਲਾਹੌਰ ਦੇ ਗੁਲਾਬਦਾਸੀਆਂ ਦੇ ਡੇਰੇ ਵਿੱਚ ਆ ਗਏ। ਇੱਥੇ ਆ ਕੇ ਆਪ ਗੁਲਾਬਦਾਸੀ ਸੰਪ੍ਰਦਾਇ ਦੇ ਬੁਲਾਰੇ ਅਤੇ ਪ੍ਰਚਾਰਕ ਬਣ ਗਏ। ਲਾਹੌਰ ਰਹਿੰਦਿਆਂ ਹੀ ਆਪ ਦੀ ਮੁਲਾਕਾਤ ਓਰੀਐਂਟਲ ਕਾਲਜ ਦੇ ਪੰਜਾਬੀ ਦੇ ਪ੍ਰੋਫ਼ੈਸਰ ਸਰਦਾਰ ਗੁਰਮੁਖ ਸਿੰਘ ਨਾਲ ਹੋਈ। ਪਹਿਲੀ ਮੁਲਾਕਾਤ ਵਿੱਚ ਦੋਵੇਂ ਇੱਕ ਦੂਜੇ ਤੋਂ ਬਹੁਤ ਪ੍ਰਭਾਵਿਤ ਹੋਏ। ਉਸੇ ਸਮੇਂ ਪ੍ਰੋਫ਼ੈਸਰ ਸਾਹਿਬ ਅਤੇ ਆਪ ਦੇ ਵਿਚਕਾਰ ਸਿੱਖ ਕੌਮ ਦੀ ਡੁੱਬਦੀ ਬੇੜੀ ਨੂੰ ਨਿਘਾਰ ਤੋਂ ਬਚਾਉਣ ਬਾਰੇ ਗੱਲ ਚੱਲੀ। ਪ੍ਰੋਫ਼ੈਸਰ ਸਾਹਿਬ ਦੇ ਕਹਿਣ 'ਤੇ ਆਪ ਨੇ ਗਿਆਨੀ ਦੀ ਪ੍ਰੀਖਿਆ ਪਾਸ ਕੀਤੀ। ਇਸ ਮਗਰੋਂ ਆਪ ਨੇ ਕਾਲਜ ਦੇ ਪ੍ਰੋਫ਼ੈਸਰਾਂ ਸਾਹਮਣੇ ਮਨੁੱਖਤਾ, ਮਨੁੱਖੀ-ਗੁਣਾਂ, ਮਨੁੱਖੀ-ਜੀਵਨ-ਆਦਰਸ਼ਾਂ ਆਦਿ ਵਿਸ਼ਿਆਂ 'ਤੇ ਕਈ ਲੈਕਚਰ ਦਿੱਤੇ। ਕਾਲਜ ਦਾ ਪ੍ਰਿੰਸੀਪਲ ਆਪ ਤੋਂ ਕਾਫ਼ੀ ਪ੍ਰਭਾਵਿਤ ਹੋਇਆ ਅਤੇ ਉਸ ਨੇ ਆਪ ਨੂੰ ਧਾਰਮਿਕ ਪ੍ਰੋਫ਼ੈਸਰ ਦੀ ਪੱਕੀ ਨੌਕਰੀ ਦੇ ਦਿੱਤੀ। ਇਸ ਤੋਂ ਬਾਅਦ ਚਾਰੇ ਪਾਸੇ ਆਪ ਦੀ ਚਰਚਾ ਹੋਣ ਲੱਗ ਪਈ।

ਗਿਆਨੀ ਦਿੱਤ ਸਿੰਘ ਦਾ ਸਿੱਖ ਧਰਮ ਵਿੱਚ ਸਭ ਤੋਂ ਵੱਡਾ ਯੋਗਦਾਨ ਸਿੰਘ ਸਭਾ ਲਹਿਰ ਨੂੰ ਸ਼ੁਰੂ ਕਰਨਾ ਸੀ। ਇਸ ਦਾ ਮੁੱਖ ਮਕਸਦ ਲੋਕਾਂ ਨੂੰ ਅੰਧ-ਵਿਸ਼ਵਾਸਾਂ, ਵਹਿਮਾਂ-ਭਰਮਾਂ ਅਤੇ ਫੋਕੀਆਂ ਰਹੁ ਰੀਤਾਂ ਤੋਂ ਮੁਕਤ ਕਰਵਾਉਣਾ ਸੀ। ਸਿੰਘ ਸਭਾ ਲਹਿਰ ਦਾ ਪ੍ਰਭਾਵ ਦੂਰ-ਦੁਰਾਡੇ ਫੈਲਣ ਮਗਰੋਂ ਆਰੀਆ ਸਮਾਜ ਨੇ ਇਸ ਦੀ ਵਿਰੋਧਤਾ ਕੀਤੀ। ਸਿੰਘ ਸਭਾ ਲਹਿਰ ਦੇ ਬਾਨੀਆਂ ਵਿੱਚੋਂ ਆਪ ਨੇ ਆਰੀਆ ਸਮਾਜ ਦੇ ਸਵਾਮੀ ਦਯਾਨੰਦ ਨਾਲ ਧਰਮ ਦੇ ਵਿਸ਼ੇ 'ਤੇ ਬਹਿਸ ਕਰਨ ਲਈ ਟੱਕਰ ਲਈ। 18 ਅਪਰੈਲ 1877 ਨੂੰ ਸਵਾਮੀ ਦਯਾਨੰਦ ਲਾਹੌਰ ਆਏ ਤਾਂ ਉਨ੍ਹਾਂ ਨੇ ਰਤਨ ਚੰਦ ਦਾਹੜੀਵਾਲੇ ਬਾਗ਼ ਵਿੱਚ ਬਹਿਸਾਂ ਕਰਨੀਆਂ ਸ਼ੁਰੂ ਕੀਤੀਆਂ। ਜਿਹੜਾ ਵਿਅਕਤੀ ਸਵਾਮੀ ਦਯਾਨੰਦ ਦੀ ਗੱਲ ਨਾਲ ਸਹਿਮਤ ਨਹੀਂ ਸੀ ਹੁੰਦਾ, ਉਹ (ਸਵਾਮੀ) ਉਸ ਵਿਅਕਤੀ ਦੀ ਮੂਰਖ ਕਹਿ ਕੇ ਬੇਇੱਜ਼ਤੀ ਕਰ ਦਿੰਦੇ ਸਨ। ਸਵਾਮੀ ਦਯਾਨੰਦ ਦੀਆਂ ਬਹਿਸਾਂ ਦੀ ਹਰ ਪਾਸੇ ਚਰਚਾ ਸੁਣ ਕੇ ਆਪ ਨੇ ਉਨ੍ਹਾਂ ਨਾਲ ਸ੍ਰਿਸ਼ਟੀ ਦੀ ਰਚਨਾ ਦੇ ਵਿਸ਼ੇ 'ਤੇ ਬਹਿਸ ਕੀਤੀ ਅਤੇ ਉਨ੍ਹਾਂ ਦੇ ਅੰਦਰ ਪੈਦਾ ਹੋਏ ਹੰਕਾਰ ਨੂੰ ਤੋੜਿਆ। ਇਸ ਸਬੰਧੀ ਆਪ ਨੇ ਇੱਕ ਪੁਸਤਕ 'ਮੇਰਾ ਅਤੇ ਸਾਧੂ ਦਯਾਨੰਦ ਜੀ ਦਾ ਸੰਵਾਦ' ਵੀ ਲਿਖੀ।

ਗਿਆਨੀ ਦਿੱਤ ਸਿੰਘ ਨੇ ਜਾਤ-ਪਾਤ, ਵਹਿਮਾਂ-ਭਰਮਾਂ, ਅੰਧ-ਵਿਸ਼ਵਾਸਾਂ ਦੇ ਵਿਸ਼ਿਆਂ 'ਤੇ ਪੁਸਤਕਾਂ, ਪੈਂਫਲਿਟ ਅਤੇ ਇਸ਼ਤਿਹਾਰ ਛਾਪ ਕੇ ਵੰਡੇ। ਸਿੰਘ ਸਭਾ ਦੇ ਪ੍ਰਚਾਰਕ ਨੇ 'ਖ਼ਾਲਸਾ ਅਖ਼ਬਾਰ' ਛਾਪਣਾ ਸ਼ੁਰੂ ਕੀਤਾ ਤੇ ਇਸ ਵਿੱਚ ਸਭ ਤੋਂ ਵੱਧ ਲੇਖ ਆਪ ਹੀ ਲਿਖਦੇ ਸਨ। ਇਸ ਤੋਂ ਇਲਾਵਾ ਉਰਦੂ ਵਿੱਚ 'ਖ਼ਾਲਸਾ ਗਜ਼ਟ' ਪ੍ਰਸਿੱਧ ਹੋਇਆ। ਆਪ ਨੇ 'ਸੁਪਨ ਨਾਟਕ' ਨਾਂ ਦਾ ਇੱਕ ਨਾਟਕ ਵੀ ਲਿਖਿਆ, ਜਿਸ ਵਿੱਚ ਵਿਅੰਗਾਤਮਕ ਸ਼ੈਲੀ ਵਿੱਚ ਬਾਬਾ ਖੇਮ ਸਿੰਘ ਬੇਦੀ, ਰਾਜਾ ਬਿਕਰਮ ਸਿੰਘ, ਗਿਆਨੀ ਝੰਡਾ ਸਿੰਘ ਆਦਿ ਨੂੰ ਨਾਟਕ ਦੇ ਪਾਤਰ ਬਣਾ ਕੇ ਇਹ ਦੱਸਣ ਦੀ ਕੋਸ਼ਿਸ਼ ਕੀਤੀ ਕਿ ਇਹ ਅਖੌਤੀ ਸੇਵਾਦਾਰ ਪੰਥ ਨੂੰ ਕਿਵੇਂ ਉਜਾੜਨ 'ਤੇ ਲੱਗੇ ਹੋਏ ਹਨ। ਇਨ੍ਹਾਂ ਅਖੌਤੀ ਸੇਵਾਦਾਰਾਂ ਨੇ ਗੁੱਸੇ ਵਿੱਚ ਆ ਕੇ ਆਪ 'ਤੇ ਮਾਣਹਾਨੀ ਦਾ ਕੇਸ ਕਰ ਕੇ 'ਖ਼ਾਲਸਾ ਪ੍ਰੈਸ' ਅਤੇ 'ਖ਼ਾਲਸਾ ਅਖ਼ਬਾਰ' ਬੰਦ ਕਰਵਾ ਦਿੱਤੇ ਸਨ। ਇਸ ਕੇਸ ਵਿੱਚ ਆਪ ਨੂੰ 51 ਰੁਪਏ ਜੁਰਮਾਨਾ ਕੀਤਾ ਗਿਆ ਸੀ। ਇੱਕ ਮਈ 1893 ਨੂੰ 'ਖ਼ਾਲਸਾ ਅਖ਼ਬਾਰ' ਮੁੜ ਜਾਰੀ ਕੀਤਾ ਗਿਆ ਤੇ ਫਿਰ ਆਪ ਇਸ ਦੇ ਅੱਠ ਸਾਲ ਸੰਪਾਦਕ ਰਹੇ। ਇਸ ਦੇ 2 ਸਾਲ ਮਗਰੋਂ 'ਖ਼ਾਲਸਾ ਪ੍ਰੈਸ' ਜਾਰੀ ਕੀਤਾ ਗਿਆ।

ਗਿਆਨੀ ਦਿੱਤ ਸਿੰਘ ਨੇ ਪੰਜਾਬੀ ਸਾਹਿਤ ਦੀ ਝੋਲੀ ਕਾਫ਼ੀ ਪੁਸਤਕਾਂ ਪਾਈਆਂ ਹਨ। 'ਸਿੱਖ ਬੱਚੇ ਦੀ ਸ਼ਹੀਦੀ', 'ਭਾਈ ਤਾਰਾ ਸਿੰਘ ਵਾਂ ਦੀ ਸ਼ਹੀਦੀ', 'ਭਾਈ ਬੋਤਾ ਸਿੰਘ ਦੀ ਸ਼ਹੀਦੀ', 'ਸਿੰਘਣੀਆਂ ਦੇ ਸਿਦਕ', 'ਗੁੱਗਾ ਗਪੌੜਾ', 'ਦੁਰਗਾ ਪ੍ਰਬੋਧ' ਆਦਿ ਆਪ ਦੀਆਂ ਪ੍ਰਸਿੱਧ ਪੁਸਤਕਾਂ ਹਨ।

ਗਿਆਨੀ ਦਿੱਤ ਸਿੰਘ ਨੇ ਆਪਣੇ ਪ੍ਰੋਫ਼ੈਸਰ ਸਾਹਿਬ ਨਾਲ ਮਿਲ ਕੇ ਸਿੱਖ ਵਿੱਦਿਅਕ ਸੰਸਥਾ ਸਥਾਪਤ ਕਰਨ ਦੇ ਚਾਹਵਾਨ ਵਿਅਕਤੀਆਂ ਨੂੰ 20 ਫਰਵਰੀ 1890 ਨੂੰ ਇਕੱਤਰਤਾ ਲਈ ਸੱਦਾ ਪੱਤਰ ਭੇਜੇ। ਇਸ ਮੀਟਿੰਗ ਵਿੱਚ ਸਰਦਾਰ ਅਤਰ ਸਿੰਘ ਨੂੰ ਪ੍ਰਧਾਨ ਚੁਣਿਆ ਗਿਆ ਤੇ ਖ਼ਾਲਸਾ ਕਾਲਜ ਦੀ ਸਥਾਪਨਾ ਲਈ ਕੋਸ਼ਿਸ਼ ਹੋਣ ਲੱਗੀ।

ਆਪ ਨੇ ਇਸ ਕਾਲਜ ਲਈ ਅਣਥੱਕ ਮਿਹਨਤ ਕੀਤੀ। ਪੰਜ ਮਾਰਚ 1882 ਨੂੰ ਖ਼ਾਲਸਾ ਕਾਲਜ ਅੰਮ੍ਰਿਤਸਰ ਦੀ ਨੀਂਹ ਰੱਖੀ ਗਈ। ਇਸ ਕਾਲਜ ਨੂੰ ਵਸਾਉਣ ਲਈ ਆਪ ਦੀ ਮਿਹਨਤ ਨੂੰ ਵੇਖਦਿਆਂ ਕਾਲਜ ਦੇ ਵਿਦਿਆਰਥੀਆਂ ਨੂੰ ਆਪ ਦੇ ਨਾਂ 'ਤੇ ਸਕਾਲਰਸ਼ਿਪ ਵੀ ਦਿੱਤੀ ਜਾਂਦੀ ਹੈ। ਪਤਨੀ ਦੀ ਮੌਤ ਤੋਂ ਬਾਅਦ ਆਪ ਦਾ ਇੱਕ ਬੇਟਾ ਅਤੇ ਇੱਕ ਬੇਟੀ ਰਹਿ ਗਈ ਸੀ। ਮਗਰੋਂ ਇੱਕ ਭਿਆਨਕ ਬੀਮਾਰੀ ਨੇ ਆਪ ਦੀ ਬੇਟੀ ਵੀ ਖੋਹ ਲਈ ਤੇ ਬੇਟਾ ਬਲਦੇਵ ਸਿੰਘ ਨੂੰ ਆਰਥਿਕ ਤੰਗੀ ਕਾਰਨ ਡਾਕਟਰੀ ਪੜ੍ਹਾਈ ਵਿੱਚ-ਵਿਚਾਲੇ ਹੀ ਛੱਡਣੀ ਪਈ। ਸਿੱਖ ਧਰਮ ਤੇ ਸਮਾਜ ਲਈ ਅਣਥੱਕ ਮਿਹਨਤ ਕਰਦਿਆਂ 6 ਸਤਬੰਰ 1901 ਦੀ ਸਵੇਰ ਨੂੰ ਤਕਰੀਬਨ ਸਾਢੇ ਦਸ ਵਜੇ ਸਿੱਖ ਕੌਮ ਦੇ ਮਹਾਨ ਪ੍ਰਚਾਰਕ, ਵਿਦਵਾਨ ਅਤੇ ਸਮਾਜ ਸੁਧਾਰਕ ਗਿਆਨੀ ਦਿੱਤ ਸਿੰਘ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ। -0-

# ਸ. ਕਰਮ ਸਿੰਘ ਜੀ ਹਿਸਟੋਰੀਅਨ ਦਾ ਜੀਵਨ

ਹੀਰਾ ਸਿੰਘ 'ਦਰਦ'

ਸਰਦਾਰ ਕਰਮ ਸਿੰਘ ਜੀ 'ਹਿਸਟੋਰੀਅਨ' ਦੀਆਂ ਬਹੁ-ਮੁੱਲੀਆਂ ਲਿਖਤਾਂ ਦਾ ਸੰਗ੍ਰਹਿ ਇਤਿਹਾਸਕ ਲੇਖ, ਸਿੱਖ ਦਰਬਾਰ ਦੇ ਰੋਜ਼ਨਾਮਚੇ ਤੇ ਚਿੱਠੀਆਂ, ਬਿਰਧਾਂ ਦੇ ਬਿਆਨ ਆਦਿ ਪਾਠਕਾਂ ਦੇ ਪੇਸ਼ ਕਰਨ ਤੋਂ ਪਹਿਲਾਂ ਉਹਨਾਂ ਦੇ ਸਿਖਿਆਦਾਇਕ ਤੇ ਖੋਜੀ ਜੀਵਨ ਉੱਤੇ ਚਾਨਣਾ ਪਾਉਣਾ ਜ਼ਰੂਰੀ ਮਾਲੂਮ ਹੁੰਦਾ ਹੈ।

ਆਪ ਦਾ ਜੀਵਨ ਪੜ੍ਹਨ ਤੋਂ ਸਭ ਤੋਂ ਪਹਿਲੀ ਗੱਲ ਇਹ ਸਿੱਧ ਹੁੰਦੀ ਹੈ ਕਿ ਸਿੱਖਾਂ ਵਿਚ ਆਪ ਪਹਿਲੇ ਇਤਿਹਾਸਕਾਰ ਹੋਏ ਹਨ, ਜਿਨ੍ਹਾਂ ਨੇ ਨਰੋਲ ਇਤਿਹਾਸਕ ਲਗਨ ਨਾਲ ਇਤਿਹਾਸਕ ਕਾਰਜ ਨੂੰ ਛੋਹਿਆ ਹੈ ਤੇ ਵਿਗਿਆਨਕ ਢੰਗ ਨਾਲ ਖੋਜ ਕਰਨ ਤੇ ਇਤਿਹਾਸ ਲਿਖਣ ਦੀ ਬੁਨਿਆਦ ਰੱਖੀ ਹੈ। ਪ੍ਰਿੰ: ਜੋਧ ਸਿੰਘ ਜੀ ਐਮ. ਏ. ਲਿਖਦੇ ਹਨ–

"ਮੈਨੂੰ ਇਹ ਕਹਿਣੋਂ ਸੰਗ ਨਹੀਂ ਕਿ ਉਹ (ਕਰਮ ਸਿੰਘ ਜੀ) ਸਿੱਖਾਂ ਦੇ ਪਹਿਲੇ ਇਤਿਹਾਸਕਾਰ ਸਨ । ਭਾਈ ਸੰਤੋਖ ਸਿੰਘ ਦਾ ਸੂਰਜ ਪ੍ਰਕਾਸ਼, ਭਾਈ ਰਤਨ ਸਿੰਘ ਜੀ ਦਾ ਪੰਥ ਪ੍ਰਕਾਸ਼, ਭਾਈ ਸੁੱਖਾ ਸਿੰਘ ਦਾ ਗੁਰ- ਬਿਲਾਸ ਤੇ ਭਾਈ ਗਿਆਨ ਸਿੰਘ ਜੀ ਦੀ ਖਾਲਸਾ ਤਵਾਰੀਖ ਆਦਿ ਸਾਰੇ ਹੀ ਵਡ-ਮੁੱਲੇ ਗ੍ਰੰਥ ਹਨ ਪਰ ਉਹ ਨਵੀਂ ਇਤਿਹਾਸ ਦੀ ਕਸਵੱਟੀ ਪੁਰ ਨਹੀਂ ਟਿਕ ਸਕਦੇ। ਉਹਨਾਂ ਵਿਚ ਅਸਲੀ ਇਤਿਹਾਸ ਗੁਰੂ-ਭਗਤੀ, ਕਵਿਤਾ ਦੇ ਚਮਤਕਾਰੇ ਤੇ ਲੇਖਕਾਂ ਦੇ ਆਪਣੇ ਵਹਿਮ ਰਲਗਡ ਹੋਏ ਹਨ, ਪਰ ਸ੍ਰ: ਕਰਮ ਸਿੰਘ ਜੀ ਨੇ ਜੋ ਇਤਿਹਾਸਕ ਪੁਸਤਕਾਂ ਤੇ ਲੇਖ ਲਿਖੇ ਹਨ ਅਤੇ ਜਿਸ ਤਰ੍ਹਾਂ ਮਿਹਨਤ ਨਾਲ ਇਤਿਹਾਸਕ ਖੋਜ ਕੀਤੀ ਹੈ ਉਹ ਸਾਨੂੰ ਨਵੇਂ ਵਿਗਿਆਨਕ ਢੰਗ ਨਾਲ ਇਤਿਹਾਸ ਲਿਖਣ ਦਾ ਰਾਹ ਦੱਸਦੀ ਹੈ।"



ਇਸ ਗੱਲ ਦੀ ਪ੍ਰੋੜ੍ਹਤਾ ਪ੍ਰਿੰ: ਤੇਜਾ ਸਿੰਘ ਜੀ ਇਨ੍ਹਾਂ ਸ਼ਬਦਾਂ ਨਾਲ ਕਰਦੇ ਹਨ–

ਸਰਦਾਰ ਕਰਮ ਸਿੰਘ ਜੀ ਸਿੱਖਾਂ ਦੇ ਪਹਿਲੇ ਇਤਿਹਾਸਕਾਰ ਹੋਏ ਹਨ, ਜਿਨ੍ਹਾਂ ਨੇ ਸਿੱਖ ਇਤਿਹਾਸ ਨੂੰ ਇਤਿਹਾਸ ਦੀ ਸ਼ਕਲ ਵਿਚ ਲਿਖਣ ਦਾ ਜਤਨ ਕੀਤਾ ਹੈ। ਜਿਤਨੀ ਖੋਜ, ਜਿਤਨੀ ਮਿਹਨਤ ਇਨ੍ਹਾਂ ਕੀਤੀ ਹੈ, ਅੱਗੇ ਕਿਸੇ (ਸਿੱਖ) ਨੇ ਨਹੀਂ ਕੀਤੀ। ਇਨ੍ਹਾਂ ਤਾਂ ਆਪਣੀ ਸਾਰੀ ਜ਼ਿੰਦਗੀ ਹੀ ਇਸ ਕੰਮ ਦੇ ਅਰਪਣ ਕਰ ਦਿੱਤੀ ਸੀ।

ਇਸ ਤੋਂ ਬਿਨਾਂ ਆਪ ਦਾ ਜੀਵਨ ਪੜ੍ਹ ਕੇ ਇਹ ਵੀ ਸਪੱਸ਼ਟ ਹੋ ਜਾਂਦਾ ਹੈ ਕਿ ਆਪ ਨੂੰ ਇਤਿਹਾਸ ਲਈ ਇਸ਼ਕ ਵਰਗੀ ਲਟਕ ਲੱਗ ਗਈ ਸੀ। ਆਪ ਨੇ ਇਤਿਹਾਸਕ ਖੋਜ ਕਰਨ ਤੇ ਮਸਾਲਾ ਇਕੱਤਰ ਕਰਨ ਲਈ ਦੁੱਖ-ਸੁਖ ਵਲੋਂ ਬੇ-ਪ੍ਰਵਾਹ ਹੋ ਕੇ ਆਸ਼ਕਾਂ ਵਾਂਗ ਹੀ ਜਾਨ ਦੀ ਬਾਜ਼ੀ ਲਾ ਦਿੱਤੀ ਸੀ। ਫਿਰ ਆਪ ਸੱਚੇ ਇਤਿਹਾਸਕਾਰ ਵਾਂਗ ਦਲੇਰੀ ਤੇ ਨਿਡਰਤਾ ਨਾਲ ਸਚਾਈ ਨੂੰ ਪ੍ਰਗਟ ਕਰ ਦੇਂਦੇ ਸਨ। ਆਪ ਵਡਿਆਈ, ਬਦਨਾਮੀ ਜਾਂ ਆਰਥਕ ਲਾਭ ਜਾਂ ਹਾਨੀ ਦੀ ਵੀ ਕੋਈ ਪ੍ਰਵਾਹ ਨਹੀਂ ਕਰਦੇ ਸਨ। ਇਸੇ ਕਰ ਕੇ ਆਪ ਨੂੰ ਆਪਣੇ ਜੀਵਨ ਵਿਚ ਬੜੀਆਂ ਔਕੜਾਂ ਤੇ ਕਠਨਾਈਆਂ ਦਾ ਸਾਹਮਣਾ ਕਰਨਾ ਪਿਆ ਅਤੇ ਭਾਵੇਂ ਉਸ ਸਮੇਂ ਇਸ ਮਹਾਨ ਕਾਰਜ ਲਈ ਪੂਰੀਆਂ ਸਹੂਲਤਾਂ ਪ੍ਰਾਪਤ ਨਾ ਹੋਣ ਕਰ ਕੇ ਆਪ ਬਹੁਤ ਥੋੜ੍ਹਾ ਲਿਖ ਸਕੇ ਹਨ ਅਤੇ ਆਪ ਦੀਆਂ ਆਸਾਂ ਤੇ ਉਮੰਗਾਂ ਅਧੂਰੀਆਂ ਰਹਿ ਗਈਆਂ ਹਨ, ਪਰ ਆਪ ਪੰਜਾਬੀ ਵਿਚ ਨਵੇਂ ਵਿਗਿਆਨਕ ਢੰਗ ਨਾਲ ਇਤਿਹਾਸਕ ਲਿਖਣ ਦੀ ਇਕ ਸ਼ਾਨਦਾਰ ਲੀਹ ਪਾ ਗਏ ਹਨ।

ਸ੍ਰ: ਕਰਮ ਸਿੰਘ ਨਾਲ ਮੇਰੀ ਪਹਿਲੀ ਜਾਣ-ਪਛਾਣ ਉਨ੍ਹਾਂ ਦੀ ਪਹਿਲੀ ਰਚਿਤ ਪੁਸਤਕ 'ਬੰਦਾ ਬਹਾਦਰ' ਦੁਆਰਾ ਹੋਈ। ਇਹ ਸ਼ਾਇਦ 1914-14 ਦੀ ਗੱਲ ਹੈ। ਮੈਂ ਚੱਕ ਨੰਬਰ ੭੩ ਝਬਾਲ ਭਕਨਾ (ਲਾਇਲਪੁਰ) ਵਿਚ ਪ੍ਰਾਇਮਰੀ ਸਕੂਲ ਦਾ ਮੁੱਖ ਅਧਿਆਪਕ ਸਾਂ। ਬੰਦਾ ਬਹਾਦਰ ਪੜ੍ਹ ਕੇ ਮੈਂ ਬੜੀ ਹੀ ਖੁਸ਼ੀ ਮਹਿਸੂਸ ਕੀਤੀ, ਕਿਉਂਕਿ ਪੰਜਾਬੀ ਵਿਚ ਆਪਣੀ ਕਿਸਮ ਦੀ ਇਹ ਪਹਿਲੀ ਇਤਿਹਾਸ ਮੁਤਾਬਕ ਸੀ, ਜੋ ਕਰਾਮਾਤਾਂ ਤੇ ਵਹਿਮਾਂ, ਭਰਮਾਂ ਤੋਂ ਸਾਫ ਅਤੇ ਇਤਿਹਾਸਕ ਅਸੂਲਾਂ ਦੀ ਖੋਜ ਪੁਸਤਕ ਲਿਖੀ ਗਈ ਸੀ। ਮੈਂ ਉਦੋਂ ਹੀ ਮਹਿਸੂਸ ਕਰਦਾ ਹੁੰਦਾ ਸਾਂ ਕਿ ਵਿਗਿਆਨਕ ਢੰਗ ਨਾਲ ਲਿਖਿਆ ਹੋਇਆ ਪੁਰਾਤਨ ਬਜ਼ੁਰਗਾਂ ਦਾ ਇਤਿਹਾਸ ਹੀ ਕੌਮਾਂ ਲਈ ਚਾਨਣ ਮੁਨਾਰਾ ਬਣ ਸਕਦਾ ਹੈ ਅਤੇ ਜੀਵਨ-ਘੋਲ ਵਿਚ ਅੱਗੇ ਵਧਣ ਦਾ ਰਾਹ ਦੱਸ ਸਕਦਾ ਹੈ। ਇਸ ਤੋਂ ਮਗਰੋਂ ਆਪ ਦੀ ਰਚਿਤ ਪੁਸਤਕ 'ਕੱਤਕ ਕਿ ਵੈਸਾਖ' ਮਿਲੀ, ਜਿਸ ਨੇ ਹੋਰ ਕਈ ਭਰਮ-ਭੁਲੇਖੇ ਦੂਰ ਕਰ ਦਿੱਤੇ ਤੇ ਆਪ ਦੇ ਮਿਲਣ ਦੀ ਮੇਰੇ ਦਿਲ ਵਿਚ ਤੀਬਰ ਖਾਹਸ਼ ਪੈਦਾ ਹੋ ਗਈ, ਪਰ ਲੰਮੀਆਂ ਉਡੀਕਾਂ ਮਗਰੋਂ ਆਪ ਦੇ ਦਰਸ਼ਨ ਮੈਨੂੰ ੧੯੨੫ ਵਿਚ ਅੰਮ੍ਰਿਤਸਰ ਜਾ ਕੇ ਹੋਏ ਜਦੋਂ ਕਿ ਮੈਂ 'ਫੁਲਵਾੜੀ' ਜਾਰੀ ਕਰ ਕੇ ਹਾਲ ਬਾਜ਼ਾਰ ਵਚ ਆਪਣੀ ਰਿਹਾਇਸ਼ ਕਰ ਲਈ ਸੀ। ੧੯੨੬ ਤੋਂ ਆਪ ਨੇ ਬਾਕਾਇਦਾ ਫਲਵਾੜੀ' ਵਿਚ ਲੇਖ ਭੇਜਣੇ ਆਰੰਭ ਦਿੱਤੇ ਅਤੇ ਮੇਰੇ ਨਾਲ ਆਪ ਦਾ ਸਨੇਹ ਦਿਨੋਂ ਦਿਨ ਵੱਧਦਾ ਤੇ' ਡੂੰਘਾ ਹੁੰਦਾ ਗਿਆ। ਜਨਵਰੀ ੧੯੩੦ ਵਿਚ ਆਪ ਨੇ ਦਸ ਕੁ ਦਿਨ ਮੇਰੇ ਪਾਸ ਠਿਹਰ ਕੇ ਮਹਾਨ 'ਇਤਿਹਾਸ ਨੰਬਰ' ਸੰਪਾਦਨ ਕੀਤਾ। ਫਿਰ ਮੇਰੀ ਪ੍ਰੇਰਨਾ ਨਾਲ ਉਤਸ਼ਾਹਤ ਹੋ ਕੇ ਇਸੇ ਵਰ੍ਹੇ 'ਸਿੱਖ ਇਤਿਹਾਸ ਸੁਸਾਇਟੀ' ਅਸਥਾਪਨ ਕੀਤੀ ਤੇ ਆਪਣਾ ਜੀਵਨ ਇਤਿਹਾਸ-ਖੋਜ ਲਈ ਅਰਪਨ ਕਰਨ ਦਾ ਭਰੋਸਾ ਦਿੱਤਾ । ਖਾਲਸਾ ਕਾਲਜ ਅੰਮ੍ਰਿਤਸਰ ਦੇ ਪ੍ਰਬੰਧਕਾਂ ਨੇ ਆਪ ਨੂੰ ਇਤਿਹਾਸ ਖੋਜ ਦੇ ਕਾਰਜ ਲਈ ਕਾਲਜ ਵਿਚ ਲੈਣ ਦਾ ਵੀ ਫੈਸਲਾ ਕੀਤਾ, ਪਰ 'ਮਨ ਕੀ ਮਨ ਹੀ ਮਾਹਿ ਰਹੀ' ਅਚਨਚੇਤ ਹੀ ਬੀਮਾਰ ਪੈ ਜਾਣ ਕਰ ਕੇ ਆਪ ੧੦ ਸਤੰਬਰ ੧੯੩੦ ਨੂੰ ਅਕਾਲ ਚਲਾਨਾ ਕਰ ਗਏ। ਆਪ ਦਾ ਸੰਖੇਪ ਜੀਵਨ ਇਸ ਪ੍ਰਕਾਰ ਹੈ :

ਮਾਈ ਭਾਗੋ ਦੇ ਵਰੋਸਾਏ ਹੋਏ, ਇਤਿਹਾਸ ਵਿਚ ਪ੍ਰਸਿੱਧ ਮਾਝੇ ਦੇ ਪਿੰਡ ਝਬਾਲ ਵਿਚ ਮਾਰਚ (੯ ਚੇਤ) ਸੰ: ੧੯੮੪ ਈ: ਵਿਚ ਆਪ ਦਾ ਜਨਮ ਹੋਇਆ। ਭਾਈ ਗੁਰਦਾਸ ਜੀ ਨੇ ਆਪਣੇ ਸਮੇਂ ਦੇ ਪ੍ਰਸਿੱਧ ਸਿੱਖਾਂ ਦਾ ਜ਼ਿਕਰ ਕਰਦਿਆਂ ਹੋਇਆ ਜਿਸ ਬਾਬਾ ਲੰਗਾਹ ਬਾਰੇ ਇਸ ਤਰ੍ਹਾਂ ਲਿਖਿਆ ਹੈ :

"ਪਟੀ ਅੰਦਰ ਚੌਧਰੀ ਢਿਲੋਂ ਲਾਲ ਲੰਗਾਹ ਸੁਹੰਦਾ।"

ਉਹ ਬਾਬਾ ਲੰਗਾਹ ਖਾਨਦਾਨ ਵਿਚੋਂ ਆਪ ਸਰਦਾਰ ਝੰਡਾ ਸਿੰਘ ਜੀ ਦੇ ਸਪੁੱਤਰ ਤੇ ਸਰਦਾਰ ਹਕੀਕਤ ਸਿੰਘ ਦੇ ਪੋਤੇ ਸਨ। ਆਪ ਦੇ ਪਿਤਾ ਸਰਦਾਰ ਝੰਡਾ ਸਿੰਘ ਜੀ ਅੰਗਰੇਜ਼ੀ ਫੌਜ ਵਿਚ ਨੌਕਰੀ ਕਰ ਕੇ ਪੈਨਸ਼ਨ ਪ੍ਰਾਪਤ ਕਰ ਕੇ ਆਏ ਸਨ ਤੇ ਚੱਕ ਨੰਬਰ ੨੯ ਜਨੂਬੀ (ਸਰਗੋਧਾ) ਵਿਚ ਆਪ ਨੂੰ ਦੋ ਮੁਰੱਬੇ ਮਿਲੇ ਹੋਏ ਸਨ।

ਬਚਪਨ ਤੋਂ ਹੀ ਆਪ ਦਾ ਸੁਭਾਅ ਬੜਾ ਖੋਜੀ ਸੀ। ਬਜ਼ੁਰਗਾਂ ਤੋਂ ਪ੍ਰਸ਼ਨ

ਕਰਕੇ ਬੜੀਆਂ ਗੱਲਾਂ ਪੁੱਛਿਆ ਕਰਦੇ ਸਨ। ਕਹਿੰਦੇ ਸਨ ਕਿ ਸੰਤ ਅਤਰ ਸਿੰਘ ਜੀ ਤੋਂ ਜਦੋਂ ਆਪ ਨੇ ਅੰਮ੍ਰਿਤ ਛਕਿਆ ਤਾਂ ਆਪ ਦੀਆਂ ਗੱਲਾਂ ਸੁਣ ਕੇ ਸੰਤ ਜੀ ਨੇ ਕਿਹਾ ਕਿ 'ਕਰਮ ਸਿੰਘ ਤਾਂ ਫਲਾਸਫਰ ਹੈ।"

ਪੰਜ-ਛੇ ਵਰ੍ਹੇ ਦੀ ਉਮਰ ਵਿਚ ਬੜੇ ਚਾਉ ਨਾਲ ਆਪ ਵਿਦਿਆ ਪ੍ਰਾਪਤੀ ਵਿਚ ਜੁਟ ਪਏ। ਪ੍ਰਾਇਮਰੀ ਤੱਕ ਦੀ ਪੜ੍ਹਾਈ ਸਰਕਾਰੀ ਸਕੂਲ ਝਬਾਲ ਵਿਚ ਪਾਸ ਕੀਤੀ। ਮਿਡਲ ਖਾਲਸਾ ਕਾਲਜ ਸਕੂਲ ਅੰਮ੍ਰਿਤਸਰ ਵਿਚ, ਦਸਵੀਂ ਫਿਰ ਤਰਨ ਤਾਰਨ ਵਿਚ ਜਾ ਕੇ ਪਾਸ ਕੀਤੀ। ਫਿਰ ੧੯੦੨ ਵਿਚ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਐਫ.ਐਸ.ਸੀ. ਕਲਾਸ ਵਿਚ ਦਾਖਲ ਹੋ ਗਏ। ਕਾਲਜ ਵਿਚ ਮਜ਼ਮੂਨ ਤਾਂ ਆਪ ਨੇ ਆਪਣੇ ਲਈ ਸਾਇੰਸ ਚੁਣਿਆ, ਪਰ ਕਾਲਜ ਵਿਚ ਹੀ ਆਪ ਨੂੰ ਇਤਿਹਾਸਕ ਪੁਸਤਕਾਂ ਪੜ੍ਹਨ ਦਾ ਸ਼ੌਕ ਲੱਗ ਗਿਆ।

ਇਹ ਸਮਾਂ ਸਿੰਘ ਸਭਾ ਲਹਿਰ ਦੇ ਉਭਾਰ ਦਾ ਸਮਾਂ ਸੀ। ਨੌਜਵਾਨ ਸਿੱਖਾਂ ਵਿਚ ਧਰਮ ਤੇ ਸਿੱਖ-ਇਤਿਹਾਸ ਦਾ ਪ੍ਰੇਮ ਹਲਾਰੇ ਮਾਰ ਰਿਹਾ ਸੀ। ਇਹਨਾਂ ਹੀ ਦਿਨਾਂ ਵਿਚ ਖਾਲਸਾ ਕਾਲਜ ਵਿਚ ਪ੍ਰੋਫੈਸਰ ਜੋਧ ਸਿੰਘ, ਮਾਸਟਰ ਤਾਰਾ ਸਿੰਘ, ਸਰਦਾਰ ਮਾਨ ਸਿੰਘ, ਅਮਰ ਸਿੰਘ ਵਾਸੂ, ਮਾਸਟਰ ਈਸ਼ਰ ਸਿੰਘ ਆਦਿ ਸੱਜਣ ਵੀ ਪੜ੍ਹਦੇ ਸਨ ਜੋ ਮਗਰੋਂ ਪੰਥਕ ਸੇਵਾ ਦੇ ਕਈ ਕਾਰਜ ਖੇਤਰਾਂ ਵਿਚ ਪ੍ਰਸਿੱਧ ਹੋਏ। ਕਾਲਜ ਦੇ ਨੌਜਵਾਨ ਸਿੱਖ ਵਿਦਿਆਰਥੀਆਂ ਵਿਚ ਨਵੀਂ ਜਾਗ੍ਰਤੀ ਆ ਰਹੀ ਸੀ ਤੇ ਉਹ ਪੰਥਕ ਖੇਤਰ ਵਿਚ ਕੁਝ ਕਰਕੇ ਵਿਖਾਉਣ ਦੀਆਂ ਵਿਚਾਰਾਂ ਕਰਦੇ ਰਹਿੰਦੇ ਸਨ।

ਸ੍ਰ: ਅਮਰ ਸਿੰਘ ਵਾਸੂ, ਮਾ: ਈਸ਼ਰ ਸਿੰਘ ਢੋਟੀਆਂ, (ਤਰਨ ਤਾਰਨ) ਤੇ ਸ੍ਰ: ਗੁਰਮੁਖ ਸਿੰਘ ਢੋਟੀਆਂ ਆਪ ਦੇ ਖਾਸ ਜੋਟੀਦਾਰ ਸਨ । ਇਹ ਚਾਰੇ ਮਿੱਤਰ ਭਰਾਵਾਂ ਵਾਂਗ ਇਕੱਠੇ ਰਹਿੰਦੇ ਬਹਿੰਦੇ, ਪੰਥਕ ਹਾਲਤ ਉੱਤੇ ਵਿਚਾਰਾਂ ਕਰਦੇ ਰਹਿੰਦੇ ਤੇ ਕੋਈ ਮਹਾਨ ਪੰਥਕ ਕਾਰਜ ਕਰ ਕੇ ਵਿਖਾਉਣ ਲਈ ਸੋਚਦੇ ਰਹਿੰਦੇ ਸਨ। ਇਕ ਦਿਨ ਇਨ੍ਹਾਂ ਚੌਹਾਂ ਮਿੱਤਰਾਂ ਨੇ ਬੈਠ ਕੇ ਸਲਾਹ ਕੀਤੀ ਤੇ ਆਪੋ ਆਪਣੇ ਲਈ ਵੱਖ- ਵੱਖ ਕੰਮ ਚੁਣ ਕੇ, ਮਿਥ ਕੇ ਪ੍ਰਣ ਕੀਤੇ ਕਿ ਅਸੀਂ ਇਨ੍ਹਾਂ ਕਾਰਜਾਂ ਨੂੰ ਸਿਰੇ ਚਾੜ੍ਹਨ ਲਈ ਆਪਣੇ ਜੀਵਨ ਅਰਪਨ ਕਰਾਂਗੇ।

ਸ੍ਰ: ਕਰਮ ਸਿੰਘ ਨੇ ਕਿਹਾ- "ਮੈਂ ਸਿੱਖ-ਇਤਿਹਾਸ ਦੀ ਵਿਗਿਆਨਕ ਢੰਗ ਨਾਲ ਖੋਜ ਕਰਾਂਗਾ ਤੇ ਸਿੱਖ-ਇਤਿਹਾਸ ਲਿਖਾਂਗਾ, ਕਿਉਂਕਿ ਸਹੀ ਇਤਿਹਾਸ ਤੋਂ ਬਗੈਰ ਕੌਮਾਂ ਨਾ ਜ਼ਿੰਦਾ ਰਹਿ ਸਕਦੀਆਂ ਹਨ ਤੇ ਨਾ ਅੱਗੇ ਵਧ ਸਕਦੀਆਂ ਹਨ।"

ਮਾ: ਈਸ਼ਰ ਸਿੰਘ ਜੀ ਨੇ ਕਿਹਾ- "ਮੈਂ ਧਾਰਮਿਕ ਗ੍ਰੰਥਾਂ ਤੇ ਸਿਧਾਂਤਾਂ ਦਾ ਅਧਿਐਨ ਕਰਾਂਗਾ ਤੇ ਧਾਰਮਿਕ ਵਿਦਿਆਲਾ ਅਸਥਾਪਨ ਕਰ ਕੇ ਸਿੱਖ ਨੌਜਵਾਨਾਂ ਨੂੰ ਸਿੱਖ ਧਰਮ ਦੀ ਸਿੱਖਿਆ ਦੇ ਕੇ ਸੱਚੇ ਧਰਮੀ ਬਨਾਉਣ ਲਈ ਆਪਣਾ ਜੀਵਨ ਲਾਵਾਂਗਾ।"

ਸ੍ਰ: ਅਮਰ ਸਿੰਘ ਵਾਸੂ ਨੇ ਕਿਹਾ- "ਮੈਂ ਅਖਬਾਰ ਨਵੀਸ ਤੇ ਲੇਖਕ ਬਣਾਂਗਾ ਅਤੇ ਸੰਪਾਦਕ ਤੇ ਸਾਹਿਤਕਾਰ ਬਣਨ ਲਈ ਵੱਧ ਤੋਂ ਵੱਧ ਸਿੱਖਿਆ ਪ੍ਰਾਪਤ ਕਰ ਕੇ ਪੰਜਾਬੀ ਦੀ ਤੇ ਪੰਥ ਦੀ ਸੇਵਾ ਕਰਾਂਗਾ।"

ਸਰਦਾਰ ਗੁਰਮੁਖ ਸਿੰਘ ਨੇ ਕਿਹਾ- "ਮੈਂ ਉੱਚ ਵਿੱਦਿਆ ਪ੍ਰਾਪਤ ਕਰ ਕੇ ਪਹਿਲਾਂ ਪ੍ਰੋਫੈਸਰ ਤੇ ਫਿਰ ਕਿਸੇ ਕਾਲਜ ਦਾ ਪ੍ਰਿੰਸੀਪਲ ਬਣ ਕੇ ਵਿਦਿਆ ਨੂੰ ਉੱਨਤ ਲੀਹਾਂ 'ਤੇ ਚਲਾਵਾਂਗਾ ਤੇ ਵਿਦਿਆ ਦਾ ਚਾਨਣ ਫੈਲਾ ਕੇ ਪੰਥ ਦੀ ਸੇਵਾ ਕਰਾਂਗਾ।"

ਇਹਨਾਂ ਚੌਹਾਂ ਨੇ ਆਪਣੇ ਪ੍ਰਣ-ਪੱਤਰ ਲਿਖ ਕੇ ਭਾਈ ਵੀਰ ਸਿੰਘ ਜੀ ਨੂੰ ਦੇ ਦਿੱਤੇ ਸਨ।

ਚਾਰੇ ਮਿੱਤਰ ਇਹ ਫੈਸਲਾ ਕਰ ਕੇ ਆਪੋ ਆਪਣੇ ਆਸ਼ੇ ਮੁਤਾਬਕ ਮੁਤਾਲਿਆ ਕਰਨ ਵਿਚ ਜੁੱਟ ਪਏ। ਕਰਮ ਸਿੰਘ ਹੁਣ ਦਿਨ ਰਾਤ ੨੦-੨੦ ਘੰਟੇ ਪੜ੍ਹਦਾ ਰਹਿੰਦਾ।

ਆਪ ਨੇ ਫਾਰਸੀ ਤੇ ਹਿੰਦੀ ਵੀ ਚੰਗੀ ਤਰ੍ਹਾਂ ਪੜ੍ਹ ਲਈ। ਲਗਾਤਾਰ ਪੜ੍ਹਾਈ ਵਿਚ ਜੁਟੇ ਰਹਿਣ ਕਰ ਕੇ ਥੋੜ੍ਹੇ ਚਿਰ ਵਿਚ ਹੀ ਆਪ ਨੇ ਬੀ.ਏ. ਤੋਂ ਵੀ ਚੰਗੀ

**ਸਰਦਾਰ ਕਰਮ ਸਿੰਘ ਜੀ ਸਿੱਖਾਂ ਦੇ ਪਹਿਲੇ ਇਤਿਹਾਸਕਾਰ ਹੋਏ ਹਨ, ਜਿਨ੍ਹਾਂ ਨੇ ਸਿੱਖ ਇਤਿਹਾਸ ਨੂੰ ਇਤਿਹਾਸ ਦੀ ਸ਼ਕਲ ਵਿਚ ਲਿਖਣ ਦਾ ਜਤਨ ਕੀਤਾ ਹੈ। ਜਿਤਨੀ ਖੋਜ, ਜਿਤਨੀ ਮਿਹਨਤ ਇਨ੍ਹਾਂ ਕੀਤੀ ਹੈ, ਅੱਗੇ ਕਿਸੇ (ਸਿੱਖ) ਨੇ ਨਹੀਂ ਕੀਤੀ। ਇਨ੍ਹਾਂ ਤਾਂ ਆਪਣੀ ਸਾਰੀ ਜ਼ਿੰਦਗੀ ਹੀ ਇਸ ਕੰਮ ਦੇ ਅਰਪਣ ਕਰ ਦਿੱਤੀ ਸੀ। ਇਸ ਤੋਂ ਬਿਨਾਂ ਆਪ ਦਾ ਜੀਵਨ ਪੜ੍ਹ ਕੇ ਇਹ ਵੀ ਸਪੱਸ਼ਟ ਹੋ ਜਾਂਦਾ ਹੈ ਕਿ ਆਪ ਨੂੰ ਇਤਿਹਾਸ ਲਈ ਇਸ਼ਕ ਵਰਗੀ ਲਟਕ ਲੱਗ ਗਈ ਸੀ। ਆਪ ਨੇ ਇਤਿਹਾਸਕ ਖੋਜ ਕਰਨ ਤੇ ਮਸਾਲਾ ਇਕੱਤਰ ਕਰਨ ਲਈ ਦੁੱਖ-ਸੁਖ ਵਲੋਂ ਬੇ-ਪ੍ਰਵਾਹ ਹੋ ਕੇ ਆਸ਼ਕਾਂ ਵਾਂਗ ਹੀ ਜਾਨ ਦੀ ਬਾਜ਼ੀ ਲਾ ਦਿੱਤੀ ਸੀ। ਫਿਰ ਆਪ ਸੱਚੇ ਇਤਿਹਾਸਕਾਰ ਵਾਂਗ ਦਲੇਰੀ ਤੇ ਨਿਡਰਤਾ ਨਾਲ ਸਚਾਈ ਨੂੰ ਪ੍ਰਗਟ ਕਰ ਦੇਂਦੇ ਸਨ। ਆਪ ਵਡਿਆਈ, ਬਦਨਾਮੀ ਜਾਂ ਆਰਥਕ ਲਾਭ ਜਾਂ ਹਾਨੀ ਦੀ ਵੀ ਕੋਈ ਪ੍ਰਵਾਹ ਨਹੀਂ ਕਰਦੇ ਸਨ। ਇਸੇ ਕਰ ਕੇ ਆਪ ਨੂੰ ਆਪਣੇ ਜੀਵਨ ਵਿਚ ਬੜੀਆਂ ਔਕੜਾਂ ਤੇ ਕਠਿਨਾਈਆਂ ਦਾ ਸਾਹਮਣਾ ਕਰਨਾ ਪਿਆ**

ਅੰਗਰੇਜ਼ੀ ਪੜ੍ਹਨੀ, ਲਿਖਣੀ ਸਿੱਖ ਲਈ । ਹੁਣ ਕਾਲਜ ਵਿਚ ਆਪ ਵਧੇਰੇ ਇਤਿਹਾਸਕ ਪੁਸਤਕਾਂ ਹੀ ਪੜ੍ਹਦੇ ਰਹਿੰਦੇ ਸਨ। ਇਤਿਹਾਸਕ ਪੁਸਤਕਾਂ ਪੜ੍ਹਨ ਦਾ ਸ਼ੌਕ ਸਹਿਜੇ-ਸਹਿਜੇ ਇਤਿਹਾਸਕ ਇਸ਼ਕ ਵਿਚ ਬਦਲ ਗਿਆ।

੧੯੦੫ ਦਾ ਵਰ੍ਹਾ ਬੀਤ ਰਿਹਾ ਸੀ। ਚੌਥੇ ਸਾਲ (ਬੀ.ਏ. ਫਾਈਨਲ) ਦੇ ਇਮਤਿਹਾਨ ਵਿਚ ਤਿੰਨ ਚਾਰ ਮਹੀਨੇ ਰਹਿੰਦੇ ਸਨ। ਆਪ ਇਕ ਦਿਨ ਆਪਣੇ ਮਿੱਤਰਾਂ ਨੂੰ ਕਹਿਣ ਲੱਗੇ-"ਭਰਾਵੋ! ਮੈਂ ਤਾਂ ਹੁਣ ਪੜ੍ਹ ਨਹੀਂ ਸਕਦਾ, ਮੇਰਾ ਹਿਰਦਾ ਸਿੱਖ-ਇਤਿਹਾਸ ਦੀ ਖੋਜ ਲਈ ਅਤੇ ਖਿੰਡਿਆ-ਪੁੰਡਿਆ ਮਸਾਲਾ ਇਕੱਤਰ ਕਰਨ ਲਈ ਬੇ-ਚੈਨ ਹੋ ਉਠਿਆ ਹੈ। ਖਾਸ ਕਰ ਕੇ ਜਦ ਮੈਂ ਵੇਖਦਾ ਹਾਂ ਕਿ ਸਿੱਖ ਰਾਜ ਸਮੇਂ ਦੇ ਅੱਸੀ- ਅੱਸੀ, ਨੱਬੇ-ਨੱਬੇ ਸਾਲ ਦੇ ਬਿਰਧ ਬਾਬੇ ਜਿਹਨਾਂ ਨੇ ਸਿੱਖ ਰਾਜ ਦੀਆਂ ਚੜ੍ਹਦੀਆਂ ਤੇ ਢਹਿੰਦੀਆਂ ਕਲਾਂ ਅੱਖੀਂ ਵੇਖੀਆਂ ਜਾ ਸੁਣੀਆਂ ਹਨ, ਅੰਗਰੇਜ਼ਾਂ ਨਾਲ ਯੁੱਧਾਂ ਜੰਗਾਂ ਵਿਚ ਆਪ ਹਿੱਸਾ ਲਿਆ ਹੈ, ਉਹ ਇਕ-ਇਕ ਕਰ ਕੇ ਅੱਖਾਂ ਮੀਟਦੇ ਜਾ ਰਹੇ ਹਨ। ਜਦੋਂ ਮੈਂ ਕਿਸੇ ਇਕ ਬਿਰਧ ਬਾਬੇ ਦੇ ਮਰਨ ਦੀ ਖਬਰ ਸੁਣਦਾ ਹਾਂ ਤਾਂ ਮੈਂ ਮਹਿਸੂਸ ਕਰਦਾ ਹਾਂ ਕਿ ਕੁਝ ਬਹੁ-ਮੁੱਲੀ ਇਤਿਹਾਸਕ ਦੌਲਤ ਅਲੋਪ ਹੋ ਗਈ ਹੈ। ਸੋ ਮੈਂ ਉਹਨਾਂ ਨੂੰ ਮਿਲ ਕੇ ਉਨ੍ਹਾਂ ਦੇ ਬਿਆਨ ਲਿਖਣੇ ਅਤਿ ਜ਼ਰੂਰੀ ਸਮਝਦਾ ਹਾਂ।"

ਮਿੱਤਰਾਂ ਨੇ ਕਿਹਾ-"ਸਾਲਾਨਾ ਇਮਤਿਹਾਨ ਨੂੰ ਕੇਵਲ ਤਿੰਨ ਚਾਰ ਮਹੀਨੇ ਰਹਿੰਦੇ ਹਨ, ਇਮਤਿਹਾਨ ਦੇ ਲਵੋ ਫਿਰ ਚਲੇ ਜਾਣਾ।" ਪ੍ਰਿੰਸੀਪਲ ਸਾਹਿਬ ਤੇ ਹੋਰ ਪ੍ਰੋਫੈਸਰਾਂ ਨੇ ਵੀ ਸਮਝਾਇਆ ਤੇ ਰੋਕਿਆ ਕਿ ਇਮਤਿਹਾਨ ਵਿਚੇ ਛੱਡ ਕੇ ਜਾਣਾ ਸਿਆਣਪ ਨਹੀਂ, ਪਰ ਆਪ ਨਾ ਹੀ ਮੰਨੇ। ਕਹਿਣ ਲੱਗੇ, "ਜੇ ਇਨ੍ਹਾਂ ਚੌਹਾਂ ਮਹੀਨਿਆਂ ਵਿਚ ਕੁਝ ਬਿਰਧ ਬਾਬੇ ਵੀ ਅਕਾਲ ਚਲਾਣਾ ਕਰ ਜਾਣ ਜਿਨ੍ਹਾਂ ਦੇ ਹਿਰਦੇ ਵਿਚ ਬਹੁ-ਮੁੱਲਾ ਇਤਿਹਾਸਕ ਖ਼ਜ਼ਾਨਾ ਜਮ੍ਹਾਂ ਹੈ ਤਾਂ ਫਿਰ ਉਹ ਕਿਥੋਂ ਮਿਲੇਗਾ ? ਪੜ੍ਹਾਈ ਤਾਂ ਫਿਰ ਵੀ ਹੋ ਜਾਏਗੀ, ਪਰ ਇਹ ਬਿਰਧ ਬਾਬੇ ਫਿਰ ਕਿਤੋਂ ਨਹੀਂ ਮਿਲਣਗੇ ?" ਆਪ ਨੇ ਕਿਸੇ ਦੀ ਗੱਲ ਨਾ ਮੰਨੀ ਤੇ ਪਿੰਡ-ਪਿੰਡ ਜਾ ਕੇ ਬਿਰਧਾਂ ਦੇ ਬਿਆਨ ਲਿਖਣ ਲਈ ਕਮਰ-ਕੱਸੇ ਕਰ ਲਏ।

ਪਿਤਾ ਜੀ ਨੂੰ ਪਤਾ ਲੱਗਾ, ਉਨ੍ਹਾਂ ਨੇ ਖਰਚ ਭੇਜਣਾ ਬੰਦ ਕਰ ਦਿੱਤਾ ਤੇ ਲਿਖ ਦਿੱਤਾ ਕਿ ਜੇ ਪੜ੍ਹਾਈ ਵਿਚੇ ਛੱਡ ਕੇ ਜਾਓਗੇ ਤਾਂ ਘਰੋਂ ਕਿਸੇ ਮੱਦਦ ਦੀ ਆਸ ਨਾ ਰਖਣਾ ! ਉਸ ਸਮੇਂ ਇਤਿਹਾਸਕ ਖੋਜ ਦੀ ਕਦਰ ਕਿਸ ਨੂੰ ਸੀ? ਸਭ ਸਮਝਦੇ ਸਨ ਕਿ ਕਰਮ ਸਿੰਘ ਪਾਗਲ ਹੈ ਜੋ ਇਮਤਿਹਾਨ ਛੱਡ ਕੇ ਜਾ ਰਿਹਾ ਹੈ। ਕਿਸੇ ਸਭਾ ਸੁਸਾਇਟੀ ਵਲੋਂ ਕੋਈ ਮੱਦਦ ਨਾ ਮਿਲੀ। ਆਪ ਦੇ ਪਾਸ ਇਸ ਸਮੇਂ ਕੇਵਲ ਪੰਜ ਸੱਤ ਰੁਪਏ ਹੀ ਸਨ, ਪਰ ਆਪ ਦੇ ਹਿਰਦੇ ਵਿਚ ਇਤਿਹਾਸਕ

ਇਸ਼ਕ ਦੀ ਅੱਗ ਨੇ ਭਾਂਬੜ ਬਾਲੇ ਹੋਏ ਸਨ। ਹੁਣ ਤਾਂ ਇਹੋ ਜਿਹੀ ਗੱਲ ਬਣੀ ਹੋਈ ਦਿਸਦੀ ਸੀ:

**ਵਹਿਣ ਪਏ ਦਰਿਆਵਾਂ ਦੇ ਮੁੜਨ ਨਾਹੀ**
**ਭਾਵੇਂ ਘੱਤੀਏ ਬੰਨੀਆਂ ਭਾਰੀਆਂ ਵੇ। (ਵਾਰਸ ਸ਼ਾਹ)**

ਸ੍ਰ: ਕਰਮ ਸਿੰਘ ਹੁਰੀਂ ਕਾਲਜ ਦੀ ਪੜ੍ਹਾਈ ਵਿਚੇ ਛੱਡ ਕੇ ਬਸਤਾ ਗਲ ਵਿਚ ਲਟਕਾ ਕੇ ਕਾਗਜ਼ ਤੇ ਕਲਮ ਦੁਆਤ ਲੈ ਕੇ ਸਿੱਖ ਰਾਜ ਸਮੇਂ ਦੇ ਬਿਰਧ ਬਾਬਿਆਂ ਦੀ ਭਾਲ ਵਿਚ ਪਿੰਡਾਂ ਨੂੰ ਤੁਰ ਪਏ। ਰੇਲ ਦੇ ਕਰਾਏ ਲਈ ਜਾਂ ਘੋੜੇ ਟੱਟੂ ਦੇ ਭਾੜੇ ਲਈ ਆਪ ਪਾਸ ਪੈਸੇ ਨਹੀਂ ਸਨ ਇਸ ਵਾਸਤੇ ਆਪ ਨੇ 'ਪਦ ਯਾਤਰਾ' ਹੀ ਆਰੰਭ ਦਿੱਤੀ। ਆਪ ਨੂੰ ਕਈ ਵਾਰ ਤੀਹ-ਤੀਹ, ਚਾਲੀ-ਚਾਲੀ ਮੀਲ ਰੋਜ਼ਾਨਾ ਪੈਦਲ ਚਲਣਾ ਪੈ ਜਾਂਦਾ, ਪਰ ਜੇ ਕੁਝ ਪੈਸੇ ਕਿਤੋਂ ਹੱਥ ਲੱਗ ਜਾਂਦੇ ਤਾਂ ਟਾਂਗੇ ਘੋੜੇ ਜਾਂ ਗੱਡੀ ਦੁਆਰਾ ਵੀ ਸਫਰ ਕਰ ਲੈਂਦੇ। ਆਪ 'ਪਦ-ਯਾਤਰਾ' ਨੂੰ ਸਾਧਾਂ ਸੰਤਾਂ ਵਾਂਗ ਕੋਈ ਮਹਾਨਤਾ ਨਹੀਂ ਸਨ ਦੇਂਦੇ। ਜਿਸ ਪਿੰਡ ਜਾਂਦੇ, ਰਾਤ ਗੁਰਦੁਆਰੇ ਟਿਕ ਜਾਂਦੇ। ਪੰਜਾਬ ਦੇ ਪਿੰਡਾਂ ਵਿਚ ਪ੍ਰਸ਼ਾਦਾ-ਪਾਣੀ ਪ੍ਰਾਪਤ ਕਰਨ ਵਿਚ ਕੋਈ ਔਖ ਨਹੀਂ ਸੀ ਪਰ ਕਈ ਵੇਰਾਂ ਭੁੱਖੇ ਵੀ ਰਹਿਣਾ ਪੈਂਦਾ। ਜਿਥੇ ਕਿਤੇ ਬਿਰਧ ਬਾਬੇ ਦਾ ਪਤਾ ਲੱਗਦਾ ਤੁਰੰਤ ਉਥੇ ਜਾ ਪਹੁੰਚਦੇ, ਜਿਨ੍ਹਾਂ ਔਕੜਾਂ ਤੇ ਕਠਿਨਾਈਆਂ ਨਾਲ ਆਪ ਨੇ ਬਿਰਧ ਬਾਬਿਆਂ ਦੇ ਵਡ-ਮੁੱਲੇ ਬਿਆਨ ਇਕੱਤਰ ਕੀਤੇ, ਉਨ੍ਹਾਂ ਦਾ ਵਰਣਨ ਕਰਨਾ ਕਲਮ ਦੀ ਸ਼ਕਤੀ ਤੋਂ ਬਾਹਰ ਹੈ। ਆਪ ਨੇ ਆਪਣੀ ਡਾਇਰੀ ਵਿਚ ਕਈ ਘਟਨਾਵਾਂ ਦਰਜ ਕੀਤੀਆਂ ਹਨ। ਜਿਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਆਪ ਦੀ ਜਾਨ ਵੀ ਕਈ ਵੇਰਾਂ ਖਤਰਿਆਂ ਵਿਚ ਪੈਂਦੀ ਰਹੀ।

ਇਨ੍ਹਾਂ ਦਿਨਾਂ ਵਿਚ ਕਰਮ ਸਿੰਘ ਦਾ ਇਕ ਮਿੱਤਰ ਮਾਸਟਰ ਈਸ਼ਰ ਸਿੰਘ ਘਰਜਾਖ ਆਸ਼ਰਮ ਗੁਜਰਾਂਵਾਲਾ ਵਿਚ ਪੜ੍ਹਾਉਣ 'ਤੇ ਲੱਗਾ ਸੀ। ੧੫ ਰੁਪਏ ਮਹੀਨਾ ਮਿਲਦਾ ਸੀ। ਉਸ ਨੇ ਆਪਣੇ ਮਿੱਤਰ ਦਾ ਸਿਦਕ ਤੇ ਇਤਿਹਾਸ-ਪ੍ਰੇਮ ਵੇਖ ਕੇ ਆਪਣੀ ਅੱਧੀ ਤਨਖਾਹ ਸਾਢੇ ਸੱਤ ਰੁਪਏ ਕਰਮ ਸਿੰਘ ਨੂੰ ਦੇਣੀ ਸ਼ੁਰੂ ਕਰ ਦਿੱਤੀ। ਇਸ ਤਰ੍ਹਾਂ ਕਰਮ ਸਿੰਘ ਹੁਰਾਂ ਦਾ ਸੰਗ-ਸਰਫੇ ਨਾਲ ਗੁਜ਼ਾਰਾ ਚੱਲਣ ਲੱਗ ਪਿਆ। ਉਦੋਂ ਦੇ ਸਾਢੇ ਸੱਤ ਰੁਪਏ ਅੱਜ ਕਲ੍ਹ ਸੈਂਕੜਿਆਂ ਦੇ ਬਰਾਬਰ ਹੁੰਦੇ ਸਨ।

ਭਾਈ ਤਖ਼ਤ ਸਿੰਘ ਜੀ ਫੀਰੋਜ਼ਪੁਰ ਵਾਲੇ ਤੇ ਭਾਈ ਮੋਹਨ ਸਿੰਘ ਵੈਦ ਤਰਨ ਤਾਰਨ ਵਾਲੇ ਵੀ ਆਪ ਦਾ ਇਸ ਕਾਰਜ ਵਿਚ ਉਤਸ਼ਾਹ ਵਧਾਂਦੇ ਰਹਿੰਦੇ ਤੇ ਸਹਾਇਤਾ ਵੀ ਕਰਦੇ ਰਹਿੰਦੇ ਸਨ।

ਬਿਰਧਾਂ ਦੇ ਬਿਆਨ ਇਕੱਠੇ ਕਰਨ ਦੀ ਦਿਲਚਸਪ ਘਟਨਾ ਆਪ ਨੇ ਆਪਣੀ ਡਾਇਰੀ ਵਿਚ ਲਿਖੀ ਹੈ। ਉਨ੍ਹਾਂ ਦਿਨਾਂ ਵਿਚ ਪੰਜਾਬ ਵਿਚ ਪਲੇਗ ਦੀ ਵਬਾ (ਬਿਮਾਰੀ) ਫੈਲ ਰਹੀ ਸੀ। ਆਪ ਨੂੰ ਚੇਲੀਆਂ ਵਾਲੇ ਪਿੰਡ ਵਿਚ ਇਕ ਸੌ ਵਰ੍ਹੇ ਤੋਂ ਉੱਪਰ ਉਮਰ ਦਾ ਬਿਰਧ ਬਾਬੇ ਦਾ ਪਤਾ ਲੱਗਾ ਜਿਸ ਨੂੰ ਸਿੱਖ ਰਾਜ ਸਮੇਂ ਦੀਆਂ ਘਟਨਾਵਾਂ ਦੀ ਨਿੱਜੀ ਵਾਕਫੀ ਸੀ। ਆਪ ਉਸ ਪਿੰਡ ਵਿਚ ਜਾ ਪਹੁੰਚੇ। ਉਥੇ ਪਲੇਗ ਪਈ ਹੋਈ ਸੀ. ਲੋਕੀਂ ਪਿੰਡ ਛੱਡ ਕੇ ਬਾਹਰ ਨੱਸ ਗਏ ਸਨ। ਪਿੰਡ ਵਿਚ ਉਹ ਬਿਰਧ ਬਾਬਾ ਤੇ ਉਸ ਦੇ ਕੁਝ ਸਬੰਧੀ ਸਨ ਜੋ ਪਿੰਡੋਂ ਬਾਹਰ ਜਾਣ ਦੀ ਤਿਆਰੀ ਵਿਚ ਸਨ। ਕਰਮ ਸਿੰਘ ਜੀ ਉਥੇ ਜਾ ਪਹੁੰਚੇ।

ਇਨ੍ਹਾਂ ਨੂੰ ਇਸ ਗੱਲ ਦਾ ਫਿਕਰ ਸੀ ਕਿ ਜੇ ਇਸ ਪਲੇਗ ਵਿਚ ਬਾਬਾ ਹੁਰੀਂ ਮਰ ਗਏ ਤਾਂ ਫਿਰ ਮੈਂ ਕੀ ਕਰਾਂਗਾ ਤੋਂ ਘਰ ਵਾਲਿਆਂ ਨੂੰ ਫਿਕਰ ਕਿ ਇਥੋਂ ਨੱਸ ਕੇ ਬਚਣ ਦਾ ਉਪਾਅ ਕਰੀਏ। ਕਰਮ ਸਿੰਘ ਹੁਰਾਂ ਬਾਬੇ ਹੁਰਾਂ ਨਾਲ ਸਿੱਖ ਰਾਜ ਦੀਆਂ ਕਹਾਣੀਆਂ ਦੀਆਂ ਗੱਲਾਂ ਛੋਹ ਦਿੱਤੀਆਂ, ਪਰ ਉਥੇ ਤਾਂ ਮੌਤ ਦੇ ਡਰ ਤੋਂ ਹਫੜਾ- ਤਫੜੀ ਮਚੀ ਹੋਈ ਸੀ। ਘਰ ਵਾਲਿਆਂ ਕਰਮ ਸਿੰਘ ਹੁਰਾਂ ਨੂੰ ਝਾੜ ਪਾਈ ਕਿ ਤੂੰ ਇਹ ਕਿਹਾ ਕੁਵੇਲੇ ਦਾ ਰਾਗ ਛੋਹ ਦਿੱਤਾ ਹੈ ਇਥੋਂ ਚਲਾ ਜਾਹ। ਕਰਮ ਸਿੰਘ ਨੂੰ ਬਹੁਤ ਮਾਯੂਸ ਹੋ ਕੇ ਮੁੜਨਾ ਪਿਆ ਅਤੇ ਉਹ ਬਾਬਾ ਸੱਚ ਮੁੱਚ ਹੀ ਪਲੇਗ ਨਾਲ ਮਰ ਗਿਆ ਤੇ ਇਹ ਸੁਣ ਕੇ ਕਰਮ ਸਿੰਘ ਨੂੰ ਬਹੁਤ ਦੁੱਖ ਹੋਇਆ। ਜਿਨ੍ਹਾਂ ਕਠਿਨਾਈਆਂ ਨਾਲ ਕਰਮ ਸਿੰਘ ਹੁਰਾਂ ਨੇ ਪੰਜਾਬ ਦੇ ਪਿੰਡ-ਪਿੰਡ ਵਿਚ ਫਿਰ ਕੇ ਬਿਰਧ ਬਾਬਿਆਂ ਤੋਂ ਬਿਆਨ ਇਕੱਤਰ ਕੀਤੇ ਹਨ, ਇਸ ਦਾ ਕੁਝ ਕੁ ਵਰਣਨ ਆਪ ਨੇ ਆਪਣੇ ਲੇਖ 'ਮੇਰਾ ਪਹਿਲਾ ਜਤਨ' ਵਿਚ ਕੀਤਾ ਹੈ ਜੋ ਇਸ ਪੁਸਤਕ ਵਿਚ ਅੱਗੇ ਦਿੱਤਾ ਜਾ ਰਿਹਾ ਹੈ। ਮੱਕੇ ਦੀ ਯਾਤਰਾ ਲਈ ਬਗਦਾਦ ਤਕ ਜਾਣ ਦੀ ਆਪ ਦੀ ਦਿਲਚਸਪ ਕਹਾਣੀ ਜੋ ਭਾਈ ਮੋਹਨ ਸਿੰਘ ਵੈਦ ਨੇ ਲਿਖੀ ਹੈ, ਉਹ ਇਥੇ ਲਿਖ ਦੇਣੀ ਦਿਲਚਸਪੀ ਤੋਂ ਖਾਲੀ ਨਹੀਂ ਹੋਵੇਗੀ।

ਬਿਰਧਾਂ ਦੇ ਬਹੁਤ ਸਾਰੇ ਬਿਆਨ ਲੈਣ ਮਗਰੋਂ ਆਪ ਨੇ ਫੈਸਲਾ ਕੀਤਾ ਕਿ ਗੁਰੂ ਨਾਨਕ ਸਾਹਿਬ ਦੀ ਮੱਕਾ, ਮਦੀਨਾ ਤੋਂ ਬਗਦਾਦ ਆਦਿ ਦੀ ਯਾਤਰਾ ਸਬੰਧੀ ਖੋਜ ਕੀਤੀ ਜਾਵੇ। ਇਸ ਯਾਤਰਾ ਲਈ ਰਵਾਨਾ ਹੋਣ ਤੋਂ ਪਹਿਲਾਂ ਆਪ ਭਾਈ ਤਖ਼ਤ ਸਿੰਘ ਜੀ ਨੂੰ ਫੀਰੋਜ਼ਪੁਰ ਜਾ ਕੇ ਮਿਲੇ। ਭਾਈ ਸਾਹਿਬ ਇਸਤਰੀ ਵਿਦਿਆ ਦੇ ਪ੍ਰਚਾਰ ਵਾਂਗ ਸਿੱਖ ਇਤਿਹਾਸ ਦੇ ਬੜੇ ਪ੍ਰੇਮੀ ਸਨ। ਉਹ ਇਹ ਸੁਣ ਕੇ ਬੜੇ ਹੀ ਪ੍ਰਸੰਨ ਹੋਏ ਕਿ ਕਰਮ ਸਿੰਘ ਹੁਰੀਂ ਇਸ ਬਿਖਮ ਯਾਤਰਾ ਲਈ ਜਾਣ ਵਾਸਤੇ ਤਿਆਰ ਹੋਏ ਹਨ। ਉਹਨੀਂ ਦਿਨੀਂ ਮੱਕੇ ਦੀ ਯਾਤਰਾ ਹਾਜੀ ਦਾ ਭੇਸ ਕਰ ਕੇ ਹੀ ਹੋ ਸਕਦੀ ਸੀ, ਕੋਈ ਹਿੰਦੂ ਜਾਂ ਸਿੱਖ ਨਹੀਂ ਜਾ ਸਕਦਾ ਸੀ ਅਤੇ ਕਿਸੇ ਸਮੇਂ ਭੇਦ ਖੁੱਲ੍ਹ ਜਾਣ 'ਤੇ ਜਾਨ ਤਕ ਦਾ ਖਤਰਾ ਵੀ ਸੀ। ਸੋ ਭਾਈ ਸਾਹਿਬ ਨੇ ਕੁਝ ਮਾਇਆ ਦਿੱਤੀ। ਰੇਸ਼ਮੀ ਸੁਰਮਈ ਦਸਤਾਰਾ ਤੇ ਟਸਰੀ ਕਪੜੇ ਬਣਵਾ ਦਿੱਤੇ ਜੋ ਸਫਰ ਵਿਚ ਘੱਟ ਮੈਲੇ ਹੁੰਦੇ ਸਨ ਤੇ ਬੜਾ ਉਤਸ਼ਾਹ ਵੀ ਦਿੱਤਾ। ਮੁਸਲਮਾਨੀ ਕਪੜੇ ਬਣਵਾ ਕੇ ਕਰਮ ਸਿੰਘ ਕਰਾਂਚੀ ਜਾ ਪਹੁੰਚੇ ਜਿਥੇ ਮੱਕੇ ਸ਼ਰੀਫ ਦੀ ਯਾਤਰਾ ਲਈ ਸੈਂਕੜੇ ਹਾਜੀ ਇਕੱਠੇ ਹੋਏ ਸਨ। ਉਥੇ ਆਪ ਨੂੰ ਇਕ ਸੱਯਦ ਮਿਲਿਆ। ਉਹ ਹਾਜੀਆਂ ਦਾ ਜਥੇਦਾਰ ਸੀ। ਉਸ ਨਾਲ ਮੇਲ-ਜੋਲ ਤੇ ਮਿੱਤ੍ਰਤਾ ਵਧਾ ਲਈ। ਉਹ ਕਿਸੇ ਦਵਾਈ ਦਾ ਲੋੜਵੰਦ ਸੀ। ਕਰਮ ਸਿੰਘ ਹੁਰਾਂ ਨੂੰ ਇਤਿਹਾਸ ਖੋਜ ਦੇ ਨਾਲ ਹੀ ਦਵਾਈਆਂ ਦੀਆਂ ਪੁਸਤਕਾਂ ਪੜ੍ਹਨ ਤੇ ਸੰਨਿਆਸੀਆ ਤੋਂ ਨੁਸਖੇ ਪੁੱਛਣ ਦਾ ਵੀ ਸ਼ੌਕ ਸੀ ਤੇ ਆਪ ਨੂੰ ਕਈ ਅਕਸੀਰ ਨੁਸਖੇ ਪਤਾ ਸਨ। ਸੋ ਕਰਮ ਸਿੰਘ ਹੁਰਾਂ ਨੇ ਉਸ ਨੂੰ ਦਵਾਈ ਬਣਾ ਦਿੱਤੀ, ਜਿਹੜੀ ਉਸ ਨੂੰ ਬਹੁਤ ਹੀ ਸੂਤ ਬੈਠ ਗਈ। ਹੁਣ ਤਾਂ ਉਹ ਸਰਦਾਰ ਹੁਰਾਂ ਨਾਲ ਭਰਾਵਾਂ ਵਾਂਗ ਪਿਆਰ ਕਰਨ ਲੱਗ ਪਿਆ। ਉਸ ਨੇ ਕਰਮ ਸਿੰਘ ਹੁਰਾਂ ਨੂੰ ਕਿਹਾ, "ਫਿਕਰ ਨਾ ਕਰੋ ਕੇਸ ਪਿੱਛੇ ਸੁੱਟ ਕੇ ਸੁਰਮਈ ਦਸਤਾਰਾ ਸਜਾ ਲਵੋ, ਹਾਜੀਆਂ ਦਾ ਭੇਸ ਕਰ ਲਓ, ਪੰਜ ਨਮਾਜ਼ਾਂ ਤੁਹਾਨੂੰ ਯਾਦ ਹੀ ਹਨ, ਉਹ ਪੜ੍ਹਦੇ ਰਹਿਣਾ, ਮੈਂ ਤੁਹਾਡੀ ਹਰ ਤਰ੍ਹਾਂ ਮਦਦ ਕਰਾਂਗਾ ਤੇ ਮੱਕੇ ਦੀ ਯਾਤਰਾ ਕਰਾ ਦਿਆਂਗਾ। ਹਾਜੀਆਂ ਦੇ ਜਥੇਦਾਰ ਤੇ ਮੀਤ ਜਥੇਦਾਰ ਦੀ ਸੁਰਮਈ ਦਸਤਾਰ ਹੁੰਦੀ ਹੈ। ਵਾਲ ਪਿੱਛੇ ਸੁੱਟੇ ਹੁੰਦੇ ਹਨ। ਹੱਜ ਦੇ ਦਿਨੀਂ ਹਜਾਮਤ ਉਹ ਨਹੀਂ ਕਰਾਉਂਦੇ। ਕਰਮ ਸਿੰਘ ਨੂੰ ਉਸ ਸੱਯਦ ਨੇ ਹਾਜੀਆਂ ਦਾ ਮੀਤ ਜਥੇਦਾਰ ਬਣਾਇਆ ਤੇ ਮੁਸਲਮਾਨੀ ਨਾਂ ਵੀ ਧਰ ਲਿਆ।

ਜਦ ਬਗਦਾਦ ਪਹੁੰਚੇ, ਵੱਡੀ ਮਸਜਿਦ ਵਿਚ ਠਹਿਰੇ ਤਾਂ ਉਥੇ ਕੁਝ ਪੰਜਾਬੀਆਂ ਨੂੰ ਕਿਸੇ ਕਾਰਨ ਇਨ੍ਹਾਂ ਉਤੇ ਸ਼ੱਕ ਪੈਦਾ ਹੋ ਗਿਆ। ਇਕ ਦਿਨ ਇਨ੍ਹਾਂ ਨੂੰ ਸਵੇਰੇ ਜਪੁ ਜੀ ਦਾ ਪਾਠ ਕਰਦੇ ਵੀ ਸੁਣ ਲਿਆ। ਉਹ ਸਿਰ ਹੋ ਗਏ ਤੇ ਕਹਿਣ ਲੱਗੇ, "ਤੂੰ ਮੁਸਲਮਾਨ ਨਹੀਂ, ਸਿੱਖ ਹੈਂ । ਜੇ ਮੁਸਲਮਾਨ ਹੈਂ ਤਾਂ ਸੁੰਨਤ ਵਿਖਾ।" ਕਰਮ ਸਿੰਘ ਨੇ ਕਿਹਾ, "ਮਾਪਿਆਂ ਨੇ ਮੇਰੀ ਹਾਲਾਂ ਸੁੰਨਤ ਨਹੀਂ ਕਰਾਈ।" ਉਨ੍ਹਾਂ ਨੇ ਕਿਹਾ, "ਤਾਂ ਫਿਰ ਅਸੀਂ ਪਰਸੋਂ ਜੁੰਮੇ ਵਾਲੇ ਦਿਨ ਤੇਰੀ ਸੁੰਨਤ ਵੀ ਕਰਾਵਾਂਗੇ ਤੇ ਵਾਲ ਵੀ ਕਟਾਵਾਂਗੇ ਤਾਂ ਜੋ ਤੂੰ ਪੱਕਾ ਮੋਮਨ ਬਣ ਜਾਵੇਂ।" ਇਹ ਸੁਣ ਕੇ ਕਰਮ ਸਿੰਘ ਹੁਰੀਂ ਬਹੁਤ ਹੀ ਦੁਖੀ ਹੋਏ। ਹੁਣ ਸੱਯਦ ਜਥੇਦਾਰ ਵੀ ਕੋਈ ਮਦਦ ਨਾ ਕਰ ਸਕਿਆ। ਸੋਚਣ ਲੱਗੇ ਹੁਣ ਕੀ ਬਣੇਗਾ? ਕੇਸ ਕਟਾਣ ਨਾਲੋਂ ਤਾਂ ਮਰ ਜਾਣਾ ਚੰਗਾ ਹੈ। ਉਸ ਦਿਨ ਸਾਰੀ ਰਾਤ ਫਿਕਰ ਵਿਚ ਨੀਂਦ ਨਹੀਂ ਆਈ। ਉਸ ਨੂੰ ਯਾਦ ਆ ਗਿਆ ਕਿ ਆਪਣੇ ਕਾਲਜ ਦੇ ਇਕ ਮੁਸਲਮਾਨ ਵਿਦਿਆਰਥੀ ਦਾ ਚਾਚਾ ਇਥੇ ਪੁਲਸ ਅਫਸਰ ਹੈ। ਉਹ ਪਿੰਡ ਦਾਦਨ ਖਾਨ (ਪੰਜਾਬ) ਦਾ ਵਸਨੀਕ ਹੈ।

ਉਸ ਵਿਦਿਆਰਥੀ ਨੇ ਕਿਹਾ ਵੀ ਸੀ ਕਿ ਕੋਈ ਤਕਲੀਫ ਹੋਵੇ ਤਾਂ ਉਸ ਤੋਂ ਸਹਾਇਤਾ ਮੰਗ ਲੈਣੀ। ਸੋ ਕਰਮ ਸਿੰਘ ਹੁਰੀਂ ਤੁਰੰਤ ਉਹਦੇ ਪਾਸ ਚਲੇ ਗਏ ਤੇ

ਸਾਰਾ ਦੁੱਖ ਦੱਸਿਆ। ਉਸ ਨੇ ਹਮਦਰਦੀ ਕੀਤੀ, ਢਾਰਸ ਦਿੱਤੀ ਤੇ ਇਨ੍ਹਾਂ ਦਾ ਬਿਸਤਰਾ ਆਪ ਆਪਣੇ ਘਰ ਹੀ ਮੰਗਵਾ ਲਿਆ ਅਤੇ ਇਨ੍ਹਾਂ ਨੇ ਤੰਗ ਕਰਨ ਵਾਲਿਆਂ ਨੂੰ ਸਖਤ ਤਾੜਨਾ ਕਰ ਦਿੱਤੀ ਕਿ ਜੇ ਇਸ ਪ੍ਰਦੇਸੀ ਨੂੰ ਕੁਝ ਕਹੋਗੇ ਤਾਂ ਸਖਤ ਸਜ਼ਾ ਦਿੱਤੀ ਜਾਵੇਗੀ। ਇਸ ਤਰ੍ਹਾਂ ਉਸ ਪੁਲਿਸ ਅਫਸਰ ਦੀ ਸਹਾਇਤਾ ਨਾਲ ਆਪ ਇਕ ਭਾਰੀ ਮੁਸੀਬਤ ਤੋਂ ਬਚ ਗਏ। ਸੰਤ ਜਵਾਲਾ ਸਿੰਘ ਦੀ ਪਟਿਆਲਾ ਵਾਲਿਆਂ ਨੇ ਇਸ ਪੁਲਿਸ ਅਫਸਰ ਦਾ ਨਾਂ ਮੁਹੰਮਦ ਅਜ਼ਾਦ ਆਫਿੰਦੀ ਦੱਸਿਆ ਹੈ। ਸਰਦਾਰ ਕਰਮ ਸਿੰਘ ਹੁਰੀਂ ਮੱਕੇ ਤਕ ਤਾਂ ਨਹੀਂ ਗਏ ਪਰ ਬਗਦਦ ਰਹਿ ਕੇ ਗੁਰੂ ਨਾਨਕ ਸਾਹਿਬ ਦੀ ਯਾਤਰਾ ਸਬੰਧੀ ਖੋਜ ਪੜਤਾਲ ਕਰ ਕੇ ਵਾਪਸ ਆ ਗਏ।

ਜਦੋਂ ਕਰਮ ਸਿੰਘ ਹੁਰੀਂ ਬਗਦਾਦ ਯਾਤਰਾ ਤੋਂ ਵਾਪਸ ਮੁੜੇ ਤਾਂ ਆਪ ਕੜਾਹ ਪ੍ਰਸ਼ਾਦ ਕਰਵਾ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਹਾਜ਼ਰ ਹੋਏ। ਅੱਗੋਂ ਗ੍ਰੰਥੀ ਸਾਹਿਬ ਕਹਿਣ ਲੱਗੇ, "ਤੁਸੀਂ ਮੁਸਲਮਾਨੀ ਦੇਸ਼ ਵਿਚ ਗਏ, ਮੁਸਲਮਾਨਾਂ ਦੇ ਹੱਥ ਦਾ ਪ੍ਰਸ਼ਾਦਾ ਛਕਦੇ ਰਹੇ ਹੋ, ਇਸ ਕਰ ਕੇ ਤੁਹਾਡਾ ਅਰਦਾਸਾ ਨਹੀਂ ਹੋ ਸਕਦਾ। ਤਨਖਾਹ ਲਵਾ ਕੇ ਅੰਮ੍ਰਿਤ ਛਕੋ, ਫਿਰ ਅਰਦਾਸਾ ਹੋਵੇਗਾ।"

ਇਹ ਉਹ ਦਿਨ ਸਨ ਜਦੋਂ ਗੁਰਦੁਆਰਿਆਂ ਉੱਤੇ ਉਨ੍ਹਾਂ ਪੁਜਾਰੀਆਂ ਦਾ ਕਬਜ਼ਾ ਸੀ। ਜੋ ਅੰਮ੍ਰਿਤਧਾਰੀ ਤਿਆਰ-ਬਰ-ਤਿਆਰ ਸਿੰਘ ਸਭੀਆਂ ਦੇ ਅਰਦਾਸੇ ਨਹੀਂ ਸਨ ਕਰਦੇ। ਕਹਿੰਦੇ ਸਨ-ਤੁਸੀਂ ਚੂਹੜੇ ਚਮਾਰਾਂ ਨੂੰ ਅੰਮ੍ਰਿਤ ਛਕਾਉਂਦੇ ਹੋ, ਮੁਸਲਮਾਨਾਂ ਤੋਂ ਛੂਤ-ਛਾਤ ਨਹੀਂ ਕਰਦੇ। ਭਾਈ ਮੋਹਨ ਸਿੰਘ ਵੈਦ ਲਿਖਦੇ ਹਨ- ਇਕੇਰਾਂ ਸ੍ਰ: ਸੁੰਦਰ ਸਿੰਘ ਮਜੀਠੀਆ ਦੀ ਵੀ ਅਰਦਾਸ ਨਹੀਂ ਸੀ ਹੋਈ ਅਤੇ ਇਕ ਵੇਰਾਂ ਸਰਬਰਾਹ ਨੇ ਇਕ ਪੁਜਾਰੀ ਨੂੰ ਇਸ ਅਪਰਾਧ ਬਦਲੇ ੪੦ ਰੁਪਏ ਜੁਰਮਾਨਾ ਕੀਤਾ ਸੀ, ਕਿਉਂਕਿ ਉਸ ਨੇ ਕਿਸੇ ਸਿੰਘ-ਸਭੀਏ ਦੀ ਅਰਦਾਸ ਕਰ ਦਿੱਤੀ ਸੀ। ਜਦੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪੁਜਾਰੀਆਂ ਨੇ ਭਾਈ ਕਰਮ ਸਿੰਘ ਨੂੰ ਇਹ ਗੱਲ ਆਖੀ ਤਾਂ ਉਹਨਾਂ ਅੱਗੋਂ ਇਹ ਉੱਤਰ ਦਿੱਤਾ-"ਸਤਿਗੁਰੂ ਬਖਸ਼ਿੰਦ ਤੇ ਜਾਣੀ-ਜਾਣ ਹੈ, ਮੈਂ ਕੋਈ ਕੁਰਹਿਤ ਨਹੀਂ ਕੀਤੀ। ਮੁਸਲਮਾਨਾਂ ਦੇ ਹੱਥ ਦਾ ਤਿਆਰ ਕੀਤਾ ਭੋਜਨ ਮੈਂ ਜ਼ਰੂਰ ਛਕਦਾ ਰਿਹਾ ਹਾਂ, ਪਰ ਮੈਂ ਸਮਝਦਾ ਹਾਂ ਕਿ ਇਸ ਤਰ੍ਹਾਂ ਕਰਨਾ ਸਿੱਖੀ ਵਿਰੁੱਧ ਨਹੀਂ, ਪਰ ਜੇ ਤੁਸੀਂ ਇਸ ਨੂੰ ਭੁੱਲ ਮੰਨ ਕੇ ਤਨਖਾਹ ਲਾਉਣਾ ਚਾਹੁੰਦੇ ਹੋ ਤਾਂ ਅਜੇ ਖਬਰੇ ਕਿੰਨਾ ਚਿਰ ਮੈਨੂੰ ਇਸੇ ਤਰ੍ਹਾਂ ਵਿਚਰਨਾ ਪਵੇਗਾ। ਸੋ ਚੰਗਾ ਹੈ ਕਿ ਸਿੱਖ ਇਤਿਹਾਸ ਲਿਖਣ ਦੇ ਮਗਰੋਂ ਮੈਂ ਇਕੱਠੀ ਹੀ ਭੁੱਲ ਬਖਸ਼ਵਾ ਕੇ ਤਨਖਾਹ ਲਵਾ ਲਵਾਂ।"

ਬਗਦਾਦ ਤੋਂ ਵਾਪਸ ਮੁੜ ਕੇ ਆਪ ਨੇ ਪਹਿਲਾਂ 'ਬੰਦਾ ਬਹਾਦਰ' ਲਿਖਿਆ। ਫਿਰ 'ਕੱਤਕ ਕਿ ਵਸਾਖ' ਲਿਖਿਆ। ਇਨ੍ਹਾਂ ਪੁਸਤਕਾਂ ਦਾ ਲਿਖਣ ਢੰਗ ਨਵੀਨ ਸੀ। ਇਹ ਇਤਿਹਾਸਕ-ਖੋਜ ਦਾ ਨਮੂਨਾ ਸਨ, ਪਰ ਸ਼ਰਧਾ, ਭਗਤੀ ਵਾਲੇ ਪੁਰਾਣੇ ਸਿੱਖਾਂ ਨੂੰ ਇਹ ਪਸੰਦ ਨਾ ਆਈਆਂ। 'ਕਤਕ ਕਿ ਵਸਾਖ' ਪੜ੍ਹ ਕੇ ਤਾਂ ਚੀਫ ਖਾਲਸਾ ਦੀਵਾਨ ਦੇ ਕਈ ਮੁਖੀਏ ਵੀ ਨਰਾਜ਼ ਹੋ ਗਏ। ਕੁਝ ਪੁਸਤਕਾਂ ਹੀ ਬਾਹਰ ਗਈਆਂ ਸਨ ਕਿ ਬਾਕੀ ਸਾਰੀ ਐਡੀਸ਼ਨ ਵੇਚਣੋਂ ਬੰਦ ਕਰ ਦਿੱਤੀ ਗਈ। ਕਰਮ ਸਿੰਘ ਹੁਰਾਂ ਦੀ ਇਤਿਹਾਸਕ ਖੋਜ ਦੀ ਉਸ ਸਮੇਂ ਸਿੱਖ ਆਗੂਆਂ ਵੱਲੋਂ ਸਰਪ੍ਰਸਤੀ ਨਾ ਹੋਈ ਤੇ ਉਹ ਮਾਇਆ ਤੋਂ ਬਗੈਰ ਇਹ ਮਹਾਨ ਕਾਰਜ ਜਾਰੀ ਨਹੀਂ ਰੱਖ ਸਕਦੇ ਸਨ। ਪਿਤਾ ਜੀ ਵਲੋਂ ਵੀ ਖਰਚ ਤੇ ਸਹਾਇਤਾ ਬੰਦ ਸੀ।

ਉਨ੍ਹਾਂ ਫੈਸਲਾ ਕੀਤਾ ਕਿ ਆਪ ਕਮਾਈ ਕਰ ਕੇ ਮਾਇਆ ਵਲੋਂ ਬੇ-ਫਿਕਰ ਹੋ ਕੇ ਫਿਰ ਮੈਂ ਇਹ ਕਾਰਜ ਨਿੱਜੀ ਤੌਰ 'ਤੇ ਹੀ ਕਰਾਂਗਾ। ਸੋ ਪਹਿਲਾਂ ਆਪ ਆਪਣੇ ਮਿੱਤਰ ਸ੍ਰ: ਅਮਰ ਸਿੰਘ ਜੀ ਵਾਸੂ ਨਾਲ ਰਲ ਕੇ ਸਰਗੋਧੇ ਵਿਚ ਕੰਮ ਕਰਨ ਲੱਗੇ। ਸੰਨਿਆਸੀ ਆਸ਼ਰਮ' ਨਾਂ ਦਾ ਦਵਾਈ ਖਾਨਾ ਜਾਰੀ ਕੀਤਾ ਤੇ ਦੇਸੀ ਦੁਆਈਆਂ ਬਣਾ ਕੇ ਵੇਚਣ ਲੱਗੇ। ਸ੍ਰ: ਕਰਮ ਸਿੰਘ ਹੁਰਾਂ ਨੂੰ ਕਈ ਚੰਗੇ-ਚੰਗੇ ਨੁਸਖੇ ਪਤਾ ਸਨ। ਇਸ ਕੰਮ ਰਾਹੀਂ ਚੰਗੀ ਆਮਦਨ ਸ਼ੁਰੂ ਹੋ ਗਈ, ਪਰ ਆਪ ਦੇ ਮਿੱਤਰ ਪੰਡਤ ਜਵਾਲਾ ਸਿੰਘ ਜੀ ਪਟਿਆਲਾ ਵਾਲੇ, ਆਪ ਨੂੰ ਪਟਿਆਲੇ ਲੈ ਗਏ। ਉਥੇ ਆਪ ਨੂੰ 'ਸਟੇਟ ਹਿਸਟੋਰੀਅਨ' ਮੁਕੱਰਰ ਕਰ ਦਿੱਤਾ ਗਿਆ। ਉਥੇ ਉਦੋਂ ਸਰ ਜੋਗਿੰਦਰ ਸਿੰਘ ਜੀ ਚੀਫ ਮਨਿਸਟਰ ਲੱਗੇ ਹੋਏ ਸਨ। ਆਪ ਨੇ ਉਥੇ ਹੀ ਮਹਾਰਾਜਾ ਆਲਾ ਸਿੰਘ' ਲਿਖਿਆ। ਕੁਝ ਪੰਜਾਬੀ ਰੀਡਰਾਂ ਤਿਆਰ ਕੀਤੀਆਂ, ਪਰ ਛੇਤੀ ਹੀ ਆਪ ਮਹਿਸੂਸ ਕਰਨ ਲੱਗ ਪਏ ਕਿ ਪਟਿਆਲਾ ਰਾਜ ਦਰਬਾਰ ਦਾ ਤੰਗ ਵਾਯੂ ਮੰਡਲ ਬਿਲਕੁਲ ਉਨ੍ਹਾਂ ਦੀ ਆਜ਼ਾਦ ਤਬੀਅਤ ਦੇ ਅਨੁਕੂਲ ਨਹੀਂ ਹੈ। ਆਪ ਨੇ ਮਹਾਰਾਜਾ ਸਾਹਿਬ ਦੀ ਨੌਕਰੀ ਛੱਡ ਦਿੱਤੀ।

ਫਿਰ ਆਪ ਨੇ 'ਚਿੱਤ੍ਰ ਪ੍ਰਕਾਸ਼ਕ ਕੰਪਨੀ' ਜਾਰੀ ਕੀਤੀ। ਕੁਝ ਚਿਰ ਮਗਰੋਂ ਇਹ ਕਾਰਜ ਛੱਡ ਕੇ ਫਿਰ ਆਪ ਨੇ ਨਵੇਂ ਵਲੈਤੀ ਢੰਗਾਂ ਨਾਲ ਖੇਤੀ ਬਾੜੀ ਕਰਨ ਦਾ ਫੈਸਲਾ ਕਰ ਲਿਆ। ਪਹਿਲਾਂ ਪਤਾਰਸੀ (ਪਟਿਆਲਾ) ਵਿਚ ਜ਼ਮੀਨ ਲੈ ਕੇ ਵਾਹੀ ਕੀਤੀ। ਫਿਰ ਯੂ.ਪੀ. ਵਿਚ ਨੈਨੀਤਾਲ ਦੇ ਪਾਸ ਆਪ ਨੇ ਤਿੰਨ ਕੁ ਹਜ਼ਾਰ ਵਿੱਘੇ ਜ਼ਮੀਨ ਲੈ ਕੇ ਖੇਤੀ ਬਾੜੀ ਕਰਨੀ ਆਰੰਭ ਦਿੱਤੀ। ਇਥੇ 'ਨਿਆ ਗਾਉ" ਪਿੰਡ ਵਿਚ ਰਿਹਾਇਸ਼ ਰੱਖੀ। ਖੇਤਾਂ ਨੂੰ ਤਾਰਾਂ ਨਾਲ ਵਲਿਆ। ਕਈ ਹਜ਼ਾਰ ਦੀਆਂ ਮਸ਼ੀਨਾਂ ਮੰਗਾਈਆਂ। ਖੇਤੀਬਾੜੀ ਦਾ ਕੰਮ ਪੂਰੀ ਸਰਗਰਮੀ ਨਾਲ ਅਰੰਭ ਦਿੱਤਾ। ਖੇਤੀਬਾੜੀ ਦੇ ਨਾਲ ਨਾਲ ਆਪ ਨੇ ਇਤਿਹਾਸ ਖੋਜ ਦਾ ਕੰਮ ਵੀ ਜਾਰੀ ਰੱਖਿਆ। ਆਪ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ-ਜੋਤਿ ਸਮਾਉਣ ਤੋਂ ਲੈ ਕੇ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਆਰੰਭ ਹੋਣ ਤੱਕ ਦਾ ਸਮਾਂ ਅਰਥਾਤ ੧੮ਵੀਂ ਸਦੀ ਦੇ ਪੰਜਾਬ ਦੇ ਇਤਿਹਾਸ ਦਾ ਸਮਾਂ ਚੁਣਿਆ। ਵੱਖ-ਵੱਖ ਲਾਇਬਰੇਰੀਆਂ ਵਿਚ ਜਾ ਕੇ ਇਸ ਸਮੇਂ ਦੀਆਂ ਅੰਗਰੇਜ਼ੀ ਤੇ ਫਾਰਸੀ ਦੀਆਂ ਪੁਸਤਕਾਂ ਪੜ੍ਹੀਆਂ। ਹਿੰਦੁਸਤਾਨ ਦੀ ਸ਼ਾਇਦ ਹੀ ਕੋਈ ਲਾਇਬਰੇਰੀ ਹੋਵੇਗੀ, ਜਿਥੇ ਆਪ ਨਾ ਪੁੱਜੇ ਹੋਣ। ਪੰਜਾਬ ਪਬਲਿਕ ਲਾਇਬ੍ਰੇਰੀ ਆਪ ਨੇ ਸਾਰੀ ਛਾਣ ਮਾਰੀ ਸੀ। ਪਟਿਆਲਾ, ਬਦਾਯੂੰ, ਦਰਭੰਗਾ, ਕਲਕੱਤਾ, ਅਲੀਗੜ੍ਹ ਆਦਿਕ ਸਭ ਲਾਇਬ੍ਰੇਰੀਆਂ ਖੋਲ ਕੇ ਸੰਬੰਧਤ ਇਤਿਹਾਸਕ ਪੁਸਤਕਾਂ ਪੜ੍ਹੀਆਂ ਤੇ ਨੋਟ ਲਿਖੇ ਏਸ਼ੀਆਟਿਕ ਲਾਇਬ੍ਰੇਰੀ ਵੀ ਵੇਖੀ। ਇਸ ਸਮੇਂ ਦੇ ਇਤਿਹਾਸਕ ਵਿਚ ਬੜੀਆਂ ਗੁੰਝਲਾਂ ਸਨ। ਵੱਡੀ ਦਿਕਤ ਇਹ ਸੀ ਕਿ ਇਸ ਸਮੇਂ ਦਾ ਇਤਿਹਾਸ ਲੜੀ ਵਾਰ ਕਿਸੇ ਨੇ ਨਹੀਂ ਸੀ ਲਿਖਿਆ। ਸਿੱਖਾਂ ਦੇ ਘੋਲਾਂ, ਕੁਰਬਾਨੀਆਂ ਤੇ ਜਿੱਤਾਂ ਦਾ ਵੀ ਇਹੋ ਸ਼ਾਨਦਾਰ ਸਮਾਂ ਹੈ। ਇਸ ਸਮੇਂ ਦਾ ਸਹੀ ਇਤਿਹਾਸ ਪੰਜਾਬ ਲਈ ਤੇ ਖਾਸ ਕਰਕੇ ਸਿੱਖਾਂ ਲਈ ਉਨਤੀ ਦਾ ਰਾਹ ਦੱਸਣ ਵਾਲਾ ਚਾਨਣ ਮੁਨਾਰਾ ਬਣ ਸਕਦਾ ਹੈ। ਸ੍ਰ: ਕਰਮ ਸਿੰਘ ਜੀ ਕਹਿੰਦੇ ਹਨ ਕਿ ਉਨ੍ਹਾਂ ਨੇ ਇਸ ਸਮੇਂ ਦੀਆਂ ਸਭ ਇਤਿਹਾਸਕ ਗੁੰਝਲਾਂ ਖੋਲ੍ਹ ਲਈਆਂ ਹਨ। ੧੩-੧੪ ਕਾਪੀਆਂ ਨੋਟਾਂ ਨਾਲ ਭਰੀਆਂ ਸਨ। ਆਪ ਦਾ ਇਰਾਦਾ ਹਾਲਾਂ ਬ੍ਰਿਟਿਸ਼ ਮਿਊਜ਼ਮ ਲੰਡਨ ਵਿਚ ਜਾ ਕੇ ਵੀ ਖੋਜ-ਪੜਤਾਲ ਕਰਨ ਦਾ ਸੀ। ਹਜ਼ਾਰਾਂ ਰੁਪਏ ਖਰਚ ਕੇ ਆਪ ਨੇ ਕਈ ਪੁਸਤਕਾਂ ਨਕਲ ਕਰਵਾਈਆਂ ਤੇ ਕਈ ਦੁਰਲਭ ਪੁਸਤਕਾਂ ਖਰੀਦੀਆਂ ਸਨ। ਆਪ ਦੀ ਯਾਦ-ਸ਼ਕਤੀ ਬੜੀ ਬਲਵਾਨ ਸੀ। ਇਸ ਵਾਸਤੇ ਆਪ ਨੋਟ ਘੱਟ ਕਰਦੇ ਸਨ ਤੇ ਆਪ ਨੂੰ ਆਪਣੀ ਯਾਦ-ਸ਼ਕਤੀ 'ਤੇ ਇਤਨਾ ਭਰੋਸਾ ਸੀ ਕਿ ਆਪ ਕਹਿੰਦੇ ਹੁੰਦੇ ਸਨ ਕਿ ਖੇਤੀਬਾੜੀ ਦੇ ਕਾਰਜ ਨੂੰ ਚੰਗੀ ਤਰ੍ਹਾਂ ਰੋੜ੍ਹੇ ਪਾ ਕੇ ਮੈਂ ਜਦੋਂ 'ਨੈਨੀਤਾਲ' ਇਤਿਹਾਸ ਲਿਖਣ ਲਈ ਡੇਰਾ ਲਾ ਕੇ ਬੈਠਾਂਗਾ ਤੇ ਛੇ ਮਹੀਨਾ ਜਾਂ ਵਰ੍ਹੇ ਵਿਚ ਹੀ ਇਸ ਸਮੇਂ ਦੇ ਇਤਿਹਾਸ ਨੂੰ ਲਿਖ ਦਿਆਂਗਾ। ਇਤਿਹਾਸ ਦੀ ਪੁਸਤਕ ਤਾਂ ਇਕੋ ਵਾਰ ਪੜ੍ਹ ਕੇ ਉਨ੍ਹਾਂ ਨੂੰ ਯਾਦ ਹੋ ਜਾਂਦੀ ਸੀ।

ਆਪ ਨੇ ਖੇਤੀਬਾੜੀ ਦੀਆਂ ਵੀ ਕਈ ਪੁਸਤਕਾਂ ਮੰਗਵਾ ਕੇ ਪੜ੍ਹੀਆਂ ਸਨ ਤੇ ਵਿਗਿਆਨਕ ਢੰਗ ਨਾਲ ਖੇਤੀਬਾੜੀ ਦੇ ਤਜਰਬੇ ਕਰ ਰਹੇ ਸਨ। ਆਪ ਨੂੰ ਉਮੀਦ ਸੀ ਕਿ ਵਰ੍ਹੇ ਦੇ ਵਰ੍ਹੇ ਮਗਰੋਂ ਆਪ ਇਧਰੋਂ ਵਿਹਲੇ ਹੋ ਕੇ ਪੂਰੀ ਤਰ੍ਹਾਂ ਇਤਿਹਾਸਕ ਕੰਮ ਵਿਚ ਜੁੱਟ ਜਾਣਗੇ, ਪਰ ਅਫਸੋਸ **ਨਰ ਚਾਹਤ ਕਛੁ ਅਉਰ ਅਉਰੈ ਕੀ ਅਉਰੈ ਭਈ ॥ (1426)** ਆਪ ਬੀਮਾਰ ਪੈ ਗਏ। ਅਸਲ ਵਿਚ ਆਪ ਪੜ੍ਹਨ-ਲਿਖਣ ਦੇ ਕੰਮ ਵਿਚ ਇਤਨੇ ਜੁੱਟ ਜਾਇਆ ਕਰਦੇ ਸਨ ਕਿ ਆਪ ਨੂੰ ਸਰੀਰਕ ਅਰੋਗਤਾ ਦੀ ਵੀ ਪ੍ਰਵਾਹ ਨਹੀਂ ਸੀ ਰਹਿੰਦੀ। ਕਈ ਸਾਹਿਤਕਾਰ, ਖੋਜੀ ਤੇ ਸਾਇੰਸਦਾਨ ਇਸ ਬੇ-ਪ੍ਰਵਾਹੀ ਦੇ ਕਾਰਨ ਕਈ ਰੋਗ ਸਹੇੜ ਲੈਂਦੇ ਹਨ

ਤੇ ਸਮੇਂ ਤੋਂ ਪਹਿਲਾਂ ਹੀ ਕੂਚ ਕਰ ਜਾਂਦੇ ਹਨ। ਕਰਮ ਸਿੰਘ ਹੁਰਾਂ ਨੇ ਵੀ ਆਪਣੀ ਇਕ ਅੱਖ ਇਸੇ ਬੇ-ਪ੍ਰਵਾਹੀ ਨਾਲ ਗਵਾ ਲਈ ਸੀ। ਇਕ ਵੇਰਾਂ ਰਾਤ ਸਮੇਂ ਉਠ ਉਤੇ ਚੜ੍ਹੇ ਜਾਂਦਿਆਂ ਆਪ ਦੀ ਇਕ ਅੱਖ ਨੂੰ ਕਿੱਕਰ ਦਾ ਕੰਡਾ ਲਗ ਗਿਆ ਸੀ। ਖ਼ੂਨ ਵਗਿਆ, ਪਤਾਰਸੀ ਆ ਕੇ ਪੱਟੀ ਕਰਾਈ। ਡਾਕਟਰ ਸੋਹਨ ਸਿੰਘ ਜੀ ਨੇ ਸਖਤ ਤਾੜਨਾ ਕੀਤੀ ਕਿ ਅੱਖ ਰਾਜ਼ੀ ਹੋਣ 'ਤੇ ਪੱਟੀ ਖੁਲ੍ਹਾਣ ਤੋਂ ਪਹਿਲਾਂ ਪੜ੍ਹਾਈ ਨਹੀਂ ਕਰਨੀ ਤੇ ਆਪ ਪੱਟੀ ਨਹੀਂ ਖੋਲ੍ਹਣੀ, ਪਰ ਆਪ ਨੂੰ ਜਦ ਇਕ ਨਵੀਂ ਇਤਿਹਾਸ ਦੀ ਪੁਸਤਕ ਹੱਥ ਲੱਗੀ ਤਾਂ ਪੜ੍ਹਨੋਂ ਨਾ ਰਹਿ ਨਾ ਸਕੇ। ਫਿਰ ਪੱਟੀ ਵੀ ਖੋਲ੍ਹ ਦਿੱਤੀ। ਸਿੱਟਾ ਇਹ ਨਿਕਲਿਆ ਕਿ ਆਪ ਦੀ ਇਕ ਅੱਖ ਮਾਰੀ ਗਈ।

ਕਰੜੀ ਦਿਮਾਗੀ ਮਿਹਨਤ ਤੇ ਅਰੋਗਤਾ ਵਲੋਂ ਬੇ-ਪ੍ਰਾਵਹੀ ਦੇ ਕਾਰਨ ਆਪ ਤਪਦਿਕ ਦੇ ਸ਼ਿਕਾਰ ਹੋ ਗਏ ਸਨ, ਪਰ ਆਪ ਦਵਾਈਆਂ ਜਾਣਦੇ ਸਨ ਤੇ ਦਵਾਈਆਂ ਦੀ ਮਦਦ ਨਾਲ ਬੀਮਾਰੀ ਨੂੰ ਕੰਟਰੋਲ ਹੇਠ ਕੀਤਾ ਹੋਇਆ ਸੀ। ਬੀਮਾਰੀ ਦੀ ਹਾਲਤ ਵਿਚ ਹੀ ਆਪ ਨੇ ਅੰਮ੍ਰਿਤਸਰ ਆ ਕੇ ਫੁਲਵਾੜੀ ਦਾ ਇਤਿਹਾਸ ਨੰਬਰ ਪ੍ਰਕਾਸ਼ਤ ਕੀਤਾ ਸੀ। ਮੈਂ ਉਨ੍ਹਾਂ ਨੂੰ ਕਰੜੀ ਤਾਕੀਦ ਵੀ ਕੀਤੀ ਸੀ ਕਿ ਆਪ ਪਹਿਲਾਂ ਸਿਹਤ ਬਹਾਲ ਕਰੋ, ਬੀਮਾਰੀ ਤੋਂ ਮੁਕੰਮਲ ਅਰੋਗਤਾ ਪ੍ਰਾਪਤ ਕਰੋ, ਫਿਰ ਕੋਈ ਹੋਰ ਕੰਮ ਕਰੋ, ਕਿਉਂਕਿ ਆਪ ਦੀ ਜ਼ਿੰਦਗੀ ਇਸ ਸਮੇਂ ਕੌਮੀ ਦੌਲਤ ਹੈ। ਇਸ ਨੂੰ ਬਚਾ ਕੇ ਇਤਿਹਾਸਕ ਕਾਰਜ ਨੂੰ ਮੁਕੰਮਲ ਕਰਨਾ ਆਪ ਦਾ ਕੌਮੀ ਫਰਜ਼ ਹੈ, ਪਰ ਆਪ ਆਪਣਾ ਪੂਰਾ ਇਲਾਜ ਕਰਨ ਤੇ ਅਰੋਗਤਾ ਦਾ ਧਿਆਨ ਰੱਖਣ ਦੀ ਤਸੱਲੀ ਦੇ ਕੇ ਵਾਪਸ ਚਲੇ ਗਏ।

ਅਗਸਤ, ੧੯੩੦ ਵਿਚ ਆਪ ਨੂੰ ਮਲੇਰੀਆ ਹੋ ਗਿਆ। ਸਹਿਜੇ-ਸਹਿਜੇ ਬੀਮਾਰੀ ਵੱਧਦੀ ਗਈ। ਨਿਆ ਗਾਉਂ ਤੋਂ ਤਰਨ ਤਾਰਨ ਮੰਗਵਾ ਲਿਆ ਗਿਆ: ਹਮਦਰਦ ਡਾਕਟਰਾਂ ਨੇ ਪੂਰੀ ਵਾਹ ਲਾਈ, ਪਰ ਬਿਮਾਰੀ ਬਹੁਤ ਵਧ ਗਈ ਸੀ। ਨਮੂਨੀਆਂ ਵੀ ਹੋ ਚੁੱਕਾ ਸੀ। ਆਖਰ ਆਪ ੧੦ ਸਤੰਬਰ, ੧੯੩੦ ਨੂੰ ਇਸ ਸੰਸਾਰ ਤੋਂ ਸਦਾ ਲਈ ਕੂਚ ਕਰ ਗਏ ਅਤੇ ਸਭ ਸੱਜਣਾਂ-ਮਿੱਤਰਾਂ ਨੂੰ ਸਦਾ ਲਈ ਵਿਛੋੜ ਗਏ। ਤਰਨ ਤਾਰਨ ਵਿਚ ਹੀ ਆਪ ਦਾ ਅੰਤਮ ਸੰਸਕਾਰ ਕੀਤਾ ਗਿਆ। ਇਸ ਤਰ੍ਹਾਂ ਅਚਨਚੇਤ ਹੀ ਆਪ ਦੇ ਸਦਾ ਲਈ ਵਿਛੜ ਜਾਣ ਦੇ ਬਾਅਦ ਪੰਥਕ ਆਗੂਆਂ ਤੇ ਵਿਦਵਾਨਾਂ ਨੇ ਮਹਿਸੂਸ ਕੀਤਾ ਕਿ ਕਰਮ ਸਿੰਘ ਦੇ ਨਾਲ ਹੀ ਬਹੁ- ਮੁੱਲਾ ਇਤਿਹਾਸਕ ਖਜ਼ਾਨਾ ਵੀ ਲੁੱਟਿਆ ਗਿਆ ਹੈ।

**ਆਪ ਦੀਆਂ ਰਚਨਾਵਾਂ–**

ਆਪ ਤੋਂ ਜਿਤਨੀਆਂ ਆਸਾਂ ਸਨ ਤੇਂ ਆਪ ਨੇ ਜੋ ਕੁਝ ਲਿਖਣਾ ਸੀ, ਉਸ ਮਣ ਵਿਚੋਂ ਕਣ ਮਾਤਰ ਹੀ ਆਪ ਦੀਆਂ ਰਚਨਾਵਾਂ ਸਾਡੇ ਪਾਸ ਆਪ ਦੀ ਯਾਦਗਾਰ ਰਹਿ ਗਈਆਂ ਹਨ। ਆਪ ਦੇ ਲਿਖੇ ਖਰੜੇ ਤੇ ਨੋਟਾਂ ਦੀਆਂ ਕਈ ਕਾਪੀਆਂ ਤੋਂ ਬਿਨਾਂ ਹੇਠਾਂ ਲਿਖੀਆਂ ਪੁਸਤਕਾਂ ਪ੍ਰਕਾਸ਼ਤ ਹੋਈਆਂ ਹਨ:-

(੧) ਬੰਦਾ ਬਹਾਦਰ।
(੨) ਕੱਤਕ ਕਿ ਵਸਾਖ।
(੩) ਜੀਵਨ ਹਰਨਾਮ ਕੌਰ।
(੪) ਜੀਵਨ ਸਦਾ ਕੌਰ।
(੫) ਬੰਦਾ ਕੌਣ ਥਾ (ਉਰਦੂ)
(੬) ਮਹਾਰਾਜਾ ਆਲਾ ਸਿੰਘ।
(7) ਗੁਰਪੁਰਬ ਨਿਰਣੈ।
(੮) ਅਮਰ ਖਾਲਸਾ।
(੯) ਗੁਰ ਗਾਥਾ।

ਪਟਿਆਲੇ ਰਹਿਣ ਸਮੇਂ ਆਪ ਨੇ ਸਕੂਲਾਂ ਲਈ ਕੁਝ ਵਿਦਿਅਕ ਰੀਡਰਾਂ ਵੀ ਲਿਖੀਆਂ ਸਨ। ਕਈ ਇਤਿਹਾਸਕ ਲੇਖ, ਬਿਰਧਾਂ ਦੇ ਬਿਆਨ ਤੇ ਕਾਜ਼ੀ ਨੂਰ ਮੁਹੰਮਦ ਦੇ ਜੰਗ-ਨਾਮੇ ਸਬੰਧੀ ਲੇਖ ਲਿਖੇ ਸਨ, ਜੋ ਫੁਲਵਾੜੀ ਵਿਚ ਛਪਦੇ ਰਹੇ ਹਨ ਤੇ ਇਸ ਪੁਸਤਕ ਵਿਚ ਇਕੱਤਰ ਕਰ ਕੇ ਪ੍ਰਕਾਸ਼ਤ ਕੀਤੇ ਜਾ ਰਹੇ ਹਨ।

**ਸਿੱਖ ਇਤਿਹਾਸ ਸੁਸਾਇਟੀ–**

'ਫੁਲਵਾੜੀ' ਇਤਿਹਾਸ ਨੰਬਰ ਪ੍ਰਕਾਸ਼ਤ ਹੋਣ ਮਗਰੋਂ ਸਿੱਖ-ਇਤਿਹਾਸ ਦੇ ਪ੍ਰੇਮੀਆਂ ਨੂੰ ਇਕ ਜ਼ੋਰਦਾਰ ਹਲੂਣਾ ਵੱਜਾ। ੨੨ ਦਸੰਬਰ, ੧੯੨੯ ਨੂੰ ਅਕਾਲ ਤਖ਼ਤ ਸਾਹਿਬ ਉੱਤੇ ਇਕ ਆਰੰਭਕ ਮੀਟਿੰਗ ਕੀਤੀ ਗਈ ਤੇ ਸਿੱਖ-ਇਤਿਹਾਸ ਸੁਸਾਇਟੀ ਕਾਇਮ ਕੀਤੀ ਗਈ। ਸਰਦਾਰ ਕਰਮ ਸਿੰਘ ਜੀ ਨੂੰ ਇਸ ਦਾ ਸਕੱਤਰ ਬਣਾਇਆ ਗਿਆ ਤੇ ਇਸ ਸੁਸਾਇਟੀ ਦੇ ਮੈਂਬਰਾਂ ਵਿਚ ਹੇਠਾਂ ਲਿਖੇ ਸੱਜਣ ਵੀ ਸ਼ਾਮਲ ਕੀਤੇ ਗਏ-

ਪ੍ਰਿੰ: ਤੇਜਾ ਸਿੰਘ ਜੀ, ਬਾਵਾ ਬੁਧ ਸਿੰਘ ਜੀ, ਬਾਵਾ ਪ੍ਰੇਮ ਸਿੰਘ ਜੀ ਹੋਤੀ, ਪ੍ਰੋਫੈਸਰ ਜੋਧ ਸਿੰਘ ਜੀ, ਬਾਵਾ ਹਰਿਕਸ਼ਨ ਸਿੰਘ ਜੀ, ਭਾਈ ਤਖ਼ਤ ਸਿੰਘ ਜੀ, ਗਿਆਨੀ ਹੀਰਾ ਸਿੰਘ ਜੀ 'ਦਰਦ' ਆਦਿ। ਇਸ ਦੇ ਨਾਲ ਹੀ ਖਾਲਸਾ ਕਾਲਜ ਅੰਮ੍ਰਿਤਸਰ ਦੇ ਪ੍ਰਬੰਧਕਾਂ ਨੇ ਵੀ ਫੈਸਲਾ ਕੀਤਾ ਕਿ ਸ੍ਰ: ਕਰਮ ਸਿੰਘ ਨੂੰ ਖਾਲਸਾ ਕਾਲਜ ਵਚ ਲੈ ਲਿਆ ਜਾਵੇਗਾ ਤੇ ਇਤਿਹਾਸ-ਖੋਜ ਦਾ ਇਕ ਵਿਭਾਗ ਕਾਇਮ ਕੀਤਾ ਜਾਵੇਗਾ। ਬੜੀਆਂ ਆਸਾਂ ਬੱਝ ਗਈਆਂ ਸਨ ਕਿ ਸ੍ਰ: ਕਰਮ ਸਿੰਘ ਜੀ ਦੀ ਅਗਵਾਈ ਵਿਚ ਸਿੱਖ ਇਤਿਹਾਸ ਦਾ ਕਾਰਜ ਹੁਣ ਪੂਰੀ ਸਰਗਰਮੀ ਨਾਲ ਆਰੰਭ ਹੋ ਜਾਵੇਗਾ, ਪਰ ਆਪ ਦੇ ਅਚਾਨਕ ਅਕਾਲ ਚਲਾਣੇ ਨੇ ਇਹਨਾਂ ਆਸਾਂ ਉਤੇ ਪਾਣੀ ਫੇਰ ਦਿੱਤਾ।

**ਗ੍ਰਹਿਸਤੀ ਜੀਵਨ–**

ਆਪ ਦੀ ਸ਼ਾਦੀ ਵਿਦਿਆਰਥੀ ਸਮੇਂ ਹੀ ਲਗ-ਪਗ ਵੀਹ-ਬਾਈ ਵਰ੍ਹੇ ਦੀ ਆਯੂ ਵਿਚ ਹੋ ਗਈ ਸੀ। ਆਪ ਦੇ ਘਰ ਚਾਰ ਭੁਝੰਗੀਆਂ ਨੇ ਜਨਮ ਲਿਆ। ਵੱਡਾ ਭੁਝੰਗੀ ਸ੍ਰ: ਰਣਬੀਰ ਸਿੰਘ ਹੈ। ਅੱਜ-ਕਲ੍ਹ ਇਹ ਬੱਸੀ ਪਠਾਣਾਂ (ਪਟਿਆਲਾ) ਵਿਚ ਰਹਿੰਦਾ ਹੈ। ਦੂਜੇ ਭਰਾ ਪਤਾਰਸੀ (ਪਟਿਆਲਾ) ਵਿਚ ਹਨ। ਆਪ ਦੀ ਸਿੰਘਣੀ ਪਹਿਲਾਂ ਹੀ ਅਕਾਲ ਚਲਾਣਾ ਕਰ ਗਈ ਸੀ।

**ਗੁਣ ਅਤੇ ਸੁਭਾਉ–**

ਸਰਦਾਰ ਕਰਮ ਸਿੰਘ ਜੀ ਲੰਮੇ ਪਤਲੇ ਜਵਾਨ ਸਨ। ਬੜੇ ਉਤਸ਼ਾਹੀ ਤੇ ਚੜ੍ਹਦੀਆਂ ਕਲਾ ਵਿਚ ਰਹਿਣ ਵਾਲੇ ਸਨ। ਖ਼ਾਲਸਈ ਜੋਸ਼ ਆਪ ਦੇ ਲੂੰ-ਲੂੰ ਵਿੱਚ ਧੱਸਿਆ ਹੋਇਆ ਸੀ। ਆਪ ਭਾਵੇਂ ਬੜੇ ਆਲਮ ਤੇ ਵਿਦਵਾਨ ਸਨ, ਪਰ ਰਹਿਣੀ-ਬਹਿਣੀ ਆਪ ਦੀ ਬੜੀ ਸਾਦੀ ਸੀ। ਜਦ ਪਿੰਡ ਵਿਚ ਜਾਂਦੇ, ਪਰ੍ਹੇ ਵਿਚ ਬੈਠ ਕੇ ਆਪਣੇ ਪੇਂਡੂ ਭਰਾਵਾਂ ਨਾਲ ਗੱਲਾਂ ਕਰ ਕੇ ਬੜਾ ਆਨੰਦ ਮਾਣਦੇ ਸਨ। ਆਪ ਠੇਠ ਤੇ ਬਾ-ਮੁਹਾਵਰਾ ਪੰਜਾਬੀ ਬੋਲਦੇ ਤੇ ਲਿਖਦੇ ਸਨ। ਆਪ ਦੀ ਲਿਖਤ ਵਿਚ ਲਗਦੀ ਵਾਹ ਅੰਗਰੇਜ਼ੀ ਤੇ ਫਾਰਸੀ ਦਾ ਸ਼ਬਦ ਕੋਈ ਨਹੀਂ ਸੀ ਆਉਂਦਾ। ਆਪ ਅੰਗ-ਪਾਲ ਮਿੱਤਰ, ਅਣਥੱਕ ਖੋਜੀ, ਸੱਚੇ ਕਿਰਤੀ, ਗੁਣਕਾਰੀ ਸੱਜਣ, ਨਿਡਰ ਤੇ ਸਦਾ ਸੱਚ ਬੋਲਣ ਵਾਲੇ ਲੇਖਕ ਸਨ। ਆਪ ਨੂੰ ਇੱਜ਼ਤ ਤੇ ਨਾਮਣੇ ਨਾਲੋਂ ਸੱਚਾ ਇਤਿਹਾਸ ਲਿਖਣ ਦੀ ਹਰ ਵੇਲੇ ਚੇਟਕ ਲੱਗੀ ਰਹਿੰਦੀ ਸੀ। ਆਪ ਨੂੰ ਮਿਲ ਕੇ ਕਿਸੇ ਨੂੰ ਬੜੀ ਹੀ ਪ੍ਰਸੰਨਤਾ ਪ੍ਰਾਪਤ ਹੁੰਦੀ ਸੀ। ਆਪ ਆਪਣੀਆਂ ਇਤਿਹਾਸਕ ਤੇ ਵਾਕਫੀ ਭਰਪੂਰ ਗੱਲਾਂ ਨਾਲ ਹਰ ਇਕ ਨੂੰ ਮੋਹ ਲੈਂਦੇ ਸਨ। ਆਪ ਦੀ ਯਾਦ ਸ਼ਕਤੀ ਬੜੀ ਬਲਵਾਨ ਸੀ।

ਆਪ ਨੂੰ ਭਰੋਸਾ ਸੀ ਕਿ ਜਦੋਂ ਵੀ ਆਪ ਇਤਿਹਾਸ ਲਿਖਣ ਬੈਠਣਗੇ ਤਾਂ ਦਿਨਾਂ ਵਿਚ ਹੀ ਯਾਦ-ਸ਼ਕਤੀ ਦੁਆਰਾ ਸਭ ਕੁਝ ਲਿਖ ਧਰਨਗੇ। ਆਪਣੇ ਯਾਦ-ਸ਼ਕਤੀ ਦੇ ਹੱਦੋਂ ਵਧ ਭਰੋਸੇ ਦੇ ਕਾਰਨ ਆਪ ਨੇ ਕਈ ਗੱਲਾਂ ਦੇ ਨੋਟ ਨਹੀਂ ਲੀਤੇ ਸਨ, ਜਿਸ ਦਾ ਮਗਰੋਂ ਬੜਾ ਨੁਕਸਾਨ ਹੋਇਆ। ਆਪ ਦੇ ਯਾਦ-ਭੰਡਾਰੇ ਦੀ ਦੌਲਤ ਆਪ ਦੇ ਨਾਲ ਹੀ ਅਲੋਪ ਹੋ ਗਈ।

ਆਪ ਨੂੰ ਕੌਮ ਲਈ ਇਤਿਹਾਸ ਦੀ ਮਹਾਨਤਾ ਦਾ ਜਿਤਨਾ ਅਨੁਭਵ ਹੋਇਆ ਸੀ, ਉਸ ਤੋਂ ਅਸੀਂ ਵਾਂਝੇ ਰਹਿ ਗਏ ਹਾਂ, ਪਰ ਆਪ ਦਾ ਜੀਵਨ ਇਤਿਹਾਸ ਖੋਜੀ ਦੀ ਪ੍ਰੇਰਨਾ ਦੇਣ ਲਈ ਇਕ ਮਿਸਾਲ ਹੈ। ਜੇ ਦਸ-ਵੀਹ ਨੌਜਵਾਨ ਹੁਣ ਵੀ ਮੈਦਾਨ ਵਿਚ ਨਿੱਤਰ ਕੇ ਉਹਨਾਂ ਦੀ ਪੈਰਵੀ ਕਰਨ ਲੱਗ ਪੈਣ ਤਾਂ ਇਸ ਪੱਖ ਤੋਂ ਪਏ ਘਾਟੇ ਬਹੁਤ ਹੱਦ ਤਕ ਪੂਰੇ ਹੋ ਸਕਦੇ ਹਨ।

-0-



# ਨੰਨ੍ਹੇ ਵਾਰਸ

## ਪੰਜਾਬੀ ਮਾਂ ਬੋਲੀ ਦੀ ਪੁਕਾਰ

ਮੇਰੇ ਪਿਆਰੇ ਬੱਚਿਓ! ਭਾਵੇਂ ਤੁਹਾਡੇ ਵਿਚੋਂ ਬਹੁਤ ਸਾਰੇ ਮੈਨੂੰ ਬੋਲਦੇ ਤਾਂ ਹਨ, ਪਰ ਲਿਖਣੀ ਨਹੀਂ ਜਾਣਦੇ।ਇਹ ਸਮਸਿਆ ਵਿਦੇਸ਼ਾਂ ਅਤੇ ਪੰਜਾਬ ਤੋਂ ਬਾਹਰ ਵੱਸਦੇ ਪੰਜਾਬੀਆਂ ਦੀ ਵਧੇਰੇ ਹੈ। ਵਰਤਮਾਨ ਹਾਲਾਤ ਕੁਝ ਅਜਿਹੇ ਹੋ ਗਏ ਹਨ ਕਿ ਤੁਹਾਡੇ ਘਰਾਂ, ਪਿੰਡਾਂ, ਸ਼ਹਿਰਾਂ, ਪਾਠਸ਼ਾਲਾਵਾਂ (ਸਕੂਲਾਂ) ਵਿਚ ਮੇਰੇ ਬਾਰੇ ਘੱਟ ਦੱਸਿਆ ਜਾ ਰਿਹਾ ਅਤੇ ਮੈਂ ਘੱਟ ਹੀ ਨਜ਼ਰ ਆਉਂਦੀ ਹਾਂ (ਕੇਵਲ ਖਾਨਾਪੂਰਤੀ ਹੀ ਕੀਤੀ ਜਾ ਰਹੀ ਹੈ)। ਸ਼ਾਇਦ ਗੁਰੂ-ਘਰ ਹੀ ਅਜਿਹੇ ਥਾਂ ਰਹਿ ਗਏ ਹਨ ਜਿੱਥੇ ਮੈਂ ਨਜ਼ਰ ਆਉਂਦੀ ਹਾਂ। ਹੁਣ ਤਾਂ ਗੁਰਦਆਰਿਆਂ ਵਿਚ ਵੀ ਪੁਰਾਤਨ ਰਿਵਾਇਤ ਅਨੁਸਾਰ ਸਿੱਖਣ-ਸਿਖਾਉਣ ਅਤੇ ਮੇਰੀ ਸੰਥਿਆ ਦੇ ਪ੍ਰਬੰਧ ਨਹੀਂ ਚਲ ਰਹੇ। ਪਹਿਲਾਂ ਤਾਂ ਬੱਚਿਆਂ ਨੂੰ ਘਰਾਂ ਵਿਚ ਹੀ ਮਾਵਾਂ, ਦਾਦੀਆਂ / ਨਾਨੀਆਂ ਪੰਜਾਬੀ ਸਿਖਾ ਕੇ ਆਪਣੇ ਅਲੌਕਿਕ ਅਤੇ ਗੌਰਵਸ਼ਾਲੀ ਵਿਰਸੇ ਨਾਲ ਜੋੜ ਕੇ ਮਹਾਨ ਇਨਸਾਨ ਬਣਾ ਦਿੰਦੀਆਂ ਸਨ।

**ਪੰਜਾਬੀਓ! ਤੁਸੀਂ ਚਾਹੇ ਕਿਸੇ ਵੀ ਧਰਮ, ਫਿਰਕੇ, ਇਲਾਕੇ ਆਦਿ ਨਾਲ ਸਬੰਧ ਰੱਖਦੇ ਹੋ, ਪਰ ਯਾਦ ਰਖਿਓ! ਤੁਹਾਡੀ ਮਾਂ ਬੋਲੀ ਪੰਜਾਬੀ ਹੈ। ਇਤਿਹਾਸ ਗਵਾਹ ਹੈ ਕਿ ਜਿਨ੍ਹਾਂ ਨੇ ਆਪਣੀ ਮਾਂ-ਬੋਲੀ ਨੂੰ ਭੁਲਾ ਦਿੱਤਾ, ਉਨ੍ਹਾਂ ਦਾ ਵਜੂਦ ਨਹੀਂ ਰਿਹਾ। ਸਰਬੱਤ ਦਾ ਭਲਾ ਮੰਗਣ ਅਤੇ ਕਰਨ ਵਾਲੇ ਪੰਜਾਬੀਓ! ਤੁਹਾਡਾ ਭਲਾ ਤਾਂ ਹੀ ਹੋਵੇਗਾ ਜਦੋਂ ਤੁਸੀਂ ਆਪਣੀ ਮਾਂ-ਬੋਲੀ ਦਾ ਪਿਆਰ ਅਤੇ ਸਤਿਕਾਰ ਕਰੋਗੇ।**

**ਯਾਦ ਰਖਿਓ! ਅੱਜ-ਕਲ੍ਹ ਤੁਸੀਂ ਜੋ ਵੀ ਹੋ ਜਾਂ ਭਵਿਖ ਵਿਚ ਹੋਵੋਗੇ, ਉਹ ਆਪਣੀ ਮਾਂ ਕਰਕੇ ਹੀ ਹੋਵੋਗੇ। ਮਾਂ ਨੂੰ ਭੁੱਲ ਕੇ ਤੁਹਾਡਾ ਕੀ ਹਾਲ ਹੋਵੇਗਾ ਸ਼ਾਇਦ ਤੁਹਾਨੂੰ ਅੰਦਾਜਾ ਨਹੀਂ, ਜਿਨ੍ਹਾਂ ਦੀ ਮਾਂ ਨਹੀਂ ਹੁੰਦੀ, ਉਨ੍ਹਾਂ ਨੂੰ ਪੁੱਛ ਕੇ ਦੇਖੋ।**

## ਮੁਹਾਰਨੀ ਕਿਸ ਨੂੰ ਆਖਦੇ ਹਨ?

ਮੁਹਾਰਨੀ ਦਾ ਅਰਥ ਹੈ ਅਭਿਆਸ, ਮੁਹਾਰਤ ਅਤੇ ਦੁਹਰਾਓ। ਮੁਹਾਰਨੀ ਗੁਰਮੁਖੀ ਅੱਖਰਾਂ ਅਤੇ ਮਾਤਰਾਵਾਂ ਨੂੰ ਸਿੱਖਣ ਦਾ ਪਰੰਪਰਾਗਤ ਅਤੇ ਵਿਗਿਆਨਕ ਤਰੀਕਾ ਹੈ। ਮੁਹਾਰਨੀ ਦੁਆਰਾ ਸਿਖਿਆਰਥੀ ਅਖਰਾਂ ਦਾ ਰੂਪ (ੳ), ਨਾਂ (ਊੜਾ), ਧੁਨੀ (ਉ, ਊ, ਓ) ਆਦਿ ਸਿੱਖਦਾ ਹੈ ਅਤੇ ਨਾਲ ਦੀ ਨਾਲ ਕਾਵਿ ਅਤੇ ਸੰਗੀਤ ਦੀਆਂ ਅਨਮੋਲ ਕਲਾਵਾਂ ਵੀ ਸਿੱਖ ਜਾਂਦਾ ਹੈ। ਇਹ ਸਾਰੀ ਕਿਰਿਆ ਦਿਲਚਸਪ ਅਤੇ ਮਨੋਵਿਗਿਆਨਕ ਹੈ।

**ਮੁਹਾਰਨੀ ਸਾਡੇ ਲਈ ਕਿਉਂ ਜ਼ਰੂਰੀ ਹੈ?**

ਇਸ ਨਾਲ ਸਿਖਿਆਰਥੀ, ਗੁਰਮੁਖੀ ਦੀ ਸ਼ਾਨਦਾਰ ਵਿਰਾਸਤ ਵਿਚ ਪ੍ਰਵੇਸ਼ ਕਰਦਾ ਹੈ। ਉਸ ਨੂੰ ਗੁਰਮੁਖੀ/ਗੁਰਬਾਣੀ ਬੋਲਣ, ਪੜ੍ਹਨ, ਲਿਖਣ ਅਤੇ ਸਮਝਣ ਵਿਚ ਕੋਈ ਵੀ ਮੁਸ਼ਕਿਲ ਨਹੀਂ ਆਉਂਦੀ। ਇਹ ਉਤਮ ਵਿਗਿਆਨਕ ਤਰੀਕਾ 'ਮੁਹਾਰਨੀ' ਕੇਵਲ ਪੰਜਾਬੀ ਗੁਰਮੁਖੀ ਦੇ ਭਾਗਾਂ ਵਿਚ ਹੈ। ਹੋਰ ਭਾਸ਼ਾਵਾਂ ਕੋਲ ਤਾਂ ਮੁਹਾਰਨੀ ਦੇ ਬਰਾਬਰ ਕੋਈ ਸ਼ਬਦ ਵੀ ਨਹੀਂ ਹੈ।

| | | | | | | | | | | | |
|---|---|---|---|---|---|---|---|---|---|---|---|
| ਅ | ਆ | ਇ | ਈ | ਉ | ਊ | ਏ | ਐ | ਓ | ਔ | ਅੰ | ਆਂ |
| ਸ | ਸਾ | ਸਿ | ਸੀ | ਸੁ | ਸੂ | ਸੇ | ਸੈ | ਸੋ | ਸੌ | ਸੰ | ਸਾਂ |
| ਹ | ਹਾ | ਹਿ | ਹੀ | ਹੁ | ਹੂ | ਹੇ | ਹੈ | ਹੋ | ਹੌ | ਹੰ | ਹਾਂ |
| ਕ | ਕਾ | ਕਿ | ਕੀ | ਕੁ | ਕੂ | ਕੇ | ਕੈ | ਕੋ | ਕੌ | ਕੰ | ਕਾਂ |
| ਖ | ਖਾ | ਖਿ | ਖੀ | ਖੁ | ਖੂ | ਖੇ | ਖੈ | ਖੋ | ਖੌ | ਖੰ | ਖਾਂ |
| ਗ | ਗਾ | ਗਿ | ਗੀ | ਗੁ | ਗੂ | ਗੇ | ਗੈ | ਗੋ | ਗੌ | ਗੰ | ਗਾਂ |
| ਘ | ਘਾ | ਘਿ | ਘੀ | ਘੁ | ਘੂ | ਘੇ | ਘੈ | ਘੋ | ਘੌ | ਘੰ | ਘਾਂ |
| ਙ | ਙਾ | ਙਿ | ਙੀ | ਙੁ | ਙੂ | ਙੇ | ਙੈ | ਙੋ | ਙੌ | ਙੰ | ਙਾਂ |
| ਚ | ਚਾ | ਚਿ | ਚੀ | ਚੁ | ਚੂ | ਚੇ | ਚੈ | ਚੋ | ਚੌ | ਚੰ | ਚਾਂ |
| ਛ | ਛਾ | ਛਿ | ਛੀ | ਛੁ | ਛੂ | ਛੇ | ਛੈ | ਛੋ | ਛੌ | ਛੰ | ਛਾਂ |
| ਜ | ਜਾ | ਜਿ | ਜੀ | ਜੁ | ਜੂ | ਜੇ | ਜੈ | ਜੋ | ਜੌ | ਜੰ | ਜਾਂ |
| ਝ | ਝਾ | ਝਿ | ਝੀ | ਝੁ | ਝੂ | ਝੇ | ਝੈ | ਝੋ | ਝੌ | ਝੰ | ਝਾਂ |
| ਞ | ਞਾ | ਞਿ | ਞੀ | ਞੁ | ਞੂ | ਞੇ | ਞੈ | ਞੋ | ਞੌ | ਞੰ | ਞਾਂ |
| ਟ | ਟਾ | ਟਿ | ਟੀ | ਟੁ | ਟੂ | ਟੇ | ਟੈ | ਟੋ | ਟੌ | ਟੰ | ਟਾਂ |
| ਠ | ਠਾ | ਠਿ | ਠੀ | ਠੁ | ਠੂ | ਠੇ | ਠੈ | ਠੋ | ਠੌ | ਠੰ | ਠਾਂ |
| ਡ | ਡਾ | ਡਿ | ਡੀ | ਡੁ | ਡੂ | ਡੇ | ਡੈ | ਡੋ | ਡੌ | ਡੰ | ਡਾਂ |

| | | | | | | | | | | | |
|---|---|---|---|---|---|---|---|---|---|---|---|
| ਢ | ਢਾ | ਢਿ | ਢੀ | ਢੁ | ਢੂ | ਢੇ | ਢੈ | ਢੋ | ਢੌ | ਢੰ | ਢਾਂ |
| ਣ | ਣਾ | ਣਿ | ਣੀ | ਣੁ | ਣੂ | ਣੇ | ਣੈ | ਣੋ | ਣੌ | ਣੰ | ਣਾਂ |
| ਤ | ਤਾ | ਤਿ | ਤੀ | ਤੁ | ਤੂ | ਤੇ | ਤੈ | ਤੋ | ਤੌ | ਤੰ | ਤਾਂ |
| ਥ | ਥਾ | ਥਿ | ਥੀ | ਥੁ | ਥੂ | ਥੇ | ਥੈ | ਥੋ | ਥੌ | ਥੰ | ਥਾਂ |
| ਦ | ਦਾ | ਦਿ | ਦੀ | ਦੁ | ਦੂ | ਦੇ | ਦੈ | ਦੋ | ਦੌ | ਦੰ | ਦਾਂ |
| ਧ | ਧਾ | ਧਿ | ਧੀ | ਧੁ | ਧੂ | ਧੇ | ਧੈ | ਧੋ | ਧੌ | ਧੰ | ਧਾਂ |
| ਨ | ਨਾ | ਨਿ | ਨੀ | ਨੁ | ਨੂ | ਨੇ | ਨੈ | ਨੋ | ਨੌ | ਨੰ | ਨਾਂ |
| ਪ | ਪਾ | ਪਿ | ਪੀ | ਪੁ | ਪੂ | ਪੇ | ਪੈ | ਪੋ | ਪੌ | ਪੰ | ਪਾਂ |
| ਫ | ਫਾ | ਫਿ | ਫੀ | ਫੁ | ਫੂ | ਫੇ | ਫੈ | ਫੋ | ਫੌ | ਫੰ | ਫਾਂ |
| ਬ | ਬਾ | ਬਿ | ਬੀ | ਬੁ | ਬੂ | ਬੇ | ਬੈ | ਬੋ | ਬੌ | ਬੰ | ਬਾਂ |
| ਭ | ਭਾ | ਭਿ | ਭੀ | ਭੁ | ਭੂ | ਭੇ | ਭੈ | ਭੋ | ਭੌ | ਭੰ | ਭਾਂ |
| ਮ | ਮਾ | ਮਿ | ਮੀ | ਮੁ | ਮੂ | ਮੇ | ਮੈ | ਮੋ | ਮੌ | ਮੰ | ਮਾਂ |
| ਯ | ਯਾ | ਯਿ | ਯੀ | ਯੁ | ਯੂ | ਯੇ | ਯੈ | ਯੋ | ਯੌ | ਯੰ | ਯਾਂ |
| ਰ | ਰਾ | ਰਿ | ਰੀ | ਰੁ | ਰੂ | ਰੇ | ਰੈ | ਰੋ | ਰੌ | ਰੰ | ਰਾਂ |
| ਲ | ਲਾ | ਲਿ | ਲੀ | ਲੁ | ਲੂ | ਲੇ | ਲੈ | ਲੋ | ਲੌ | ਲੰ | ਲਾਂ |
| ਵ | ਵਾ | ਵਿ | ਵੀ | ਵੁ | ਵੂ | ਵੇ | ਵੈ | ਵੋ | ਵੌ | ਵੰ | ਵਾਂ |
| ੜ | ੜਾ | ੜਿ | ੜੀ | ੜੁ | ੜੂ | ੜੇ | ੜੈ | ੜੋ | ੜੌ | ੜੰ | ੜਾਂ |

# ਲਗ-ਮਾਤਰਾਵਾਂ ਅਤੇ ਵਰਤੋਂ ਦੇ ਨਿਯਮ

| ਲਗ-ਨਾਂ | ਚਿੰਨ੍ਹ | ਧੁਨੀ/ਉਚਾਰਨ | ਵਰਤੋਂ ਸਥਿਤੀ (ਅੱਖਰ ਦੇ ਹਵਾਲੇ ਵਿੱਚ) | ਉਦਾਹਰਨ |
|---|---|---|---|---|
| ਮੁਕਤਾ | (ਚਿੰਨ੍ਹ ਰਹਿਤ) | ਅ | ਮੁੱਢ/ਮੱਧ/ਅੰਤ | ਸਬਰ |
| ਕੰਨਾ | ਾ | ਆ | ਅੰਤ | ਪਾਸਾਰਾ |
| ਸਿਹਾਰੀ | ਿ | ਇ | ਮੁਢ | ਮਿਹਰ |
| ਬਿਹਾਰੀ | ੀ | ਈ | ਅੰਤ | ਹਰੀ |
| ਔਂਕੜ | ੁ | ਉ | ਹੇਠਾਂ | ਉਦਮ |
| ਦੁਲੈਂਕੜ | ੂ | ਊ | ਹੇਠਾਂ | ਪੂਰਾ |
| ਲਾਂ | ੇ | ਏ | ਉਤੇ/ ਸਜੇ | ਲੇਖ |
| ਦੁਲਾਂ | ੈ | ਐ | ਉਤੇ/ਸਜੇ | ਨੈਣ |
| ਹੋੜਾ | ੋ | ਓ | ਉਤੇ/ਸਜੇ | ਮੋਹਨ |
| ਕਨੌੜਾ | ੌ | ਔ | ਉਤੇ/ਸਜੇ | ਧੌਲ |

**ਅਖੰਡ-ਧੁਨੀਆਂ/ਲਗਾਖਰ**

ਬਿੰਦੀ ਂ
ਟਿੱਪੀ ੰ
ਅੱਧਕ ੱ

**ਗੁਰਮੁਖੀ ਅੰਕ**

੦ ੧ ੨ ੩ ੪
੫ ੬ ੭ ੮ ੯

## ਮਾਂ ਦੀ ਸ਼ਾਨ

### ਮੈਂ ਗੁਰਮੁਖੀ ਆਪਣੀ ਸ਼ਾਨਦਾਰ ਵਿਰਾਸਤ ਦੱਸਣਾ ਚਾਹੁੰਦੀ ਹਾਂ।

ਸ੍ਰੀ ਗੁਰੂ ਅੰਗਦ ਸਾਹਿਬ ਜੀ ਨੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਅਗਵਾਈ ਹੇਠ ਮੇਰੇ ਪੈਂਤੀ ਅੱਖਰਾਂ (ੳ, ਅ, ੲ....ੜ) ਦਾ ਧੁਨੀ ਵਿਗਿਆਨਕ ਤਰੀਕੇ ਨਾਲ ਕਰਤਾਰਪੁਰ ਵਿਖੇ ਨਿਰਮਾਣ ਕਰਕੇ ਸ਼ਿੰਗਾਰਿਆ ਅਤੇ ਖਡੂਰ ਸਾਹਿਬ ਵਿਖੇ ਪ੍ਰਚਾਰ ਤੇ ਪ੍ਰਸਾਰ ਦਾ ਕਾਰਜ ਅਰੰਭਿਆ। ਗੁਰੂ ਸਾਹਿਬਾਨ ਨੇ ਗੁਰਬਾਣੀ ਦਾ ਪ੍ਰਗਾਸ ਮੇਰੇ ਰਾਹੀਂ ਕਰਕੇ ਮੈਨੂੰ ਬਹੁਤ ਵੱਡਾ ਮਾਣ ਦਿਤਾ। ਫਿਰ ਬਹੁਤ ਵੱਡੇ-ਵੱਡੇ ਵਿਦਵਾਨਾਂ/ਗੁਰਮੁਖਾਂ ਨੇ ਇਤਿਹਾਸ ਅਤੇ ਸਾਹਿਤ ਰਚ ਕੇ ਇਸ ਪਰੰਪਰਾ ਨੂੰ ਅੱਗੇ ਤੋਰੀ ਰਖਿਆ।

ਮੈਂ ਗੁਰਮੁਖੀ 'ੳ' ਤੋਂ ਸ਼ੁਰੂ ਹੁੰਦੀ ਹਾਂ ਜੋ ਓਅੰਕਾਰ ਧੁਨੀ ਦਾ ਪ੍ਰਤੀਕ ਹੈ ਅਤੇ ਗੁਰਬਾਣੀ ਵੀ ੧ੴ ਤੋਂ ਸ਼ੁਰੂ ਹੁੰਦੀ ਹੈ । 'ੳ' ਬ੍ਰਹਿਮੰਡ ਅਤੇ ਗੁਰਦੁਆਰੇ ਦੇ ਗੁੰਬਦ ਵਾਂਗ ਹੈ, ਭਾਵ ਗੋਲਾਈਦਾਰ ਹੈ। ਗੋਲ ਅਕਾਰ ਦਾ ਕੋਈ ਆਦਿ-ਅੰਤ ਨਹੀਂ ਹੁੰਦਾ।

ਮੈਂ ਗੁਰੂ ਵਰੋਸਾਈ ਗੁਰਮੁਖੀ ਬਹੁਤ ਹੀ ਸਰਲ, ਸਪਸ਼ਟ ਅਤੇ ਆਮ ਲੋਕਾਂ ਤਕ ਸੌਖ ਨਾਲ ਪਹੁੰਚਣ ਵਾਲੀ ਹਾਂ, ਮੇਰਾ ਕੋਈ ਵੀ ਅਖਰ ਅਜਿਹਾ ਨਹੀਂ ਜੋ ਲਿਖਣ, ਦੇਖਣ ਜਾਂ ਯਾਦ ਕਰਨ ਵਿਚ ਔਖਾ ਹੋਵੇ । ਮੇਰੇ ਅੰਗ (ਅੱਖਰ) ਅੱਖਾਂ ਨੂੰ ਸੁੰਦਰ ਲਗਦੇ ਹਨ ਅਤੇ ਸੁਹਜ ਪੈਦਾ ਕਰਦੇ ਹਨ।

# ਕੀ ਵਾਕਈ ਕਿਸਾਨ ਅੰਦੋਲਨ ਸਿਰਫ਼ 'ਪੰਜਾਬ ਦੇ ਕਿਸਾਨਾਂ ਵਲੋਂ ਹੀ ਹੈ'?

-ਕੁਲਵੰਤ ਕੌਰ (ਡਾ) 98156-20515

ਪਿਛਲੇ ਦਿਨੀਂ, ਕੇਂਦਰੀ ਮੰਤਰੀ ਜਨਰਲ ਵੀ.ਕੇ. ਸਿੰਘ ਵਲੋਂ ਦਿੱਤਾ ਬਿਆਨ ਪੜ੍ਹ-ਸੁਣ ਕੇ, ਕਈ ਦਿਨਾਂ ਤੋਂ ਵਿਆਕੁਲ, ਬਿਹਬਲ ਤੇ ਸੰਤਪਿਤ ਮਨ ਸਚਮੁੱਚ ਕੁਰਲਾ ਉੱਠਿਆ ਹੈ। ਪੰਜਾਬ ਹੀ ਨਹੀਂ, ਦੇਸ਼ ਦੀ ਕਿਸਾਨੀ ਤੇ ਨੌਜਵਾਨੀ ਜੇ ਸਰਹੱਦਾਂ, ਧਰਨਿਆਂ, ਮੁਜਾਹਰਿਆਂ, ਬੰਦਾਂ ਅਤੇ ਟਰੈਕਟਰ ਮਾਰਚਾਂ ਵਿਚ ਗੜੁੱਚ ਹੈ ਤਾਂ ਇਹ ਉਸ ਮੁਲਕ ਦੇ ਭਵਿੱਖ ਲਈ ਕੋਈ ਸ਼ੁੱਭ ਸੰਕੇਤ ਨਹੀਂ। ਯੂਰਪੀ ਯੂਨੀਅਨ ਦੇ ਸਤਾਈ ਵਿੱਚੋਂ ਜੇ 25 (ਪੱਚੀ) ਮੁਲਕਾਂ ਦੇ ਕਿਸਾਨਾਂ ਵੱਲੋਂ ਹੜਤਾਲਾਂ, ਧਰਨੇ, ਵਿਰੋਧ, ਟਰੈਕਟਰ ਪਰੇਡਾਂ, ਸੜਕੀ ਰੋਕਾਂ ਤੇ ਹੋਰ ਜਤਨ ਜਾਰੀ ਹਨ ਤਾਂ ਕੀ ਸਾਡੇ ਇਸ ਸੇਵਾ-ਮੁਕਤ ਜਰਨੈਲ ਦੇ ਮਨੋਂ ਵਿੱਸਰ ਗਏ ਹਨ ਜਾਂ ਸਿਰਫ਼ ਪੰਜਾਬ ਨੂੰ ਬਦਨਾਮ ਕਰਨ, ਥੱਲੇ ਲਾਹੁਣ ਅਤੇ ਆਪਣੀ ਕੁਰਸੀ ਦੀ ਸਲਾਮਤੀ ਲਈ ਆਪਣੇ ਆਕਾਵਾਂ ਨੂੰ ਖ਼ੁਸ਼ ਕਰਨ ਲਈ ਦਾਗ਼ੇ ਗਏ ਹਨ? ਹੱਦ ਹੋ ਗਈ ਹੈ ਪਾਠਕੋ! ਬੇੜਾ ਹੀ ਗ਼ਰਕ ਹੋ ਗਿਆ ਹੈ ਇਸ ਸਰਕਾਰ ਤੇ ਇਹਦੇ ਮੰਤਰੀਆਂ-ਸੰਤਰੀਆਂ ਦਾ!!

ਤਿੰਨ ਸਾਲ ਪਹਿਲਾਂ, ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼-ਉਤਸਵ ਮੌਕੇ, ਲਾਏ ਲਾਰੇ, ਕੀਤੇ ਵਾਅਦੇ ਤੇ ਦਾਅਵੇ ਹਵਾ ਹਵਾਈ ਹੋ ਕੇ ਰਹਿ ਗਏ ਹਨ, ਰੱਜ ਰੱਜ ਕੇ ਅੰਨ-ਦਾਤਿਆਂ ਦਾ ਸਬਰ ਅਜ਼ਮਾ ਲਿਆ ਗਿਆ, ਫੇਰ ਵੀ ਇਹੋ ਜਿਹੀ ਨਖਿੱਧ, ਘਟੀਆ ਤੇ ਨਿੰਦਣੀਯ ਬਿਆਨਬਾਜ਼ੀ ਕਰਨੀ ਲਾਹਨਤ ਹੈ, ਧਿਰਕਾਰ ਹੈ। ਖੇਤੀਬਾੜੀ ਮੰਤਰੀ ਤੋਂ ਇਲਾਵਾ ਵੀ, ਹਰ ਜਣਾਂ ਖਣਾ ਮੰਤਰੀ ਕਿਸਾਨਾਂ ਨੂੰ ਨਿੰਦੀ ਜਾ ਰਿਹਾ ਹੈ ਤੇ ਆਪਣੀ ਸਰਕਾਰ ਦੇ ਕਿਸਾਨਾਂ ਲਈ ਕੀਤੇ 'ਦੁੱਗਣੀ ਆਮਦਨ' ਦੇ ਸੋਹਲੇ ਪੜ੍ਹੀ ਜਾ ਰਿਹਾ ਹੈ। ਕਾਸ਼ ਕਿ ਇਨ੍ਹਾਂ ਵਿੱਚੋਂ ਕੋਈ ਇਕ ਵੀ ਕਿਸੇ ਮਿਹਨਤਕਸ਼, ਰਾਤਾਂ ਝਾਗਦੇ, ਵਾਢੀਆਂ 'ਚ ਪਸੀਨਾ ਵਹਾਉਂਦੇ ਤੇ ਛੇ-ਛੇ ਮਹੀਨੇ ਬਟੂਏ ਵਿਚ ਆਉਣ ਵਾਲੇ ਪੈਸਿਆਂ ਦੀ ਉਡੀਕ ਕਰਨ ਵਾਲੇ ਕਿਸਾਨ ਦਾ ਪੁੱਤ ਹੁੰਦਾ ਜਿਸ ਦੀ ਕਮਾਈ ਸਿਰਫ਼ ਖੇਤੀ 'ਤੇ ਨਿਰਭਰ ਹੁੰਦੀ। ਅੱਜ ਡਾ. ਸਵਾਮੀਨਾਥਨ ਦੀ ਰਹਿ ਰਹਿ ਕੇ ਯਾਦ ਆ ਰਹੀ ਹੈ ਜਿਸ ਨੇ ਇਸ ਦੀ ਕਰੜੀ ਘਾਲ ਕਮਾਈ ਕਰਨ ਦਾ ਬੇਹੱਦ ਪ੍ਰਵਾਨਣਯੋਗ ਹੱਲ ਸੁਝਾਇਆ ਸੀ। ਮਰਨ ਉਪਰੰਤ, ਉਨ੍ਹਾਂ ਨੂੰ 'ਭਾਰਤ ਰਤਨ' ਦੇਣਾ, ਸਾਡੀ ਜਾਚੇ ਵਿਅਰਥ, ਬੇਮਾਅਨਾ ਤੇ ਬੇਤੁਕਾ ਹੈ ਜੇ ਉਨ੍ਹਾਂ ਦੀਆਂ ਸਿਫ਼ਾਰਸ਼ਾਂ ਅਮਲ ਵਿਚ ਨਹੀਂ ਲਿਆਂਦੀਆਂ ਗਈਆਂ। ਉਨ੍ਹਾਂ 'ਤੇ ਗ਼ੌਰ ਹੀ ਨਹੀਂ ਕੀਤਾ ਗਿਆ। ਇਸੇ ਕਰਕੇ, ਉਨ੍ਹਾਂ ਦੀਆਂ ਦੋਵੇਂ ਬੇਟੀਆਂ, ਅੱਜ ਗ਼ਰੀਬ ਕਿਸਾਨਾਂ ਦੇ ਹੱਕ ਵਿਚ ਬਿਆਨ ਦੇ ਰਹੀਆਂ ਹਨ - ਉਨ੍ਹਾਂ ਨੂੰ 'ਕਰਿਮੀਨਲ (ਜੁਰਮ ਕਰਨ ਵਾਲੇ) ਆਖੇ ਜਾਣ ਤੇ ਵਿਰੋਧ ਪ੍ਰਗਟ ਕਰ ਰਹੀਆਂ ਹਨ। 2014 ਵਿਚ, ਪਹਿਲੀ ਵਾਰ ਪ੍ਰਧਾਨ ਮੰਤਰੀ ਪਦ ਦੀ ਚੋਣ ਲੜਨ ਜਾ ਰਹੇ ਇਸੇ ਸਖ਼ਸ ਨੇ ਬਾਕਾਇਦਾ ਡਾ. ਸਵਾਮੀਨਾਥਨ ਕਮੇਟੀ ਦੀਆਂ ਸਿਫ਼ਾਰਸ਼ਾਂ ਲਾਗੂ ਕਰਨ ਦਾ ਵਾਅਦਾ ਕੀਤਾ ਸੀ ਜੋ ਕੇਂਦਰ ਵਿਚ ਸਰਕਾਰ ਬਣਾਉਣ ਪਿੱਛੋਂ, ਇਕ ਦਮ ਤੋੜ ਦਿੱਤਾ ਗਿਆ - ਨਤੀਜਾ ਖੱਜਲ ਖ਼ੁਆਰੀ ਕਿਸਾਨੀ ਦੀ ! ਖ਼ੁਦਕਸ਼ੀਆਂ ਦੀ ਫ਼ਸਲ ਉਗਾਉਣ ਦੀ!! ਮਿੱਟੀ ਪਲੀਤ ਖੇਤੀ ਕਰਨ ਵਾਲਿਆਂ ਦੀ !!! ਖੇਤੀ ਤੋਂ ਮੋਹ-ਭੰਗ ਕਰ ਦੇਣਾ ਨੌਜਵਾਨੀ ਦਾ!!!!

ਸ੍ਰੀ ਗੁਰੂ ਨਾਨਕ ਸਾਹਿਬ ਜੀ ਸਾਰੀ ਮਨੁੱਖਤਾ ਦੇ ਰਹਿਬਰ, ਪੱਥ ਪ੍ਰਦਰਸ਼ਕ, ਰਾਹ-ਦਸੇਰੇ, ਕਿਰਤੀਆਂ ਦੇ ਰਾਖੇ, ਸਮਾਜਵਾਦ ਦੇ ਮੁਹਰੀ, ਧਾਰਮਿਕ ਕੱਟੜਤਾ ਦੇ ਵਿਰੋਧੀ, ਨੀਵਿਆਂ ਦੇ ਹਿਤੈਸ਼ੀ, ਇਕ ਪਰਮਾਤਮਾ ਦੇ ਬੋਧਕ ਤੇ ਨਿਮਾਣਿਆਂ, ਨਿਤਾਣਿਆਂ ਤੇ ਨਿਥਾਵਿਆਂ ਦੇ ਰਖਵਾਲੇ ਬਣ ਕੇ ਸੰਸਾਰ-ਮੰਡਲ 'ਚ ਆਏ। ਇਸ ਦੇਸ਼ ਦੀ ਤਕਦੀਰ ਬਦਲੀ। ਸੁਰਤ ਗਵਾ ਚੁੱਕੇ ਰਾਜਿਆਂ, ਖ਼ੂੰਖਾਰ ਬਣ ਚੁੱਕੇ ਬਾਦਸ਼ਾਹਾਂ ਅਤੇ ਆਪਣੀ ਜ਼ਿੰਮੇਵਾਰੀ ਤੋਂ ਮੂੰਹ ਮੋੜ ਚੁੱਕੇ ਅਮੀਰਾਂ ਵਜ਼ੀਰਾਂ ਨੂੰ ਲਾਹਨਤਾਂ ਪਾਉਣ ਦੀ ਜੁਰਅਤ ਉਸ ਨਿਰੰਕਾਰੀ ਜੋਤ ਕੋਲ ਹੀ ਸੀ ਪਰ ਉਹ ਅਸਲ ਮਾਅਨਿਆਂ ਵਿਚ ਕਿਰਤੀ ਕਿਸਾਨ ਸਨ - ਬਾਣੀ ਵਿਚ ਹੀ ਨਹੀਂ, ਹੱਥੀਂ ਹਲ ਵਾਹੁਣ ਵਾਲੇ, ਦਹਾਕਿਆਂ ਤੱਕ ਆਪੂੰ ਖੇਤੀ ਕਰਕੇ ਅੰਨ ਉਗਾਉਣ ਵਾਲੇ ਤੇ ਖ਼ਲਕਤ ਦਾ ਢਿੱਡ ਭਰਨ ਵਾਲੇ। ਜਿੱਥੇ ਬਚਪਨ ਵਿਚ, ਉਨ੍ਹਾਂ ਨੇ ਖੇਤਾਂ ਵਿਚ ਪਸ਼ੂ ਚਰਾਏ ਸਨ ਤਾਂ ਢਲਦੀ ਉਮਰੇ (ਸਾਰੀ ਦੁਨੀਆ ਦਾ ਉਧਾਰ, ਸੁਧਾਰ ਤੇ ਉਪਕਾਰ ਕਰਨ ਪਿੱਛੋਂ) ਸ੍ਰੀ ਕਰਤਾਰਪੁਰ ਸਾਹਿਬ ਵਿਖੇ ਸ਼ਾਨਦਾਰ ਖੇਤੀ ਕੀਤੀ - ਉਨ੍ਹਾਂ ਦੇ ਖੇਤ ਅੱਜ ਵੀ ਵਗ ਰਹੇ ਹਨ, ਖੂਹ ਗਿੜ ਰਹੇ ਹਨ ਤੇ ਪੰਜ ਸੌ ਸਾਲ ਪੁਰਾਣੇ ਖੇਤ ਅੱਜ ਵੀ ਕਣਕ ਉਪਜਾ ਰਹੇ ਹਨ। ਉਨ੍ਹਾਂ ਦੀ 'ਉੱਤਮ ਖੇਤੀ, ਮੱਧਮ ਵਪਾਰ। ਨਖਿੱਧ ਚਾਕਰੀ, ਭੀਖ ਦੁਆਰ' ਵਾਲੀ ਕਹਾਵਤ ਅੱਜ ਪੁੱਠਾ ਗੇੜਾ ਖਾ ਗਈ ਹੈ ਕਿਉਂਕਿ ਸਾਡੇ ਹਾਕਮਾਂ ਦੀਆਂ ਗ਼ਲਤ ਨੀਤੀਆਂ, ਭਾਈ ਭਤੀਜਾ ਵਾਦੀ ਸਿਆਸਤ, ਅਮੀਰਾਂ ਦੀ ਪੁਸ਼ਤ-ਪਨਾਹੀ, ਆਪਣੇ ਨਿਜੀ ਫ਼ਾਇਦਿਆਂ ਲਈ ਕਾਰਪੋਰੇਟੀ ਜਗਤ ਦਾ ਗ਼ਲਤ ਇਸਤੇਮਾਲ ਤੇ ਉਨ੍ਹਾਂ ਨੂੰ ਬਦਲੇ ਵਿਚ ਦਿੱਤੀਆਂ ਜਾ ਰਹੀਆਂ ਬੇਹਿਸਾਬ ਸਹੂਲਤਾਂ ਕਾਰਨ ਖੇਤੀ ਤੇ ਕਿਸਾਨ ਹਾਸ਼ੀਏ 'ਤੇ ਧੱਕ ਦਿੱਤੇ ਗਏ ਹਨ। ਅੱਜ ਈਮਾਨਦਾਰੀ ਨਾਲ ਖੇਤ ਵਾਹ ਰਿਹਾ ਕਿਸਾਨ ਆਪਣੇ ਟੱਬਰ ਨੂੰ ਰੋਟੀ, ਕਪੜਾ ਤੇ ਮਕਾਨ (ਜੀਵਨ ਦੀਆਂ ਪ੍ਰਮੁੱਖ ਲੋੜਾਂ ਪੂਰੀਆਂ ਕਰਨੋਂ ਅਸਮਰੱਥ ਹੈ) ਨਹੀਂ ਦੇ ਸਕਦਾ। ਕਰਜ਼ਾ ਲੈ ਲੈ ਕੇ ਬਣਾਏ ਕੋਠੇ, ਖ਼ਰੀਦੇ ਟਰੈਕਟਰ, ਕੀਤੇ ਬੱਚਿਆਂ ਦੇ ਵਿਆਹ-ਸ਼ਾਦੀਆਂ, ਕੀਤੇ ਮਰਨੇ ਤੇ ਨਜਿੱਠੇ ਪਰਨੇ ਉਸ ਦੇ ਕਰਜ਼ੇ ਦੀ ਕੰਧ ਐਡੀ ਉੱਚੀ ਕਰਦੇ ਜਾ ਰਹੇ ਹਨ ਕਿ ਮੁੜ ਉਹ ਉਸਨੂੰ ਖ਼ੁਦਕਸ਼ੀ ਰੂਪੀ ਬੁਲਡੋਜ਼ਰ ਨਾਲ ਹੀ ਢਾਹ ਸਕਦਾ ਹੈ, ਉਂਵ ਨਹੀਂ।

ਇਹ ਸੌ ਫੀਸਦੀ ਸੱਚ ਹੈ ਕਿ ਅੱਜ ਯੂਰਪੀ ਯੂਨੀਅਨ ਦੇ ਸਤਾਈ 'ਚੋਂ ਪੱਚੀ ਮੁਲਕਾਂ ਵਿਚ ਕਿਸਾਨ ਸੜਕਾਂ 'ਤੇ ਹਨ। ਰੌਇਟਰਜ ਖ਼ਬਰ ਏਜੰਸੀ ਅਨੁਸਾਰ, ਪੋਲੈਂਡ ਦੇ ਕਿਸਾਨਾਂ ਨੇ ਜਨਵਰੀ ਦੇ ਆਖਰੀ ਹਫ਼ਤੇ ਵਿਚ, 160 ਥਾਵਾਂ 'ਤੇ ਸੜਕਾਂ ਰੋਕੀਆਂ। ਰੂਸ ਤੇ ਯੂਕਰੇਨ ਦੇ ਲਮੇਰੇ ਯੁੱਧ ਕਾਰਨ, ਯੂਰਪੀ ਯੂਨੀਅਨ ਵਲੋਂ ਘਟਾਈ ਹੱਦ ਤੋਂ ਵੱਧ ਚੁੰਗੀ (ਯੂਕਰੇਨ ਦੀ ਮੱਦਦ ਕਰਨ ਲਈ), ਅਰਜਨਟੀਨਾ, ਬ੍ਰਾਜ਼ੀਲ, ਪੈਰਾਗੁਏ ਤੇ ਉਰੂਗਏ ਜਿਹੇ ਦੇਸ਼ਾ ਦੇ ਮੁਕਤ-ਵਪਾਰ ਸਮਝੌਤੇ, ਬਿਜਲੀ ਦੇ ਬਿਲਾਂ ਦਾ ਬੇਹਿਸਾਬ ਵਾਧਾ ਤੇ ਸਰਕਾਰਾਂ ਦੇ ਸੱਜੇ ਪੱਖੀ ਵਿਚਾਰਧਾਰਾ ਨਾਲ ਜੋੜ ਮੇਲ, ਬਾਹਰਲੀ ਕਿਸਾਨੀ ਲਈ ਕਾਲ ਬਣ ਕੇ ਆਇਆ ਹੈ। ਇਸੇ ਕਰਕੇ, ਬਾਰਸੀਲੋਨਾ ਦੇ ਇਕ ਨੌਜਵਾਨ ਕਿਸਾਨ ਦਾ ਕਹਿਣਾ ਹੈ ਕਿ ''ਕੈਡੇ ਸਿਤਮ ਦੀ ਗੱਲ ਹੈ ਕਿ ਸਾਡੇ ਉਤਪਾਦਾਂ ਦੀ ਕੀਮਤ, ਹਮੇਸ਼ਾ ਉਨ੍ਹਾਂ ਨੂੰ ਖ਼ਰੀਦਣ ਵਾਲਾ ਵਪਾਰੀ ਤੈਅ ਕਰਦਾ ਹੈ। ਜੇ ਸਾਡੀ ਜਿਣਸ ਉਨ੍ਹਾਂ ਨੂੰ ਨਹੀਂ ਪੁੱਗਦੀ ਤਾਂ ਉਹ ਉਸ ਨੂੰ ਕਿਸੇ ਹੋਰ ਥਾਂ ਤੋਂ ਖ਼ਰੀਦ ਲੈਂਦੇ ਹਨ ਜੋ ਸਾਡੇ ਜਿਹੀਆਂ ਪਾਬੰਦੀਆਂ ਤੋਂ ਮੁਕਤ ਹਨ।'' ਕਿਸਾਨੀ ਦਾ ਇਹ ਸੰਕਟ ਅੱਜ ਵਿਸ਼ਵ ਵਿਆਪੀ ਬਣ ਚੁੱਕਾ ਹੈ ਕਿਉਂਕਿ ਸਾਰੇ ਹੀ ਵਿਕਸਿਤ ਦੇਸ਼ ਠੇਕੇ ਵਾਲੀ ਖੇਤੀ ਦੇ ਮੁਦਈ ਬਣ ਚੁੱਕੇ ਹਨ। ਅਮਰੀਕਾ ਵਿਚ ਤਾਂ ਕਿਸਾਨ ਖੇਤੀ ਤੋਂ ਵੰਚਿਤ ਕੀਤੇ ਜਾਣ ਉਪਰੰਤ ਸ਼ਾਪਿੰਗ ਮਾਲਾਂ ਵਿਚ ਪਹਿਰੇਦਾਰ ਲੱਗ ਜਾਣ ਲਈ ਬੇਬਸ ਕਰ ਦਿੱਤੇ ਗਏ। ਖੇਤੀ ਉਨ੍ਹਾਂ ਮੁਲਕਾਂ ਵਿਚ ਅਮੀਰ ਲੋਕਾਂ ਦੇ ਹੱਥਾਂ ਵਿਚ ਸੀਮਤ ਕਰ ਦਿੱਤੀ ਗਈ ਹੈ ਤੇ ਇਹੀ ਜ਼ੋਰ ਅਜਮਾਇਸ਼ ਸਾਡੇ ਵੀ ਚੱਲ ਰਹੀ ਹੈ ਕਿ ਇਕ, ਦੋ ਤੇ ਤਿੰਨ ਏਕੜ ਵਾਲਾ ਛੋਟਾ ਕਿਸਾਨ ਖ਼ਤਮ ਕਰਕੇ, ਇਹ ਜੋਤਾਂ ਅਡਾਨੀਆਂ ਤੇ ਅੰਬਾਨੀਆਂ ਵਰਗੇ ਲੋਕਾਂ ਦੀ ਮਲਕੀਅਤ ਬਣਾ ਦਿੱਤੀਆਂ ਜਾਣ ਤੇ ਇਹ ਕਿਰਤੀ ਉਨ੍ਹਾਂ ਦੇ ਫਾਰਮਾਂ ਵਿਚ ਗੋਹਾ-ਕੂੜਾ ਚੁੱਕਣ।

ਇਸ ਵਿਚ ਕੋਈ ਸ਼ੱਕ ਸੰਦੇਹ ਨਹੀਂ ਕਿ ਪੰਜਾਬ ਨੇ ਕਿਸਾਨ ਅੰਦੋਲਨਾਂ ਦੀ ਅਗਵਾਈ ਕੀਤੀ ਸੀ ਤੇ ਕੀਤੀ ਹੈ ਤੇ ਕਰ ਰਿਹਾ ਹੈ, ਪਰ ਇਹ ਤਾਂ ਸਦੀਆਂ ਤੋਂ ਕਰਦੇ ਆ ਰਹੇ ਹਨ, ਅੱਜ ਅਜੋਕੜੀ ਗੱਲ ਨਹੀਂ ਹੈ। ਅਕਬਰ ਕਾਲ ਤੋਂ, ਦੁੱਲਾ

ਭੱਟੀ ਦੇ ਸਮੇਂ ਤੋਂ, ਪਗੜੀ ਸੰਭਾਲ ਜੱਟਾ ਅੰਦੋਲਨ ਤੋਂ - ਕੀ ਸ੍ਰ. ਅਜੀਤ ਸਿੰਘ ਮਨੋਂ ਵਿਸਰ ਗਿਆ ਹੈ ਜਰਨੈਲ ਸਾਹਿਬ ਨੂੰ?

ਉਪਰ ਇਹ ਸਪੱਸ਼ਟ ਕੀਤਾ ਜਾ ਚੁੱਕਾ ਹੈ ਕਿ ਭਾਰਤੀ ਹਾਕਮ ਤੇ ਮੰਤਰੀ ਸੰਤਰੀ ਜੋ ਮਰਜ਼ੀ ਆਵੇ, ਤੁਹਮਤਾਂ ਲਾਈ ਜਾਣ ਪਰੰਤੂ ਕਿਸਾਨ ਅੰਦੋਲਨ ਅੱਜ, ਦੇਸ਼ ਦੀਆਂ ਬਰੂਹਾਂ ਟੱਪ ਕੇ ਕੌਮਾਂਤਰੀ ਪੱਧਰ ਤੱਕ ਫੈਲ ਚੁੱਕਾ ਹੈ ਕਿਉਂਕਿ ਸਰਮਾਏਦਾਰੀ ਨਿਜ਼ਾਮ ਵਿਚ, ਅੱਜ ਕਿਸਾਨ ਦੀ ਬਾਂਹ ਫੜਨ ਵਾਲਾ ਕੋਈ ਵੀ ਨਹੀਂ ਹੈ। ਅਤਿ ਦੀ ਨਿਰਾਸ਼ਾ, ਗੁੱਸੇ ਤੇ ਬੇਬਸੀ ਵਿਚ ਅੰਦੋਲਨ ਤੋਂ ਬਿਨਾਂ, ਉਨ੍ਹਾਂ ਦੇ ਹੱਥ ਪੱਲੇ ਬੱਚਿਆ ਹੀ ਕੁੱਝ ਨਹੀਂ। ਪੰਜਾਬ ਤਾਂ ਉਹ ਧੁਰਾ ਹੈ ਜਿਸ ਨੇ ਸਾਢੇ ਪੰਜ ਸੌ ਸਾਲਾਂ ਤੋਂ ਵਧੀਕੀਆਂ, ਜ਼ੋਰ ਜਬਰੀਆਂ, ਜ਼ੁਲਮ, ਤਾਨਾਸ਼ਾਹੀ ਅਤੇ ਰਾਜਾਸ਼ਾਹੀ ਦੇ ਖ਼ਿਲਾਫ਼ ਝੰਡਾ ਚੁੱਕਿਆ ਹੋਇਐ - ਪੰਜਾਬ ਉਹ ਸਰਜ਼ਮੀ ਰਹੀ ਹੈ ਜਿਸ ਦੇ ਪੈਗੰਬਰਾਂ ਨੇ ਰਾਜਿਆਂ ਨੂੰ 'ਸ਼ੀਂਹ 'ਤੇ ਮੁਕੱਦਮਾਂ ਨੂੰ 'ਕੁੱਤੇ' ਤੱਕ ਗਰਦਾਨਿਆ ਹੈ। ਪੰਜਾਬ ਉਹ ਧਰਤੀ ਰਹੀ ਹੈ ਜਿੱਥੋਂ ਸਦਾ ਇਨਕਲਾਬੀ ਸੁਰਾਂ ਹੀ ਗੂੰਜੀਆਂ ਹਨ। ਇਸ ਲਈ, ਬਿਨਾਂ ਸ਼ੱਕ, ਪੰਜਾਬ ਨੇ ਨਾਂ ਸਿਰਫ਼ ਭਾਰਤ ਦੀ ਕਿਸਾਨੀ ਨੂੰ ਜਗਾਇਆ, ਉਠਾਇਆ ਅਤੇ ਨਾਲ ਰਲਾਇਆ ਹੈ ਬਲਕਿ ਸਾਰੀ ਦੁਨੀਆ ਦੇ ਕਿਸਾਨਾਂ ਲਈ ਵੀ ਮਸ਼ਾਲ ਉੱਚੀ ਕੀਤੀ ਹੈ। ਯੂਰਪੀ ਯੂਨੀਅਨ ਦੇ ਕਰੋੜਾਂ-ਕਰੋੜਾਂ ਕਿਸਾਨ ਅੱਜ ਸੜਕਾਂ ਮੱਲੀ ਬੈਠੇ ਹਨ, ਰਾਜਧਾਨੀਆਂ ਘੇਰ ਰਹੇ ਹਨ, ਟਰੈਕਟਰ ਪਰੇਡਾਂ ਕੱਢ ਰਹੇ ਹਨ ਤਾਂ ਨਿਰਸੰਦੇਹ, ਇਹ ਰਾਹ, ਉਨ੍ਹਾਂ ਨੂੰ ਪੰਜਾਬੀ ਕਿਸਾਨਾਂ ਨੇ ਦਿਖਾਇਆ-ਸੁਝਾਇਆ ਹੈ। ਪਹਿਲਾਂ ਵੀ, ਜ਼ਿਕਰ ਕੀਤਾ ਜਾ ਚੁੱਕਾ ਹੈ ਕਿ ਉਨ੍ਹਾਂ ਦੀਆਂ ਭੂਗੋਲਿਕ ਸਮੱਸਿਆਵਾਂ ਸਾਡੇ ਨਾਲੋਂ ਵਿਭਿੰਨ ਹਨ ਪਰ ਕੀਟਨਾਸ਼ਕਾਂ ਤੇ ਪਾਬੰਦੀਆਂ, ਕਾਰਬਨ ਨਿਕਾਸੀ 'ਚ ਕਮੀ ਅਤੇ ਸਥਾਨਕ ਫ਼ਸਲ ਨੂੰ ਅਣਗੌਲਿਆਂ ਕਰਕੇ ਵਿਦੇਸ਼ਾਂ ਤੋਂ ਖ਼ਰੀਦਦਾਰੀ, ਉੱਥੇ ਕਿਸਾਨਾਂ ਦੇ ਭਵਿੱਖ ਨਾਲ ਖਿਲਵਾੜ ਮੰਨੇ ਜਾ ਰਹੇ ਹਨ।

ਹਰੀ ਕ੍ਰਾਂਤੀ ਤੋਂ ਪਹਿਲਾਂ, ਦੇਸ਼ ਭੁੱਖਾ ਮਰ ਰਿਹਾ ਸੀ। ਓਸ ਸਮੇਂ ਇਹ ਪੰਜਾਬ ਹੀ ਸੀ ਜਿਸ ਨੇ ਆਪਣੇ ਸਾਰੇ ਸ੍ਰੋਤ ਵਰਤ ਕੇ, ਹੰਗਾਲ ਕੇ ਮੁਕਾ ਕੇ ਦੇਸ਼ ਦਾ ਢਿੱਡ ਭਰਿਆ। ਇਕੋ ਇਕ ਸੂਬਾ ਜਿਸ ਨੇ ਕੇਂਦਰੀ ਭੰਡਾਰ ਨੱਕੋ ਨੱਕ ਭਰ ਦਿੱਤੇ। ਅੱਜ ਉਸੇ ਪੰਜਾਬ ਨੂੰ ਮਿਹਣੇ ਮਾਰੇ ਜਾ ਰਹੇ ਹਨ। ਹਰ ਲੰਡੀ ਬੁੱਚੀ ਨਸੀਹਤਾਂ ਦੇ ਰਿਹਾ ਹੈ। ਪੰਜਾਬ ਆਹ ਕਰ ਰਿਹਾ ਹੈ, ਪੰਜਾਬ ਉਹ ਕਰ ਰਿਹਾ ਹੈ - ਇਹ ਨਹੀਂ ਕਹਿੰਦੇ ਕਿ ਪੰਜਾਬ ਨੇ ਆਜ਼ਾਦੀ ਲੈ ਕੇ ਦਿੱਤੀ ਗੁਲਾਮ ਹਿੰਦੁਸਤਾਨ ਨੂੰ! ਕੁਰਬਾਨ ਕਰ ਦਿੱਤੀ ਆਪਣੀ ਜਵਾਨੀ/ਵਾਰ ਦਿੱਤੇ ਸੁਹਲ ਸਰੀਰ। ਲੁਟਾ ਦਿੱਤੀ ਸਭ ਜ਼ਮੀਨ ਜਾਇਦਾਦ। ਫਾਂਸੀਆਂ ਚੁੰਮ ਲਈਆਂ। ਅੰਡੇਮਾਨ ਦੀਆਂ ਜੇਲ੍ਹਾਂ ਕੱਟ ਲਈਆਂ ਪਰ ਨਾਸ਼ੁਕਰੇ ਇਸ ਨੂੰ ਅੱਜ ਪਾਕਿਸਤਾਨ ਦੀ ਸਰਹੱਦ ਬਣਾਈ ਬੈਠੇ ਹਨ। ਜਾਪ ਤਾਂ ਗੁਰੂ ਸਾਹਿਬਾਨ ਦੀ ਸਿੱਖਿਆ ਦਾ ਕਰਦਾ ਦੱਸਦੇ ਹਨ, ਪਾਖੰਡ ਤਾਂ ਸਮਾਜਿਕ ਬਰਾਬਰੀ ਦਾ ਕਰ ਰਹੇ ਹਨ ਪਰ ਪੰਜਾਬ ਦੀਆਂ ਹੱਦਾਂ 'ਤੇ ਰੋਕਾਂ, ਰੁਕਾਵਟਾਂ, ਕਿੱਲ, ਕਾਂਟੇ, ਤੋਪਾਂ, ਬੰਦੂਕਾਂ, ਪਾਣੀ ਦੇ ਟੈਂਕ, ਕੰਡਿਆਲੀਆਂ ਵਾੜਾਂ, ਡੂੰਘੇ ਖੱਡੇ, ਪੱਕੀਆਂ ਸਲੈਬਾਂ, ਫੌਜਾਂ, ਪੁਲੀਸ, ਪੈਰਾ ਮਿਲਟਰੀ ਕੀ ਦਰਸਾਉਂਦੀਆਂ ਹਨ? ਕਾਹਦੀ ਨਿਸ਼ਾਨਦੇਹੀ ਕਰ ਰਹੀਆਂ ਹਨ? ਨਿਹੱਥੇ ਕਿਸਾਨਾਂ ਨੂੰ ਰੋਕਣ ਲਈ ਫ਼ੌਜੀ ਕਾਰਵਾਈਆਂ? ਜ਼ੁਲਮ, ਤਸ਼ੱਦਦ, ਵਧੀਕੀਆਂ, ਉਕਸਾਹਟਾਂ ਤੇ ਸ਼ਰੇਆਮ ਗੋਲਾਬਾਰੀ? ਹਰਿਆਣੇ ਨੂੰ ਇਹ ਅਖ਼ਤਿਆਰ ਕਿਸਨੇ ਦਿੱਤੇ ਕਿ ਸਾਰੀ ਜ਼ਿੰਦਗੀ ਹੀ ਠਹਿਰਾ ਦਿਓ? ਪੂਰੇ ਦੇਸ਼ ਨਾਲੋਂ ਪੰਜਾਬ ਨੂੰ ਅਲੱਗ ਥਲੱਗ ਕਰ ਦਿਓ? ਇਸ ਦੀਆਂ ਧੜਕਣਾਂ ਰੋਕ ਦਿਓ? ਇਹਦੀ ਜਵਾਨੀ ਉਕਸਾ ਦਿਓ? ਇਹਦੇ ਹਜ਼ਾਰਾਂ ਹਜ਼ਾਰਾਂ ਕਿਸਾਨ ਫੱਟੜ ਕਰ ਦਿਓ? ਅਦਾਲਤਾਂ ਵੀ ਵਾਰ-ਵਾਰ ਲਾਹਨਤਾਂ ਪਾ ਰਹੀਆਂ ਹਨ ਕਿ ਤੁਸੀਂ ਰਾਹ ਨਹੀਂ ਰੋਕ ਸਕਦੇ, ਸ਼ਾਹ ਰਾਹ ਤਾਂ ਕਤਈ ਵੀ ਨਹੀਂ (ਜੀ.ਟੀ.ਰੋਡ ਸ਼ਾਹ ਰਾਹ ਹੈ ਸਾਡਾ) ਪਰ ਆਪਣੇ ਲਗਦਿਆਂ ਆਕਾਵਾਂ ਦੇ ਢਹੇ ਚੜ੍ਹੇ ਹਰਿਆਣਾ ਵਾਲੇ ਅੱਜ ਇਨਸਾਨੀਅਤ, ਭਰਾਤਰੀਪਨ, ਹਮਸਾਇਆਪਨ ਅਤੇ ਸੁਹਿਰਦਤਾ ਨੂੰ ਛਿੱਕੇ ਟੰਗ ਕੇ ਤਸ਼ੱਦਦ, ਵਧੀਕੀਆਂ ਤੇ ਜ਼ਬਰਦਸਤੀ 'ਤੇ ਉਤਾਰੂ ਹਨ। ਹੰਕਾਰ ਨੇ ਇਨ੍ਹਾਂ ਦੀ ਮੱਤ ਮਾਰ ਦਿੱਤੀ ਹੈ, ਰੱਬ ਦਾ ਖ਼ੌਫ਼ ਵੀ ਨਹੀਂ ਰਿਹਾ ਇਨ੍ਹਾਂ ਨੂੰ?

ਕੁਝ ਅੰਕੜੇ ਦੇ ਕੇ, ਪੰਜਾਬ ਦੀ ਬੇਸ਼ਕੀਮਤੀ ਦੇਣ ਦੀ ਗੱਲ ਕਰਨੀ ਹੋਰ ਵੀ ਉਚਿਤ ਹੋਵੇਗੀ। 1965 ਤੋਂ ਬਾਅਦ, ਪੰਜਾਬ ਇਕੱਲੇ ਨੇ ਦੇਸ਼ ਦੀ ਭੁੱਖਮਰੀ ਦੂਰ ਕੀਤਾ ਸੀ ਤੇ ਅੱਧੀ ਸਦੀ ਤੱਕ ਇਹੀ ਸਿਲਸਿਲਾ ਚੱਲਿਆ ਪਰ ਵਧੇਰੇ ਕੀਟਨਾਸ਼ਕਾਂ ਦੀ ਵਰਤੋਂ, ਕੁਦਰਤੀ ਆਫ਼ਤਾਂ ਅਚਨਚੇਤੀ ਮੌਸਮੀ ਤਬਦੀਲੀਆਂ ਤੇ ਜ਼ਮੀਨ ਦੀ ਉਪਜਾਊ ਸ਼ਕਤੀ ਘਟਦੇ ਜਾਣ ਕਰਕੇ ਹੁਣ ਇਹ ਕੇਂਦਰੀ ਪੂਲ ਵਿਚ ਯੋਗਦਾਨ ਪਾਉਣ ਵਿਚ ਤੀਸਰੇ ਸਥਾਨ 'ਤੇ ਜਾ ਪਹੁੰਚਿਆ ਹੈ। ਮੱਧ ਪ੍ਰਦੇਸ਼ ਦੂਜੇ ਤੇ ਉੱਤਰ ਪ੍ਰਦੇਸ਼ ਪਹਿਲੇ ਥਾਂ 'ਤੇ ਆ ਗਿਆ ਹੈ। ਕਣਕ ਹੇਠਾਂ 35 ਲੱਖ ਹੈਕਟੇਅਰ ਅਤੇ ਝੋਨੇ ਥੱਲੇ ਪੰਜਾਬ ਦਾ 31 ਲੱਖ ਹੈਕਟੇਅਰ ਰਕਬਾ ਹੈ ਅਤੇ ਕੇਂਦਰੀ ਚੌਲ-ਭੰਡਾਰ ਵਿਚ ਇਸ ਸਾਲ ਵੀ ਇਸ ਨੇ 41 ਫੀਸਦੀ (124 ਲੱਖ ਟਨ) ਹਿੱਸਾ ਪਾਇਆ ਹੈ। ਪੰਜਾਬ ਵਿਚ ਧਰਤੀ ਹੇਠਲੇ ਪਾਣੀ ਦੀ ਲਗਾਤਾਰ ਕਮੀ ਹੁੰਦੇ ਜਾਣ ਕਰਕੇ, ਝੋਨੇ ਹੇਠੋਂ ਰਕਬਾ ਘਟਾਉਣ ਅਤੇ ਫ਼ਸਲੀ ਵਿਭਿੰਨਤਾ ਅਪਣਾਉਣ ਦੀ ਲੋੜ, ਇਸ ਸਮੇਂ ਦੀ ਸਭ ਤੋਂ ਵੱਡੀ ਚਰਚਾ ਹੈ। ਘੱਟੋ-ਘੱਟ ਸਮਰਥਨ ਮੁੱਲ ਨਿਰਧਾਰਤ ਹੋਣਾ ਵਕਤ ਦੀ ਫ਼ੌਰੀ ਮੰਗ ਹੈ ਜੋ ਵਿਸ਼ਵ ਵਿਆਪੀ ਕੀਤੀ ਜਾ ਰਹੀ ਹੈ ਕਿਉਂਕਿ ਜਦੋਂ ਕਿਸਾਨ ਦੀ ਫ਼ਸਲ ਭਰਪੂਰ ਰੂਪ ਵਿਚ ਹੋ ਜਾਂਦੀ ਹੈ, ਉਹ ਕੌਡੀਆਂ ਦੇ ਭਾਅ ਵੇਚਣ ਲਈ ਮਜਬੂਰ ਹੋ ਜਾਂਦਾ ਹੈ। ਫ਼ਸਲੀ ਵਿਭਿੰਨਤਾ ਵੀ ਅਜ਼ਮਾਈ ਗਈ ਹੈ ਬਹੁਤ ਵਾਰ ਕਦੇ ਸੂਰਜਮੁਖੀ ਨਹੀਂ ਚੁੱਕਦਾ ਕੋਈ, ਕਦੇ ਮੁੰਗੀ ਰੁਲਦੀ ਹੈ, ਕਦੇ ਟਮਾਟਰ ਟਰਾਲੀਆਂ ਥੱਲੇ ਕੁਚਲ ਕੇ ਵਿਰੋਧ ਜਤਾਇਆ ਜਾਂਦਾ ਹੈ ਤੇ ਕਦੇ ਆਲੂ ਸੁੱਟਣ ਜਾਂ ਖੇਤਾਂ ਵਿਚ ਹੀ ਵਾਹ ਦੇਣ ਲਈ ਮਜਬੂਰ ਹੋ ਜਾਂਦੇ ਹਨ ਕਿਸਾਨ। ਇਸ ਵਾਰ ਅਬੋਹਰ ਫਾਜਿਲਕਾ ਵਿਖੇ ਕਿੰਨੂੰ ਸੜਕਾਂ 'ਤੇ ਦਰੜ ਕੇ ਆਪਣਾ ਦੁੱਖ ਜਤਾਇਆ ਕਿਸਾਨਾਂ ਨੇ। ਕੀ ਕਰੇ ਕਿਸਾਨ, ਦੁਖਦੀ ਰਗ 'ਤੇ ਮਲਮ ਲਾਉਣ ਵਾਲਾ ਹੀ ਕੋਈ ਨਹੀਂ - ਕੇਂਦਰ ਉਂਞ ਹੀ ਨਪੀੜੀ ਜਾਂਦੈ ਤੇ ਰਾਜ ਸਰਕਾਰਾਂ ਦੇ ਸਾਧਨ ਸੀਮਤ ਹਨ। ਵੱਡੇ ਉਦਯੋਗਪਤੀਆਂ ਨੂੰ ਸੌ-ਸੌ ਰਿਆਇਤਾਂ, ਕਰਜ਼ਿਆਂ ਦੀ ਮੁਆਫ਼ੀ ਤੇ ਹੋਰ ਪਤਾ ਨਹੀਂ ਕੀ ਕੀ ਫ਼ਾਇਦੇ ਪਰ ਅੰਨਦਾਤਾ ਸੜਕਾਂ, ਚੌਂਕਾਂ ਤੇ ਸਰਹੱਦਾਂ 'ਤੇ ਰੁਲਣ ਖਪਣ ਤੇ ਲਾਠੀਆਂ-ਡੰਡੇ ਖਾਣ ਲਈ ਬੇਬਸ। ਨਾਸਿਕ (ਮਹਾਂਰਾਸ਼ਟਰਾ) ਦੇ ਨੰਗੇ ਧੜ ਮੁੰਬਈ ਵਿਰੋਧ ਦਰਜ ਕਰਾਉਣ ਆ ਰਹੇ ਰਹੇ ਹਜ਼ਾਰਾਂ ਕਿਸਾਨਾਂ ਦੇ ਜਲੂਸ ਸਚਮੁੱਚ ਖ਼ੂਨ ਖੌਲਵੇਂ ਸਨ, ਤਾਮਿਲਨਾਡੂ ਦੀਆਂ ਕਿਸਾਨ-ਖ਼ੁਦਕਸ਼ੀਆਂ ਕਿਸ ਤੋਂ ਲੁਕੀਆਂ ਛੁਪੀਆਂ ਹਨ ਭਲਾ? ਇਕੋ ਹੋਣੀ ਹੈ ਹਰ ਥਾਂ ਕਿਸਾਨ ਦੀ। ਉਹੀ ਦੁਰਦਸ਼ਾ ਹੈ - ਪੰਜਾਬ ਹੈ ਜਾਂ ਪੋਲੈਂਡ, ਕੇਰਲ ਹੈ ਜਾਂ ਕੈਨੇਡਾ।

ਤਿੰਨ ਸਾਲ ਪਹਿਲਾਂ, ਤੇਰਾਂ ਮਹੀਨੇ ਲੰਮੇ ਚੱਲੇ ਕਿਸਾਨ ਅੰਦੋਲਨ ਮੌਕੇ, ਕਿਸਾਨ ਜਥੇਬੰਦੀਆਂ ਨਾਲ ਬਿਨਾਂ ਸਲਾਹ, ਮਸ਼ਵਰੇ, ਮਨਜ਼ੂਰੀ ਜਾਂ ਸਮਰਥਨ ਦੇ ਜੋ ਜੋ ਐਲਾਨਨਾਮੇ ਕੀਤੇ ਗਏ ਸਨ, ਕੇਂਦਰ ਸਰਕਾਰ ਉਸ ਉੱਤੇ ਖਰੀ ਨਹੀਂ ਉੱਤਰ ਸਕੀ - ਨਾ ਘੱਟੋ-ਘੱਟ ਸਮਰਥਨ ਮੁੱਲ ਨਿਰਧਾਰਤ ਕੀਤੇ, ਨਾ ਕਰਜ਼ੇ ਮੁਆਫ਼ ਕੀਤੇ, ਨਾ ਸਵਾਮੀਨਾਥਨ ਰਿਪੋਰਟ ਲਾਗੂ ਕੀਤੀ ਤੇ ਨਾ ਹੀ ਲਖੀਮਪੁਰ ਖੀਰੀ ਘਟਨਾਂ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਦੀ ਕਾਰਵਾਈ। ਕਿਸਾਨਾਂ ਨੇ ਬਥੇਰਾ ਚਿਰ ਉਡੀਕ ਕੀਤੀ, ਸੰਕੇਤਕ ਹੜਤਾਲਾਂ ਕੀਤੀਆਂ, ਰੇਲਾਂ ਰੋਕੀਆਂ, ਰਾਜ ਸਰਕਾਰ ਤੱਕ ਪਹੁੰਚ ਕੀਤੀ ਪਰ ਗੇਂਦ ਉੱਥੇ ਦੀ ਉੱਥੇ ਟਿਕੀ ਰਹੀ। ਤੇ ਹੁਣ ਹਰਿਆਣੇ ਰਾਹੀਂ ਪੰਜਾਬ ਦੀ ਕਿਸਾਨੀ ਦੇ ਹੀ ਨਹੀਂ ਬਲਕਿ ਸਾਰੇ ਪੰਜਾਬ ਦੇ ਸਾਹ ਸੂਤ ਦਿੱਤੇ ਹਨ।

ਮੁੱਕਦੀ ਗੱਲ ਹੈ ਕਿ ਇਸ ਵੇਲੇ ਕਿਸਾਨੀ ਮੰਗਾਂ ਮੰਨ ਕੇ (ਦਿਖਾਵੇ ਲਈ ਮੀਟਿੰਗ ਦਰ ਮੀਟਿੰਗ ਦਾ ਨਾਟਕ ਨਾ ਕਰਦਿਆਂ) ਕੇਂਦਰ ਸਿੱਧਾ ਐਲਾਨ ਕਰਕੇ ਕਿਸਾਨੀ ਰੋਹ ਨੂੰ ਸ਼ਾਂਤ ਕਰੇ। ਮੰਗਾਂ ਉਹੀ ਹਨ ਜਿਨ੍ਹਾਂ ਕਰਕੇ 2021 ਵਿਚ ਅੰਦੋਲਨ ਤਾਰਪੀਡੋ ਕਰਵਾਇਆ ਗਿਆ ਸੀ। ਖੇਤੀ ਲਈ ਬਜਟ ਵਧਾਇਆ ਜਾਵੇ। 23 ਫ਼ਸਲਾਂ 'ਤੇ ਐਮ.ਐਸ.ਪੀ. ਯਕੀਨੀ ਬਣਾਈ ਜਾਵੇ। ਡਾ. ਸਵਾਮੀਨਾਥਨ ਦਾ ਸਤਿਕਾਰ 'ਭਾਰਤ ਰਤਨ' ਨਾਲ ਨਹੀਂ, ਉਨ੍ਹਾਂ ਵੱਲੋਂ ਸੁਝਾਈਆਂ ਤੇ ਅਮਲਣਯੋਗ ਸਿਫ਼ਾਰਸ਼ਾਂ ਨੂੰ ਕਾਨੂੰਨੀ ਰੂਪ ਪ੍ਰਦਾਨਣ ਵਿਚ ਹੈ। ਫ਼ਸਲੀ ਵਿਭਿੰਨਤਾ ਲਈ, ਉਹ ਸਾਰੇ ਯਤਨ ਜਾਰੀ ਰੱਖੇ ਜਾਣ ਜਿਨ੍ਹਾਂ ਨਾਲ ਕਿਸਾਨ ਦੀ ਆਮਦਨ ਵਾਕਈ ਦੁੱਗਣੀ ਹੋ ਸਕੇ। ਹਵਾਈ ਗੱਲਾਂ ਨਾਲ ਨਹੀਂ। ਪੰਜਾਬ ਬੇਚੈਨ ਹੈ ਤਾਂ ਦੇਸ਼ ਚੈਨ ਨਾਲ ਕਿਵੇਂ ਸੌਂ ਸਕਦਾ ਹੈ? ਇਹ ਸੱਚਾਈ ਵਕਤ ਤੇ ਦੇਸ਼ ਦੇ ਹਾਕਮਾਂ ਨੂੰ ਸਮਝਣੀ ਅਤੇ ਸੋਚਣੀ ਪਵੇਗੀ ਨਹੀਂ ਤਾਂ ਇਸ ਦੇ ਨਤੀਜੇ ਬੇਹੱਦ ਤਬਾਹਕੁੰਨ ਹੋ ਸਕਦੇ ਹਨ।

-0-

# ਛੋਟੀਆਂ ਛੋਟੀਆਂ ਗੱਲਾਂ ਬਰਦਾਸ਼ਤ ਕਰ ਲੈਣੀਆਂ ਚਾਹੀਦੀਆਂ ਹਨ

**–ਬਲਰਾਜ ਸਿੰਘ ਕਮਾਂਡੈਂਟ ਪੰਡੋਰੀ ਸਿੱਧਵਾਂ # 95011–00062**

ਸਾਨੂੰ ਜੀਵਨ ਵਿੱਚ ਕਈ ਵਾਰ ਅਜਿਹੀਆਂ ਛੋਟੀਆਂ ਛੋਟੀਆਂ ਘਟਨਾਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਜਿੰਨ੍ਹਾਂ ਨੂੰ ਜੇ ਦਿਲ 'ਤੇ ਪੱਥਰ ਰੱਖ ਕੇ ਬਰਦਾਸ਼ਤ ਕਰ ਲਿਆ ਜਾਵੇ ਤਾਂ ਜ਼ਿੰਦਗੀ ਸੌਖੀ ਲੰਘ ਜਾਂਦੀ ਹੈ ਵਰਨਾ ਵੱਡੀਆਂ ਦੁਸ਼ਵਾਰੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਮਿਸਾਲ ਦੇ ਤੌਰ 'ਤੇ ਕਈ ਮਹਾਂ ਮੂਰਖ ਬੰਦੇ ਰੇਲਵੇ ਫਾਟਕ 'ਤੇ ਆਪਣੀ ਗੱਡੀ ਲਿਆ ਕੇ ਸਭ ਤੋਂ ਅੱਗੇ ਫਸਾ ਦਿੰਦੇ ਹਨ। ਅਫਸਰਾਂ ਅਤੇ ਨੇਤਾਵਾਂ ਦੇ ਡਰਾਈਵਰਾਂ ਨੂੰ ਖਾਸ ਤੌਰ 'ਤੇ ਇਹ ਗੰਦੀ ਆਦਤ ਹੁੰਦੀ ਹੈ। ਜੇ ਕੋਈ ਇਤਰਾਜ਼ ਕਰੇ ਤਾਂ ਅੱਗੋਂ ਵੱਢ ਖਾਣ ਨੂੰ ਪੈਂਦੇ ਹਨ। ਇਸ ਤੋਂ ਇਲਾਵਾ ਕਈ ਬੇਵਕੂਫ ਗੱਡੀ ਨੂੰ ਰਸਤਾ ਨਾ ਮਿਲਣ 'ਤੇ ਦੂਸਰੇ ਡਰਾਈਵਰਾਂ ਵੱਲ ਡੇਲੇ ਕੱਢਦੇ ਹਨ ਤੇ ਭੈੜੇ ਜਿਹੇ ਇਸ਼ਾਰੇ ਵੀ ਕਰ ਦਿੰਦੇ ਹਨ। ਇਨ੍ਹਾਂ ਗੱਲਾਂ ਤੋਂ ਹੋਈਆਂ ਲੜਾਈਆਂ ਵਿੱਚ ਕਈ ਥਾਈਂ ਕਤਲ ਤੱਕ ਹੋ ਚੁੱਕੇ ਹਨ। ਇਹੋ ਜਿਹੇ ਕੰਮ-ਅਕਲਾਂ ਨੂੰ ਦੂਰੋਂ ਹੀ ਸਲਾਮ ਕਰ ਦੇਣੀ ਚਾਹੀਦੀ ਹੈ।

ਸਰਕਾਰੀ ਅੰਕੜਿਆਂ ਮੁਤਾਬਕ ਪੰਜਾਬ ਦੀਆਂ ਅਦਾਲਤਾਂ ਵਿੱਚ ਲੜਾਈ ਝਗੜੇ ਦੇ ਸਭ ਤੋਂ ਵੱਧ ਮੁਕੱਦਮੇ ਪੇਂਡੂਆਂ ਦੇ ਚੱਲ ਰਹੇ ਹਨ। ਇਹ ਮੁਕੱਦਮੇ ਕੋਈ ਖਾਨਦਾਨੀ ਦੁਸ਼ਮਣੀਆਂ ਕਾਰਨ ਨਹੀਂ, ਬਲਕਿ ਵੱਟ ਵੱਢਣ, ਦੂਸਰੇ ਦੇ ਘਰ ਅੱਗੋਂ ਬਰਸਾਤੀ ਪਾਣੀ ਕੱਢਣ, ਖੇਤ ਵਿੱਚ ਡੰਗਰ ਪੈਣ, ਮੁੱਛ ਨੂੰ ਵੱਟ ਦੇਣ ਜਾਂ ਖੰਘੂਰਾ ਮਾਰਨ ਆਦਿ ਵਰਗੀਆਂ ਛੋਟੀਆਂ ਛੋਟੀਆਂ ਗੱਲਾਂ ਦੇ ਹਨ। ਜੱਟਵਾਦ ਅਤੇ ਹਥਿਆਰਾਂ ਦੀ ਵਡਿਆਈ ਕਰਨ ਵਾਲੇ ਗਾਣਿਆਂ ਦਾ ਸਭ ਤੋਂ ਵੱਧ ਅਸਰ ਜੱਟਾਂ ਦੀ ਨੌਜਵਾਨ ਪੀੜ੍ਹੀ 'ਤੇ ਹੋਇਆ ਹੈ। ਮੁਕੱਦਮਾ ਦਰਜ਼ ਹੋਣ ਤੋਂ ਬਾਅਦ ਜਦੋਂ ਪੁਲਿਸ ਅਤੇ ਵਕੀਲਾਂ ਦੇ ਖਰਚੇ ਚੀਕਾਂ ਕਢਾ ਦਿੰਦੇ ਹਨ ਤਾਂ ਫਿਰ ਸੋਚਦੇ ਹਨ, "ਵੈਸੇ ਭਾਊ ਲੜਾਈ ਵਾਲੀ ਗੱਲ ਤਾਂ ਕੋਈ ਨਹੀਂ ਸੀ। ਪਸ਼ੂ ਜੇ ਫਸਲ ਖਾ ਰਿਹਾ ਸੀ ਤਾਂ ਆਪਾਂ ਉਸ ਨੂੰ ਹੱਕ ਕੇ ਬਾਹਰ ਵੀ ਕੱਢ ਸਕਦੇ ਸੀ। ਉਸ ਨੇ ਪਤਾ ਨਹੀਂ ਵੀਹਾਂ ਪੰਜਾਹਾਂ ਦੇ ਪੱਠੇ ਖਾਧੇ ਹੋਣੇ ਆ ਕਿ ਨਹੀਂ, ਪਰ ਆਪਣੇ ਜਰੂਰ ਦੋ ਕਿੱਲੇ ਮਿੱਟੀ ਖਾਣਾ ਥਾਣੇਦਾਰ ਤੇ ਗੁਪਤਾ ਵਕੀਲ ਖਾ ਗਏ ਹਨ।" ਛੇ ਕੁ ਮਹੀਨੇ ਪਹਿਲਾਂ ਝਬਾਲ ਲਾਗਲੇ ਇੱਕ ਪਿੰਡ ਵਿੱਚ ਚਾਚੇ ਤਾਏ ਦੇ ਮੁੰਡਿਆਂ ਦਰਮਿਆਨ ਜੰਮ ਕੇ ਝਗੜਾ ਹੋਇਆ ਸੀ। ਇੱਕ ਧਿਰ ਨੇ ਆਪਣੇ ਵਾਹਣ ਨੂੰ ਪਾਣੀ ਲਗਾਇਆ ਹੋਇਆ ਸੀ ਤੇ ਵੱਟ ਟੁੱਟ ਜਾਣ ਕਾਰਨ ਉਸ ਦੇ ਚਾਚੇ ਦੇ ਮੁੰਡੇ ਦੀ ਕੁਝ ਦਿਨ ਪਹਿਲਾਂ ਬੀਜੀ ਕਣਕ ਦੇ ਚਾਰ ਕੁ ਮਰਲੇ ਖਰਾਬ ਹੋ ਗਏ। ਇਸ ਮਾਮੂਲੀ ਜਿਹੀ ਗੱਲ ਤੋਂ ਦੋਵਾਂ ਧਿਰਾਂ ਵਿੱਚ ਰੱਜ ਕੇ ਕੁੱਟ ਮਾਰ ਹੋਈ ਤੇ ਮੁਕੱਦਮੇ ਦਰਜ਼ ਹੋ ਗਏ। ਕਣਕ ਦਾ ਬੀਜ ਤਾਂ ਸ਼ਾਇਦ ਦੋ ਚਾਰ ਸੌ ਰੁਪਏ ਦਾ ਹੋਵੇਗਾ, ਪਰ ਹੁਣ ਤੱਕ ਦੋਵਾਂ ਧਿਰਾਂ ਦਾ ਕੁੱਲ ਮਿਲਾ ਕੇ ਤਿੰਨ ਲੱਖ ਤੋਂ ਵੱਧ ਲੱਗ ਚੁੱਕਾ ਹੈ।



1985-86 ਸਮੇਂ ਮੈਂ ਡੀ.ਏ.ਵੀ. ਕਾਲਜ ਅੰਮ੍ਰਿਤਸਰ ਪੜ੍ਹਦਾ ਹੁੰਦਾ ਸੀ ਤਾਂ ਇੱਕ ਦਿਨ ਅਸੀਂ 4 – 5 ਦੋਸਤ ਫਿਲਮ ਵੇਖਣ ਲਈ ਆਦਰਸ਼ ਸਿਨੇਮੇ ਵੱਲ ਪੈਦਲ ਤੁਰੇ ਜਾ ਰਹੇ ਸੀ। ਅੱਗੋਂ ਇੱਕ ਨਵ ਵਿਆਹਿਆ ਜੋੜਾ ਫਿਲਮ ਵੇਖ ਕੇ ਬਾਹਰ ਨੂੰ ਆ ਰਿਹਾ ਸੀ। ਸਿਨੇਮੇ ਦੇ ਗੇਟ ਲਾਗੇ ਸਾਡੇ ਦੋਸਤ ਪੱਪੂ ਦਾ ਪਤਾ ਨਹੀਂ ਜਾਣ ਬੁਝ ਕੇ ਜਾਂ ਗਲਤੀ ਨਾਲ, ਨਵ ਵਿਆਹੁਤਾ ਨੂੰ ਮੋਢਾ ਵੱਜ ਗਿਆ। ਦੂਸਰਾ ਦੋਸਤ ਲੱਕੀ ਵੀ ਪਿੱਛੇ ਪਿੱਛੇ ਆ ਰਿਹਾ ਸੀ ਜਿਸ ਨੂੰ ਵੇਖ ਕੇ ਉਹ ਲੜਕੀ ਪਰ੍ਹਾਂ ਨੂੰ ਹੋ ਗਈ। ਉਸ ਦਾ ਪਤੀ ਪਿੱਛੇ ਪਿੱਛੇ ਆ ਰਿਹਾ ਸੀ। ਉਸ ਨੇ ਸਾਰਾ ਦ੍ਰਿਸ਼ ਵੇਖ ਲਿਆ ਸੀ ਤੇ ਉਸ ਨੇ ਲੱਕੀ ਦੀ ਬਾਂਹ ਪਕੜ ਲਈ। ਲੱਕੀ ਦੇ ਰੰਗ ਉੱਡ ਗਏ ਕਿ ਹੁਣ ਪੁਲਿਸ ਤੋਂ ਛਿੱਤਰ ਪਰੇਡ ਹੋਵੇਗੀ। ਪਰ ਅਸ਼ਕੇ ਜਾਈਏ ਉਸ ਵਿਅਕਤੀ ਦੇ, ਉਹ ਗੁੱਸਾ ਕਰਨ ਦੀ ਬਜਾਏ ਹੱਸ ਕੇ ਕਹਿਣ ਲੱਗਾ, "ਭਰਾ ਨਰਾਜ਼ ਤਾਂ ਨਹੀਂ ਹੋ ਗਿਆ। ਤੂੰ ਵੀ ਮਾਰ ਲੈ ਮੋਢਾ।" ਮੇਰਾ ਖਿਆਲ ਹੈ ਕਿ ਜੇ ਉਹ ਵਿਅਕਤੀ ਲੱਕੀ ਦੇ ਦਸ ਚਪੇੜਾਂ ਵੀ ਮਾਰ ਦਿੰਦਾ ਤਾਂ ਉਸ ਨੇ ਐਨੀ ਬੇਇੱਜ਼ਤੀ ਮਹਿਸੂਸ ਨਹੀਂ ਸੀ ਕਰਨੀ, ਜਿੰਨੀ ਉਸ ਦੇ ਇੱਕ ਵਾਕ ਨੇ ਕਰਾ ਦਿੱਤੀ। ਜੇ ਕੋਈ ਗੁੱਸੇਖੋਰ ਬੰਦਾ ਹੁੰਦਾ ਤਾਂ ਇਸ ਛੋਟੀ ਜਿਹੀ ਗੱਲ ਤੋਂ ਉਥੇ ਪੱਕਾ ਲੜਾਈ ਹੋਣੀ ਸੀ।

ਸੋਸ਼ਲ ਮੀਡੀਆ 'ਤੇ ਕੁਝ ਦਿਨ ਪਹਿਲਾਂ ਇੱਕ ਖਬਰ ਆਈ ਸੀ ਕਿ ਪੰਜਾਬ ਦਾ ਇੱਕ ਬਜ਼ੁਰਗ ਜੋੜਾ ਆਪਣੇ ਨੂੰਹ ਪੁੱਤ ਨੂੰ ਮਿਲਣ ਵਾਸਤੇ ਟੂਰਿਸਟ ਵੀਜ਼ੇ 'ਤੇ ਨਿਊਯਾਰਕ ਜਾ ਰਿਹਾ ਸੀ। ਪਤੀ ਬੇਹੱਦ ਸੜੀਅਲ ਅਤੇ ਰਵਾਇਤੀ ਕਿਸਮ ਦਾ ਵਿਅਕਤੀ ਸੀ। ਹਵਾਈ ਜਹਾਜ ਦਾ ਮਸਾਲੇਦਾਰ ਖਾਣਾ ਖਾਣ ਤੋਂ ਬਚਣ ਲਈ ਉਨ੍ਹਾਂ ਨੇ ਦਸ-ਬਾਰਾਂ ਪਰੌਂਠੇ ਨਾਲ ਬੰਨ੍ਹੇ ਹੋਏ ਸਨ। ਜਦੋਂ ਬੁੱਢਾ ਪਰੌਂਠੇ ਖਾਣ ਲੱਗਾ ਤਾਂ ਉਸ ਨੇ ਬੁੱਢੜੀ ਨਾਲ ਇਸ ਗੱਲ ਤੋਂ ਝਗੜਨਾ ਸ਼ੁਰੂ ਕਰ ਦਿੱਤਾ ਕਿ ਪਰੌਂਠਿਆਂ ਵਿੱਚ ਨਮਕ ਵੱਧ ਹੈ। ਦੋਵੇਂ ਜਣੇ ਉੱਚੀ ਉੱਚੀ ਇੱਕ ਦੂਸਰੇ 'ਤੇ ਚੀਕਣ ਲੱਗੇ। ਨਾਲ ਦੀਆਂ ਸਵਾਰੀਆਂ ਵੱਲੋਂ ਸ਼ਿਕਾਇਤ ਕਰਨ 'ਤੇ ਹਵਾਈ ਜਹਾਜ਼ ਦੇ ਸਟਾਫ ਨੇ ਦਬਕੇ ਮਾਰ ਕੇ ਦੋਵਾਂ ਨੂੰ ਮਸੀਂ ਚੁੱਪ ਕਰਵਾਇਆ। ਦਿੱਲੀ ਤੋਂ ਕੈਨੇਡਾ - ਅਮਰੀਕਾ ਜਾਣ ਵਾਲੇ ਬਹੁਤੇ ਜਹਾਜ਼ਾਂ ਵਿੱਚ ਪੰਜਾਬੀ ਸਟਾਫ ਹੁੰਦਾ ਹੈ ਜੋ ਅਜਿਹੇ ਮੂਰਖਾਂ ਨਾਲ ਨਿਪਟਣਾ ਚੰਗੀ ਤਰ੍ਹਾਂ ਜਾਣਦਾ ਹੈ। ਪਰ ਜਦੋਂ ਉਹ ਨਿਊਯਾਰਕ ਏਅਰਪੋਰਟ 'ਤੇ ਉੱਤਰੇ ਤਾਂ ਸੜੇ ਬਲੇ ਬੁੱਢੇ ਨੇ ਪਰੌਂਠੇ ਭਵਾਂ ਕੇ ਡਸਟ ਬਿਨ ਵਿੱਚ ਮਾਰੇ ਤੇ ਐਲੀ ਐਲੀ ਕਰਦਾ ਬੁੱਢੜੀ ਦੇ ਗਲ ਪੈ ਗਿਆ। ਬੁੱਢੜੀ ਦੀ ਗੁੱਤ ਬੁੱਢੇ ਦੇ ਹੱਥ ਤੇ ਬੁੱਢੇ ਦੀ ਦਾਹੜੀ ਬੁੱਢੜੀ ਦੇ ਹੱਥ। ਮਿੰਟਾਂ ਸਕਿੰਟਾਂ ਵਿੱਚ ਪੁਲਿਸ ਨੇ ਦੋਵਾਂ ਨੂੰ ਮੂਧਿਆਂ ਪਾ ਕੇ ਹੱਥਕੜੀਆਂ ਲਗਾ ਦਿੱਤੀਆਂ। ਇਹ ਘਟੀਆ ਕਰਤੂਤ ਵੇਖ ਕੇ ਇੰਮੀਗਰੇਸ਼ਨ ਵਾਲਿਆਂ ਨੇ ਉਨ੍ਹਾਂ ਦੇ ਪਾਸਪੋਰਟਾਂ 'ਤੇ ਡੀਪੋਰਟ ਦੀ ਸਟੈਂਪ ਠੋਕ ਕੇ ਅਗਲੀ ਫਲਾਈਟ ਰਾਹੀਂ ਦੋਵਾਂ ਨੂੰ ਦਿੱਲੀ ਵੱਲ ਰਵਾਨਾ ਕਰ ਦਿੱਤਾ। ਜੇ ਬੁੱਢਾ ਮਾੜੇ ਮੋਟੇ ਘੱਟ ਵੱਧ ਨਮਕ ਵਾਲੇ ਪਰੌਂਠੇ ਖਾ ਲੈਂਦਾ ਤਾਂ ਅੱਜ ਉਹ ਨਿਊਯਾਰਕ ਦੇ ਕਿਸੇ ਵਧੀਆ ਰੈਸਟੋਰੈਂਟ ਵਿੱਚ ਬੈਠਾ ਪੀਜ਼ੇ ਖਾ ਰਿਹਾ ਹੁੰਦਾ।

ਕਿਸੇ ਦੀ ਕਾਰ ਨਾਲ ਮਾੜੀ ਮੋਟੀ ਕਾਰ ਖਹਿ ਜਾਣੀ, ਘਰ ਅੱਗੇ ਕਿਸੇ ਹੋਰ ਵੱਲੋਂ ਕਾਰ ਖੜ੍ਹੀ ਕਰ ਦੇਣਾ, ਗੁਆਂਢੀਆਂ ਵੱਲੋਂ ਫਰਸ਼ਾਂ ਧੋ ਕੇ ਪਾਣੀ ਤੁਹਾਡੇ ਘਰ ਵੱਲ ਰੋੜ੍ਹ ਦੇਣਾ, ਕਿਸੇ ਵੱਲੋਂ ਮਾੜੀ ਮੋਟੀ ਵੱਟ ਜਾਂ ਰਸਤਾ ਵੱਢ ਲੈਣਾ, ਕਿਸੇ ਦੇ ਪਾਲਤੂ ਕੁੱਤੇ ਵੱਲੋਂ ਤੁਹਾਡੇ ਘਰ ਅੱਗੇ ਗੰਦ ਪਾਉਣਾ ਆਦਿ ਕਈ ਅਜਿਹੀਆਂ ਛੋਟੀਆਂ ਮੋਟੀਆਂ ਗੱਲਾਂ ਹਨ, ਜਿਨ੍ਹਾਂ ਨੂੰ ਦਰ ਗੁਜਾਰ ਕਰ ਦੇਣਾ ਚਾਹੀਦਾ ਹੈ। ਇਨ੍ਹਾਂ ਗੱਲਾਂ 'ਤੇ ਗੁੱਸਾ ਤਾਂ ਬਹੁਤ ਆਉਂਦਾ ਹੈ, ਪਰ ਫਿਰ ਇਹ ਸੋਚ ਲੈਣਾ ਚਾਹੀਦਾ ਹੈ ਕਿ ਮੈਂ ਵੀ ਤਾਂ ਕਈ ਵਾਰ ਅਜਿਹਾ ਹੀ ਕਰਦਾ ਹਾਂ। -0-

**ਕਾਵਿ ਕਿਆਰੀ**

# ਗੁਰੂ ਗੋਬਿੰਦ ਸਿੰਘ ਜੀ

-ਪਰਮਿੰਦਰ ਕੌਰ ਸੁੱਖ, ਲੁਧਿਆਣਾ
8196063335

ਕਲਗੀਆਂ ਵਾਲੇ ਗੁਰੂ ਦਸ਼ਮੇਸ਼ ਜੀ
ਸਿਰ ਕਲਗੀ ਤੋੜਾ ਤੇ ਨੀਲਾ ਵੇਸ ਜੀ
ਬੈਠ ਆਨੰਦਪੁਰ ਦਿੰਦੇ ਨੇ ਸੰਦੇਸ਼ ਜੀ
ਰਹੂ ਜੱਗ ਉੱਤੇ ਸਦਾ ਹੀ ਨਿਆਰਾ ਖਾਲਸਾ
ਮੈਨੂੰ ਜਾਨ ਨਾਲੋਂ ਵੱਧ ਹੈ ਪਿਆਰਾ ਖਾਲਸਾ
ਰਹਿਣੀ ਵਿੱਚ ਰਹੂ ਜਿਹੜਾ ਸਿੱਖ ਮੇਰਾ ਜੀ
ਉਹ ਸਾਹਿਬ ਮੈਂ ਉਸਦਾ ਚਿਹਰਾ ਜੀ
ਉਹਨੂੰ ਕਰੂੰਗਾ ਪਿਆਰ ਮੈਂ ਬਥੇਰਾ ਜੀ
ਬੰਨ੍ਹੇ ਸਿਰ ਉੱਤੇ ਸੋਹਣਾ ਦਸਤਾਰਾ ਖਾਲਸਾ
ਮੈਨੂੰ ਜਾਨ ਨਾਲੋਂ ਵੱਧ ਹੈ ਪਿਆਰਾ ਖਾਲਸਾ
ਕਿਸੇ ਉੱਤੇ ਕਦੇ ਜੁਲਮ ਇਹ ਕਰੇ ਨਾ
ਹੁੰਦਾ ਵੇਖਕੇ ਜੁਲਮ ਇਹ ਵੀ ਜ਼ਰੇ ਨਾ
ਥਾਂ ਥਾਂ ਤੇ ਜਾ ਕੇ ਸੀਸ ਇਹ ਧਰੇ ਨਾ
ਮਾੜੀ ਗੱਲਾਂ ਵਿੱਚ ਭਰੇ ਨਾ ਹੁੰਗਾਰਾ ਖਾਲਸਾ
ਮੈਨੂੰ ਜਾਨ ਨਾਲੋਂ ਵੱਧ ਹੈ ਪਿਆਰਾ ਖਾਲਸਾ
ਤੜਕੇ ਤੋਂ ਉੱਠ ਨਿਤਨੇਮ ਕਰਦਾ
ਮੁੱਖ ਵਿੱਚ ਗੁਰਬਾਣੀ ਇਹ ਪੜਦਾ
ਮਾੜੇ ਸੰਗ ਵਿੱਚ ਕਦੇ ਨਹੀਂ ਖੜਦਾ
ਲਾਉਂਦਾ ਕਦੇ ਨਾ ਕਿਸੇ ਨੂੰ ਭਾਈ ਲਾਰਾ ਖਾਲਸਾ
ਮੈਨੂੰ ਜਾਨ ਨਾਲੋਂ ਵੱਧ ਹੈ ਪਿਅਰਾ ਖਾਲਸਾ
ਝੂਠ, ਜੂਠ ਤੋਂ ਸਦਾ ਹੀ ਦੂਰੀ ਰੱਖਦਾ
ਰੱਖਦਾ ਧਿਆਨ ਕੇਸ ਕੜਾ ਕੱਛਦਾ
ਜਾਕੇ ਗੁਰੂ ਦੇ ਦੁਆਰੇ ਦੇਗ ਛਕਦਾ
ਲੱਖਾਂ ਵਿੱਚ ਖੜਾ ਮਾਰੇ ਲਿਸ਼ਕਾਰਾ ਖਾਲਸਾ
ਮੈਨੂੰ ਜਾਨ ਨਾਲੋਂ ਵੱਧ ਹੈ ਪਿਆਰਾ ਖਾਲਸਾ
ਡਰੇ ਕਦੇ ਨਾ ਮੈਦਾਨ ਵੇਖ ਜੰਗ ਦਾ
ਵੇਖ ਖਾਲਸੇ ਨੂੰ ਵੈਰੀ ਖੜ੍ਹਾ ਕੰਬਦਾ
ਛਾ ਜਾਂਦਾ ਹੈ ਸਨਾਟਾ ਜਿੱਥੋਂ ਲੰਘਦਾ
ਖੜ੍ਹ ਜੰਗ ਵਿੱਚ ਛੱਡਦਾ ਜੈਕਾਰਾ ਖਾਲਸਾ
ਮੈਨੂੰ ਜਾਨ ਨਾਲੋਂ ਵੱਧ ਹੈ ਪਿਆਰਾ ਖਾਲਸਾ
ਕੱਕਾ ਕਿਰਪਾਨ ਕੜਾ ਕੇਸ ਕੋਲ ਨੇ
ਹੁੰਦੇ ਖਾਲਸੇ ਦੇ ਮਿੱਠੇ ਮਿੱਠੇ ਬੋਲ ਨੇ
ਇਹ ਪੁੱਤਰ ਤਾਂ ਮੇਰੇ ਅਨਮੋਲ ਨੇ
ਸਵਾ ਸਵਾ ਲੱਖ ਉੱਤੇ ਕੱਲਾ ਭਾਰਾ ਖਾਲਸਾ
ਮੈਨੂੰ ਜਾਨ ਨਾਲੋਂ ਵੱਧ ਹੈ ਪਿਆਰਾ ਖਾਲਸਾ

ਇਹਨਾਂ ਵਿੱਚੋਂ ਕਰਾਂ ਆਪਣੇ ਦੀਦਾਰ ਮੈਂ
ਖਾਲਸੇ ਲਈ ਵਾਰ ਦਿੱਤੇ ਪੁੱਤ ਚਾਰ ਮੈਂ
ਰੱਖੇ ਰਹਿਣੀ ਉੱਹਤੋਂ ਜਾਵਾਂ ਬਲਿਹਾਰ ਮੈਂ
"ਪਰਵਿੰਦਰ ਕੌਰ ਸੁੱਖ" ਲਿਖਦੀ ਨਿਆਰਾ ਖਾਲਸਾ
ਮੈਨੂੰ ਜਾਨ ਨਾਲੋਂ ਵੱਧ ਹੈ ਪਿਆਰਾ ਖਾਲਸਾ

-0-

# ਉਸਤਤਿ ਗੁਰੂ ਅਮਰਦਾਸ ਜੀ...

ਡਾ: ਅਮਨਪ੍ਰੀਤ ਸਿੰਘ ਲੁਧਿਆਣਾ

ਇਹ ਉਹੀਓ ਅਮਰੂ ਨਿਥਾਵਾਂ ਸੀ,
ਜਿਹੜਾ ਕੁੜਮਾਂ ਦਾ ਪਾਣੀ ਢੋਹਦਾ ਸੀ।
ਇਹ ਉਹੀਓ ਨਿਗੁਰਾ ਅਮਰੂ ਸੀ,
ਜਿਹੜਾ ਦੇਵੀ ਦੇ ਜਾ ਕੇ ਗਾਉਂਦਾ ਸੀ।
ਇਹ ਉਹੀਓ ਅਮਰੂ ਵਿਚਾਰਾ ਸੀ,
ਜਿਹੜਾ ਬੁੱਢੜੀ ਉਮਰੇ ਉਦਾਸ ਰਿਹਾ।
ਜਦ ਮਿਲਿਆ ਦਰ ਗੁਰੂ ਅੰਗਦ ਦਾ,
ਜਹਾਨ ਦੂਜਾ ਨਾਨਕ ਜਿਸ ਆਖ ਗਿਆ।
ਬਿਆਸ ਤੋਂ ਪਾਣੀ ਢੋਂਹਦਾ ਸੀ,
ਅੰਮ੍ਰਿਤ ਵੇਲੇ ਇਸ਼ਨਾਨ ਕਰਾਉਂਦਾ ਸੀ।
ਬੀਬੀ ਅਮਰੋ ਤੋਂ ਸੁਣ ਜਪੁਜੀ ਨੂੰ,
ਮੇਲ ਸੱਚੇ ਗੁਰੂ ਦਾ ਚਾਹੁੰਦਾ ਸੀ।
ਬਾਉਲੀ ਗੋਇੰਦਵਾਲ ਰਚੀ,
'ਅਨੰਦ' ਰਚਿਆ ਰਾਮਕਲੀ ਰਾਗ ਅੰਦਰ।
ਇਹ ਅਮਰੂ, ਗੁਰੂ ਅਮਰ ਹੋ ਗਿਆ,
ਜੋਤਿ ਪ੍ਰਗਟੀ ਨਾਨਕ ਦਰਬਾਰ ਅੰਦਰ।
ਗੁਰ ਬਿਨ ਇਹ ਜਿੰਦ ਹਨੇਰ ਸਦਾ,
ਗੁਰ ਬਿਨ ਇਹ ਕੋਝੀ ਜਿਉਣੀ ਏ।
ਗੁਰ ਮਿਲ ਪਵੇ ਸੇਵਾ ਥਾਈਂ ਪਈ,
ਗੁਰ-ਸੇਵਾ 'ਚ ਜਿੰਦਗੀ ਜਿਊਣੀ ਏ।
ਸਤੀਆਂ ਨੂੰ ਜਲ਼ਦੀਆਂ ਬਚਾਇਆ ਸੀ,
ਭੇਖ-ਪਰਦੇ ਤੋਂ ਬਾਹਰ ਰਖਾਇਆ ਸੀ।
ਮਰ ਗਏ ਦੇ ਪਿੱਛੇ ਰੋਣਾਂ ਨਹੀਂ,
ਕਾਦਰ ਦਾ ਸ਼ੁਕਰ ਮਨਾਇਆ ਸੀ।
ਨਿਮਰਤਾ ਦਾ ਇਹ ਪੁੰਜ ਜਿਹਾ,
ਮਾਰੀ ਦਾਤੂ ਜੀ ਲੱਤ ਘੁੱਟਣ ਲੱਗਾ।
ਰਹਿ ਸਬਰ-ਸੰਤੋਖ ਜੀਅ ਸਦਾ,
ਗੁਰੂ ਅਮਰਦਾਸ ਧੰਨ ਧੰਨ ਸਦਾ।
ਬਾਸਰਕੇ ਪਿੰਡ ਦਾ ਜੰਮਪਲ ਸੀ,
ਚੌਦਾਂ ਸੌ ਉਣਾਸੀ ਸੰਨ ਦੇ ਵਿੱਚ।
ਮਾਤਾ ਲੱਕਛਮੀ ਦੀ ਕੁੱਖੋਂ,
ਪਿਤਾ ਤੇਜ ਭਾਨ ਭੱਲੇ ਦੇ ਘਰ ਦੇ ਵਿੱਚ।
ਮਨਸਾ ਦੇਵੀ ਨਾਲ ਕਾਜ ਰਚਿਆ,
ਗ੍ਰਿਹਸਥ ਇਹ ਨਿਭਾਉਣ ਲੱਗਾ।
ਗੁਰ ਬਿਨ ਇਹ ਆਯੂ ਨਾ ਲੰਘ ਜਾਏ,
ਜਿੰਦ ਘੋਖ ਕੇ ਸਮਝ ਅਪਨਾਉਣ ਲੱਗਾ।
ਮੋਹਨ ਤੇ ਮੋਹਰੀ ਪੁੱਤਰ ਨੇ,
ਦਾਨੀ ਤੇ ਭਾਨੀ ਧੀਆਂ ਨੇ।
ਭਾਈ ਜੇਠਾ ਸੇਵਾ ਕਬੂਲ ਪਈ,
ਬਾਤਾਂ ਉਸ ਦੀਆਂ ਘੁਗਣੀਆਂ ਨੇ।
ਚੌਥਾ ਨਾਨਕ ਜੀ ਥਾਪ ਦਿੱਤਾ,
ਸਾਕ ਦਿੱਤਾ ਪੁੱਤਰੀ ਭਾਨੀ ਦਾ।
ਬਾਲ ਅਰਜਨ 'ਬੋਹਿਥਾ ਬਾਣੀ ਦਾ'
ਵਰ ਦਿੱਤਾ ਮਾਣ ਨਿਸ਼ਾਨੀ ਦਾ।
ਗੁਰੂ ਅਮਰਦਾਸ ਜੀ ਉਸਤਤਿ ਵਿੱਚ,
ਦੋ ਲਫਜ਼ ਕਹੇ ਵੀ ਥੋੜੇ ਨੇ।
'ਅਮਨ' ਤੋਂ ਕਿਹਾ ਨਾ ਹੋਰ ਜਾਵੇ
ਨਾਮ-ਸੇਵਾ ਬਿਨ ਬੰਦੇ ਕੋੜੇ ਨੇ। -0-

# ਉਪਕਾਰੀ ਗੁਰੂ

-ਵਿਧਾਤਾ ਸਿੰਘ ਤੀਰ

ਤੈਥੋਂ ਸਦਕੇ ਪਿਤਾ ਤੈਥੋਂ ਵਾਰੇ ਪਿਤਾ ।
ਕੀਤੇ ਉਪਕਾਰ ਤੂੰ ਜਗ ਤੇ ਭਾਰੇ ਪਿਤਾ।
ਤੇਰੀ ਕਰਨੀ ਨਿਰਾਲੀ ਹੈ ਉਪਕਾਰੀਆ।
ਤੇਰੀ ਉਮਤ ਅਕਾਲੀ ਹੈ ਉਪਕਾਰੀਆ।
ਤੂੰ ਅਜਬ ਘਾਲ ਘਾਲੀ ਹੈ ਉਪਕਾਰੀਆ।
ਦੀਨਾਂ ਖ਼ਾਤਰ ਤਸੀਹੇ ਸਹਾਰੇ ਪਿਤਾ।
ਕੀਤਾ ਦੁੱਖੀਆਂ ਤੋਂ ਬਾਪੂ ਵੀ ਕੁਰਬਾਨ ਤੂੰ।
ਛੱਡੇ ਸੁੱਖਾਂ ਦੇ ਸਾਰੇ ਹੀ ਸਾਮਾਨ ਤੂੰ।
ਪਾਈ ਵਖਤਾਂ ਦੇ ਵਿਚ ਆਪਣੀ ਜਾਨ ਤੂੰ।
ਸਦਕੇ ਕੀਤੇ ਨੀ ਚਾਰੇ ਦੁਲਾਰੇ ਪਿਤਾ।
ਤੇਰੀ ਮਾਛੀਵਾੜੇ ਦੀ ਝਾਕੀ ਅਜਬ।
ਹੈ ਉੱਚ ਪੀਰ ਵਾਲੀ ਪੁਸ਼ਾਕੀ ਅਜਬ।
ਹੈ, ਦੁਨੀਆਂ ਤੇ ਸਤਿਗੁਰ ਤੂੰ ਸਾਕੀ ਅਜਬ।
ਤੇਰੀ ਪੀ ਕੇ ਨੇ ਆਉਂਦੇ ਹੁਲਾਰੇ ਪਿਤਾ।
ਲਾਈ ਰਣਜੀਤ ਤੇ ਜਿਸ ਘੜੀ ਚੋਟ ਤੂੰ।
ਮਾਰੀ ਜ਼ਾਲਮ ਦੀ ਮੈਦਾਨ ਵਿਚ ਗੋਟ ਤੂੰ।
ਬਣਿਓਂ ਦੀਨਾਂ -ਅਨਾਥਾਂ ਦੀ ਧਿਰ-ਓਟ ਤੂੰ।
ਲੇਖੇ ਲਾਏ ਨੀ ਪੰਜ ਪਿਆਰੇ ਪਿਤਾ।
ਤੇਰੀ ਸ਼ੁਭ ਸਪਤਮੀ ਨੂੰ ਮਨਾਈਏ ਕਿਵੇਂ।
ਤੈਨੂੰ ਸਤਿਗੁਰ ਜੀ ਦਸ ਰਿਝਾਈਏ ਕਿਵੇਂ।
ਤੇਰੀ ਮਹਿਮਾ ਤੇ ਗੁਣ ਗੀਤ ਗਾਈਏ ਕਿਵੇਂ।
ਤੇਰੇ ਅਨਗਿਣਤ ਦੁਨੀਆਂ ਤੇ ਤਾਰੇ ਪਿਤਾ।

-0-

ਲੜੀ ਜੋੜਣ ਲਈ ਪਿਛਲਾ ਅੰਕ ਵੇਖੋ

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ 'ਸਾਬਤ ਸੂਰਤਿ ਰਹਿਣ' ਦਾ ਸੰਕਲਪ

**'ਸਰਬੋਤਮਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਪੁਸਤਕ ਵਿਚੋਂ**

**ਗਿ: ਜਗਤਾਰ ਸਿੰਘ ਜਾਚਕ**

ਗੁਰਮਤ ਮਾਰਤੰਡ ਵਿਚ ਮੰਗਲਾਚਰਨ ਦੇ ਹੇਠ ਲਿਖੇ ਪੰਜ ਰੂਪਾਂ ਦਾ ਜ਼ਿਕਰ ਹੈ:

(1) ੧ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥


(2) ੧ੴ ਸਤਿਨਾਮੁ ਕਰਤਾ ਪੁਰਖੁ ਗੁਰ ਪ੍ਰਸਾਦਿ ॥


(3) ੧ੴ ਸਤਿਨਾਮੁ ਗੁਰ ਪ੍ਰਸਾਦਿ ॥

(4) ੧ੴ ਸਤਿਗੁਰ ਪ੍ਰਸਾਦਿ ॥

(5) ੧ੴ


ਉਪ੍ਰੋਕਤ ਨੰਬਰ ਇਕ 'ਤੇ ਦਰਜ ਸੰਪੂਰਨ ਮੰਗਲਾਚਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ 33 ਵਾਰ ਦਰਜ ਹੈ। ਪਰ ਹੈਰਾਨੀ ਦੀ ਗੱਲ ਹੈ ਕਿ 5 ਰਾਗਾਂ ਦੇ ਆਰੰਭ ਵਿਚ (ਸਿਰੀ ਰਾਗ, ਜੈਤਸਰੀ, ਬੈਰਾੜੀ, ਤੁਖਾਰੀ ਅਤੇ ਕੇਦਾਰਾ) ਇਹ ਸੰਪੂਰਨ ਰੂਪ ਵਿਚ ਨਹੀਂ, ਸਗੋਂ ਸੰਖੇਪ ਰੂਪ ਵਿਚ ਦਰਜ ਹੈ। ਇਥੇ ਬਹੁਤ ਹੀ ਮਹੱਤਵਪੂਰਨ ਸਵਾਲ ਖੜਾ ਹੁੰਦਾ ਹੈ ਕਿ ਸੰਪੂਰਨ ਰੂਪ ਵਿਚ ਮੂਲ ਮੰਤਰ ਸਾਰੇ ਰਾਗਾਂ ਦੇ ਆਰੰਭ ਵਿਚ ਕਿਉਂ ਨਹੀਂ ਆਇਆ? ਕੀ ਇਹ ਲਿਖਾਰੀ ਦੀ ਗ਼ਲਤੀ ਹੈ ਜਾਂ ਕੋਈ ਹੋਰ ਵਜ੍ਹਾ ? ਆਪਣੇ ਸੀਮਤ ਸਾਧਨਾਂ ਰਾਹੀਂ ਜੋ ਜਾਣਕਾਰੀ ਇਕੱਤਰ ਕਰ ਸਕਿਆ ਹਾਂ, ਉਸ ਦੇ ਆਧਾਰ 'ਤੇ ਮੈਂ ਇਹ ਕਹਿ ਸਕਦਾ ਹਾਂ ਕਿ ਇਹ ਲਿਖਾਰੀ ਵੱਲੋਂ ਜਾਣੇ-ਅਣਜਾਣੇ ਕੀਤੀ ਗਈ ਗ਼ਲਤੀ ਹੈ। ਮੈਂ ਇਕ ਹੱਥ-ਲਿਖਤ ਦੇ ਦਰਸ਼ਨ ਕੀਤੇ ਹਨ, ਉਸ ਵਿਚ ਸਾਰੇ ਰਾਗਾਂ ਦੇ ਆਰੰਭ ਵਿਚ ਸੰਪੂਰਨ ਮੰਗਲ ਦਰਜ ਹਨ।






ਅੱਜ ਛਾਪੇ ਦੀ ਬੀੜ ਵਿਚ ਜਿਨ੍ਹਾਂ ਪੰਜ ਰਾਗਾਂ ਦੇ ਅਰੰਭ ਵਿਚ ਸੰਖੇਪ ਮੰਗਲ ਦਰਜ ਹੈ, ਹੱਥ-ਲਿਖਤ ਵਿਚ ਉਨ੍ਹਾਂ ਪੰਜਾਂ ਹੀ ਰਾਗਾਂ (ਸਿਰੀ ਰਾਗ, ਜੈਤਸਰੀ, ਬੈਰਾੜੀ, ਤੁਖਾਰੀ ਅਤੇ ਕੇਦਾਰਾ) ਦੇ ਅਰੰਭ ਵਿਚ ਸੰਪੂਰਨ ਮੰਗਲ ਦਰਜ ਹੈ।


ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ 1353 ਉਪਰ ਦੋ ਵਾਰੀ (ਸਲੋਕ ਸਹਸਕ੍ਰਿਤੀ ਮਹਲਾ ੧ ਅਤੇ ਸਲੋਕ ਸਹਸਕ੍ਰਿਤੀ ਮਹਲਾ ੫) ਸੰਪੂਰਨ ਮੰਗਲ ਦਰਜ ਹੈ। ਆਸਾ ਰਾਗ ਵਿਚ, "ਰਾਗ ਆਸਾ ਬਾਣੀ ਭਗਤਾ ਕੀ ॥ ਕਬੀਰ ਜੀਉ ਨਾਮਦੇਵ ਜੀਉ ਰਵਿਦਾਸ ਜੀਉ ॥ ਆਸਾ ਕਬੀਰ ਜੀਉ ॥" (ਪੰਨਾ 475) ਦੇ ਅਰੰਭ ਵਿਚ ਵੀ ਪੂਰਾ ਮੰਗਲ ਦਰਜ ਹੈ। ਮੇਰਾ ਖ਼ਿਆਲ ਹੈ ਕਿ ਇਹ ਕਰਤਾਰਪੁਰੀ ਬੀੜ ਦੀ ਦੇਣ ਹੈ। ਕਿਉਂਕਿ ਪ੍ਰਿੰਸੀਪਲ ਭਾਈ ਜੋਧ ਸਿੰਘ ਹੁਰਾਂ ਦੀ ਰਚਿਤ ਪੁਸਤਕ ਕਰਤਾਰਪੁਰੀ ਬੀੜ ਦੇ ਦਰਸ਼ਨ ਦੇ ਪੰਨਾ 119 ਤੇ 73 ਮੁਤਾਬਕ ਕਰਤਾਰਪੁਰੀ ਬੀੜ ਵਿਚ ਸਲੋਕ ਸਹਸਕ੍ਰਿਤੀ ਮਹਲਾ ੫ ਤੋਂ ਪਹਿਲਾਂ ਵੀ ਪੂਰਾ ਮੂਲ ਮੰਤਰ ਦਰਜ ਹੈ ਅਤੇ ਰਾਗ ਆਸਾ ਬਾਣੀ ਭਗਤਾ ਕੀ, ਤੋਂ ਪਹਿਲਾਂ ਵੀ ਪੂਰਾ ਮੂਲ ਮੰਤਰ ਦਰਜ ਹੈ। ਜਦੋਂ ਕਿ ਉਪਰੋਕਤ ਹੱਥ-ਲਿਖਤ ਵਿਚ ਅਜਿਹਾ ਨਹੀਂ ਹੈ।




ਇਸੇ ਪੁਸਤਕ ਅਨੁਸਾਰ ਕਰਤਾਰਪੁਰੀ ਬੀੜ ਵਿਚ ਸਿਰੀ ਰਾਗ ਦੇ ਅਰੰਭ ਵੇਲੇ ਸੰਖੇਪ ਰੂਪ ਵਿਚ (੧ੴ ਸਤਿਗੁਰਪ੍ਰਸਾਦਿ) ਮੂਲ ਮੰਤਰ ਦਰਜ ਹੈ (ਪੰਨਾ 47) ਇਸ ਲਈ ਅੱਜ ਛਾਪੇ ਦੀਆਂ ਬੀੜਾਂ ਵਿਚ ਵੀ ਸਿਰੀ ਰਾਗ ਦੇ ਅਰੰਭ ਵਿਚ ਸੰਖੇਪ ਰੂਪ (੧ੴ ਸਤਿਗੁਰਪ੍ਰਸਾਦਿ) ਵਿਚ ਹੀ ਦਰਜ ਹੈ। ਕਰਤਾਰਪੁਰੀ ਬੀੜ ਵਿਚ ਤੁਖਾਰੀ ਰਾਗ ਅਤੇ ਕੇਦਾਰਾ ਦੇ ਅਰੰਭ ਵਿਚ ਸੰਖੇਪ ਮੰਗਲ ਦਰਜ ਹੈ। (ਪੰਨਾ 106) ਪਾਵਨ ਬੀੜ ਦੇ ਪੰਨਾ 855 'ਤੇ ਕਬੀਰ ਜੀ ਦਾ ਸ਼ਬਦ ਦਰਜ ਹੈ, "ਬਿਲਾਵਲੁ ਬਾਣੀ ਭਗਤਾ ਕੀ ॥ ਕਬੀਰ ਜੀਉ ਕੀ ੧ੴ ਸਤਿ ਨਾਮੁ ਕਰਤਾ ਪੁਰਖੁ ਗੁਰ ਪ੍ਰਸਾਦਿ ॥ ਐਸੋ ਇਹੁ ਸੰਸਾਰੁ ਪੇਖਨਾ ਰਹਨੁ ਨ ਕੋਊ ਪਈਹੈ ਰੇ ॥" ਇਹ ਸ਼ਬਦ, ਕਰਤਾਰਪੁਰੀ ਬੀੜ ਦੇ ਪੰਨਾ 650/2 'ਤੇ ਇਸ ਤਰ੍ਹਾਂ ਦਰਜ ਹੈ, "ਬਿਲਾਵਲੁ ਬਾਣੀ ਭਗਤਾ ਕੀ ॥ ਕਬੀਰ ਜੀਉ ਕੀ ॥ ਐਸੋ ਇਹੁ ਸੰਸਾਰ..।" (ਪੰਨਾ 92) ਪਾਠਕ ਧਿਆਨ ਦੇਣ, ਕਰਤਾਰਪੁਰੀ ਬੀੜ ਵਿਚ ਇਸ ਸ਼ਬਦ ਦੇ ਅਰੰਭ ਵਿਚ ਮੰਗਲ ਨਹੀਂ ਹੈ। ਇਹ ਅਤੇ ਅਜਿਹੀਆਂ ਵਿਚ ਇਤ ਉਕਾਈਆਂ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਕਰਤਾਰਪੁਰੀ ਬੀੜ ਕਿਸੇ ਹੋਰ ਉਤਾਰੇ ਦਾ ਦੂਜੇ-ਤੀਜੇ ਥਾਂ ਉਤਾਰਾ ਹੈ।

ਉਪਰੋਕਤ ਸੂਚੀ ਵਿਚ ਨੰਬਰ ਦੋ 'ਤੇ ਦਰਜ ਮੰਗਲ, "੧ੴ ਸਤਿਨਾਮੁ ਕਰਤਾ ਪੁਰਖੁ ਗੁਰਪ੍ਰਸਾਦਿ" ਜੋ ਛਾਪੇ ਦੀ ਬੀੜ ਵਿਚ 9 ਵਾਰ (ਪੰਨਾ 137, 220, 235, 242, 243, 323, 340, 345 ਅਤੇ 855 'ਤੇ ਦਰਜ ਹੈ। ਇਹ ਮੰਗਲ ਹੱਥ-ਲਿਖਤ ਬੀੜ ਵਿਚ "੧ੴ ਸਤਿਗੁਰਪ੍ਰਸਾਦਿ" ਦਰਜ ਹੈ।







ਨੰਬਰ ਤਿੰਨ 'ਤੇ ਦਰਜ ਮੰਗਲ, "ੴ ਸਤਿਨਾਮੁ ਗੁਰਪ੍ਰਸਾਦਿ" ਜੋ ਛਾਪੇ ਦੀ ਬੀੜ ਵਿਚ 2 ਵਾਰ (ਪੰਨਾ 81 ਅਤੇ 544 'ਤੇ) ਦਰਜ ਹੈ। ਇਹ ਮੰਗਲ ਵੀ ਹੱਥ ਲਿਖਤ ਵਿਚ "ੴ ਸਤਿਗੁਰ ਪ੍ਰਸਾਦਿ" ਹੀ ਦਰਜ ਹੈ। "ਸਿਰੀਰਾਗੁ ਮਹਲਾ ੪ ਵਣਜਾਰਾ ੴ ਸਤਿ ਨਾਮੁ ਗੁਰ ਪ੍ਰਸਾਦਿ ॥ ਹਰਿ ਹਰਿ ਉਤਮੁ ਨਾਮੁ ਹੈ ਜਿਨਿ ਸਿਰਿਆ ਸਭੁ ਕੋਇ ਜੀਉ ॥" (ਪੰਨਾ 81) ਪਾਵਨ ਬੀੜ ਦੇ ਪੰਨਾ 544 'ਤੇ ਦਰਜ ਸ਼ਬਦ ਇਸ ਤਰ੍ਹਾਂ ਹੈ, "ਬਿਹਾਗੜਾ ਮਹਲਾ ੫ ਘਰੁ ੨, ੴ ਸਤਿ ਨਾਮੁ ਗੁਰ ਪ੍ਰਸਾਦਿ॥ ਵਧੁ ਸੁਖ ਰੈਨੜੀਏ ਪ੍ਰਿਆ ਪ੍ਰੇਮ ਲਗਾ।" ਇਹ ਸ਼ਬਦ, ਕਰਤਾਰਪੁਰੀ ਬੀੜ ਦੇ ਪੰਨਾ 428/1 'ਤੇ ਇਸ ਤਰ੍ਹਾਂ ਦਰਜ ਹੈ: "ਬਿਹਾਗੜਾ ਛੰਤ ਮਹਲਾ ੫ ਘਰੁ ੨॥ ਵਧੁ ਸੁਖ ਰੈਨੜੀਏ..." (ਪੁਸਤਕ ਪੰਨਾ 78) ਪਾਠਕ ਧਿਆਨ ਦੇਣ, ਕਰਤਾਰਪੁਰੀ ਬੀੜ ਵਿਚ, ਇਸ ਸ਼ਬਦ ਦੇ ਅਰੰਭ ਵਿਚ ਵੀ ਮੰਗਲ ਦਰਜ ਨਹੀਂ ਹੈ।



ਉਪ੍ਰੋਕਤ ਸੂਚੀ ਵਿਚ ਨੰਬਰ ਚਾਰ 'ਤੇ ਦਰਜ ਸੰਖੇਪ ਮੰਗਲ "ੴ ਸਤਿਗੁਰ ਪ੍ਰਸਾਦਿ" ਜੋ ਸਭ ਤੋਂ ਵੱਧ ਵਾਰ (523) ਆਇਆ ਹੈ, ਜਦੋਂ ਵੀ ਇਕ ਰਾਗ ਵਿਚ ਹੀ ਮਹਲਾ ਜਾਂ ਬਾਣੀਕਾਰ ਬਦਲਦਾ ਹੈ ਤਾਂ ਸੰਖੇਪ ਮੂਲ ਮੰਤਰ ਦਰਜ ਹੈ। ਪਰ ਰਾਗ ਸਿਰੀਰਾਗ ਮਹਲਾ ੪ ਘਰੁ ੧ (ਪੰਨਾ 39) ਅਤੇ ਸਿਰੀਰਾਗ ਮਹਲਾ ੫ ਘਰੁ ੧ (ਪੰਨਾ 42) ਦੇ ਅਰੰਭ ਵਿਚ ਸੰਖੇਪ ਮੂਲ ਮੰਤਰ ਦਰਜ ਨਹੀਂ ਹੈ। ਜਦੋਂ ਕਿ ਹੱਥ-ਲਿਖਤ ਵਿਚ ਸਿਰੀਰਾਗ ਮਹਲਾ ੫ ਘਰੁ ੧ ਦੇ ਅਰੰਭ ਵਿਚ ਸੰਖੇਪ ਮੂਲ ਮੰਤਰ ਦਰਜ ਹੈ। ਪਰ ਇਕ ਹੋਰ ਹੱਥ-ਲਿਖਤ ਵਿਚ ਅਜਿਹਾ ਨਹੀਂ ਹੈ।




ਉਪ੍ਰੋਕਤ ਸੂਚੀ ਵਿਚ ਨੰਬਰ ਪੰਜ 'ਤੇ ਦਰਜ ਮੰਗਲ, "ੴ" ਜਿਸ ਦਾ ਜ਼ਿਕਰ ਗੁਰਮਤ ਮਾਰਤੰਡ ਵਿਚ ਆਇਆ ਹੈ, ਇਹ ਛਾਪੇ ਦੀ ਬੀੜ ਵਿਚ ਨਹੀਂ ਹੈ। ਕਰਤਾਰਪੁਰੀ ਬੀੜ ਦੇ ਦਰਸ਼ਨ ਦੇ ਕਰਤਾ ਭਾਈ ਜੋਧ ਸਿੰਘ ਜੀ, ਕਰਤਾਰਪੁਰੀ ਬੀੜ ਦੇ ਪੰਨਾ 497/2 ਦੇ ਹਵਾਲੇ ਨਾਲ ਲਿਖਦੇ ਹਨ, "ਇਸ ਸਫ਼ੇ ਪਰ ਅੱਠਵੇਂ ਸ਼ਬਦ ਤੋਂ ਬਾਦ 'ਅਉਧੂ ਸੋ ਜੋਹੀ ਹੁਰ ਮੇਰਾ। ਇਸ ਪਦ ਕਾ ਕਰੇ ਨਿਬੇਰਾ ॥੧॥ ਰਹਾਉ' ਲਿਖ ਕੇ ਕੱਟਿਆ ਹੋਇਆ ਹੈ ਤੇ ਅੱਗੇ ਸਾਢੇ ਛੇ ਸਤਰਾਂ ਦੀ ਥਾਂ ਖ਼ਾਲੀ ਹੈ। ਅੱਗੇ ੴ ਹੈ।" ਅੱਗੇ ਪੰਨਾ 498/1 'ਤੇ ਸ਼ਬਦ ਅਰੰਭ ਹੁੰਦਾ ਹੈ, "ਰਾਗ ਸੋਰਿਠ ਬਾਣੀ ਭਗਤ ਨਾਮ ਦੇਵ ਜੀ ਕੀ॥ ਜਬ ਦੇਖਾਂ ਤਬ ਗਾਵਾ" (ਕ.ਬ.ਦੇ.ਦ., ਪੰਨਾ 83) ਅੱਜ ਛਾਪੇ ਦੀ ਬੀੜ ਵਿਚ ਇਹ ਸ਼ਬਦ ਪੰਨਾ 656 ਦੇ ਅਖ਼ੀਰ 'ਤੇ ਦਰਜ ਹੈ। ਉਥੇ "ੴ"ਨਹੀਂ ਸਗੋਂ "ੴ ਸਤਿਗੁਰ ਪ੍ਰਸਾਦਿ" ਹੈ। ਪੁਰਾਤਨ ਹੱਥ ਲਿਖਤਾਂ ਵਿਚ ਵੀ ਇਹ "ੴ ਸਤਿਗੁਰ ਪ੍ਰਸਾਦਿ" ਹੀ ਦਰਜ ਹੈ।



ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸੰਖੇਪ ਮੰਗਲ "ੴ ਸਤਿਗੁਰ ਪ੍ਰਸਾਦਿ" ਦੇ ਸ਼ਬਦੀ ਗੁਰੂ ਵੱਲ ਵੀ ਧਿਆਨ ਦੇਣ ਦੀ ਲੋੜ ਹੈ। ਜੁੜਵੇਂ ਅੱਖਰਾਂ ਵਿਚ ਇਹ ਦੋ ਜਬਰ ਗੁਰਪ੍ਰਸਾਦਿ" ਲਿਖਿਆ ਮਿਲਟਰ ਗਏ। ਜਦੋਂ ਅਸੀਂ ਸੰਪੂਰਨੇ ਮੰਗਲ ਦੇ ਸ਼ਬਓਸਤ ੴ ਸਤਿਗੁਰ ਪ੍ਰਸਾਦਿ" ਕੀਤੇ ਗਏ। ਜਦੋਂ ਅਸੀਂ ਸੰਪੂਰਨ ਮੰਗਲ ਨੂੰ ਸੁਖਦੇ ਹਾਂ ਤਾਂ ਗਿਆਨ ਹੁੰਦਾ ਹੈ ਕਿ 'ਗੁਰ' ਦਾ ਸੰਬੰਧ 'ਪ੍ਰਸਾਦਿ' ਨਾਲ ਹੈ ਨਾ ਕਿ 'ਸਤਿ' ਨਾਲ। ਇਹ ਉਪਰ ਨੰ: 1, 2 ਅਤੇ 3 ਤੋਂ ਵੀ ਸਪੱਸ਼ਟ ਹੈ। ਸੰਖੇਪ ਮੰਗਲ ਦੇ ਸ਼ਬਦ-ਜੋੜ ਬਾਰੇ ਵੀ ਮੁੜ ਵਿਚਾਰ ਕਰਨ ਦੀ ਲੋੜ ਹੈ।

ਹੱਥ-ਲਿਖਤ ਬੀੜਾਂ 'ਚ, ਮੰਗਲ ਨੂੰ ਪੱਤਰੇ ਦੇ ਅੱਧ ਤੋਂ ਸੱਜੇ ਪਾਸੇ ਲਿਖਿਆ ਜਾਂਦਾ ਸੀ ਅਤੇ ਰਾਗ ਦਾ ਸਿਰਲੇਖ ਉਸ ਤੋਂ ਅਗਲੀ ਪੰਗਤੀ ਵਿਚ ਖੱਬੇ ਪਾਸੇ ਲਿਖਿਆ ਜਾਂਦਾ ਸੀ, ਭਾਵ ਸੱਜੇ ਪਾਸੇ ਨੂੰ ਸ੍ਰੇਸ਼ਟ ਸਮਝੇ ਹੋਏ ਮੰਗਲ ਪਹਿਲਾਂ ਲਿਖਿਆ ਜਾਂਦਾ ਸੀ। ਇਸ ਸੰਬੰਧੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ ਦੀ ਦਸਵੀਂ ਪੋਥੀ ਵਿਚ ਹੋਰ ਵੀ ਵਿਸਥਾਰ ਪੂਰਵਕ ਪੜ੍ਹਿਆ ਜਾ ਸਕਦਾ ਹੈ।



ਹੁਣ ਜੇ ਉਪ੍ਰੋਕਤ ਸ਼ਬਦ ਨੂੰ ਲਿਖਣ ਸ਼ੈਲੀ ਅਨੁਸਾਰ ਪੜ੍ਹਿਆ ਜਾਵੇ ਤਾਂ ਇਹ "ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥ ਰਾਗੁ ਤੁਖਾਰੀ ਮਹਲਾ ੧ ਬਾਰਹਮਾਹਾ ਛੰਤ ॥ ਤੂ ਸੁਣਿ ਕਿਰਤ ਕਰੰਮਾ ਪੁਰਬਿ ਕਮਾਇਆ" ਪੜ੍ਹਿਆ ਜਾਵੇਗਾ। ਪਰ ਛਾਪੇ ਦੀਆਂ ਬੀੜਾਂ ਵਿਚ ਇਹ, "ਤੁਖਾਰੀ ਛੰਤ ਮਹਲਾ ੧ ਬਾਰਹਮਾਹਾ ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ ਤੂ ਸੁਣਿ ਕਿਰਤ ਕਰੰਮਾ ਪੁਰਬਿ ਕਮਾਇਆ" ਦਰਜ ਹੈ। ਇਕ ਹੋਰ ਉਦਾਹਰਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ 1185 ਉਪਰ "ਬਸੰਤੁ ਮਹਲਾ ੫ ਘਰੁ ੨ ਹਿੰਡੋਲ ੴ ਸਤਿਗੁਰ ਪ੍ਰਸਾਦਿ॥ ਹੋਇ ਇਕਤ੍ਰ ਮਿਲਹੁ ਮੇਰੇ ਭਾਈ" ਪਰ ਪੰਨਾ 1186 ਉਪਰ "ੴ ਸਤਿਗੁਰ ਪ੍ਰਸਾਦਿ॥ ਰਾਗ ਬਸੰਤੁ ਮਹਲਾ ੯ ॥ ਸਾਧੋ ਇਹ ਤਨੁ ਮਿਥਿਆ ਜਾਨਉ।" "ਰਾਗੁ ਗਉੜੀ


ਰਵਿਦਾਸ ਜੀ ਕੇ ਪਦੇ ਗਉੜੀ ਗੁਆਰੇਰੀ ੴ ਸਤਿਨਾਮੁ ਕਰਤਾ ਪੁਰਖੁ ਗੁਰਪ੍ਰਸਾਦਿ॥ ਮੇਰੀ ਸੰਗਤਿ ਪੋਚ ਸੋਚ ਦਿਨੁ ਰਾਤੀ॥" (ਪੰਨਾ 345) ਪਰ ਇਸੇ ਹੀ ਪੰਨੇ 'ਤੇ ਭਗਤ ਰਵਿਦਾਸ ਜੀ ਦਾ ਹੀ ਅਗਲਾ ਸ਼ਬਦ ਵੇਖੋ, ਇਥੋਂ ਮੰਗਲ ਸ਼ਬਦ ਤੋਂ ਪਹਿਲਾਂ, ਠੀਕ ਅਸਥਾਨ 'ਤੇ ਹੈ। "ੴ ਸਤਿਗੁਰ ਪ੍ਰਸਾਦਿ॥ ਗਉੜੀ ਬੈਰਾਗਣਿ ਰਵਿਦਾਸ ਜੀਉ॥ ਘਟ ਅਵਘਟ ਡੂਗਰ ਘਣਾ ਇਕੁ ਨਿਰਗੁਣੁ ਬੈਲੁ ਹਮਾਰ ॥" (ਪੰਨਾ 345) ਅਜਿਹੀਆਂ ਉਕਾਈਆਂ ਕਾਤਬਾਂ ਵੱਲੋਂ ਹੀ ਕੀਤੀਆਂ ਗਈਆਂ ਹਨ।

ਪ੍ਰਿੰ. ਹਰਿਭਜਨ ਸਿੰਘ ਜੀ ਇਸ ਸੰਬੰਧੀ ਲਿਖਦੇ ਹਨ: "ਜਦ ਪਾਵਨ ਬੀੜਾਂ ਦਾ ਕਾਰਜ ਸੂਝਵਾਨ ਪ੍ਰੇਮੀਆਂ ਦੀ ਥਾਂ, ਕਿੱਤਾਕਾਰਾਂ (Professional) ਲਿਖਾਰੀਆਂ ਦੇ ਹੱਥ ਆ ਗਿਆ ਤਾਂ ਉਨ੍ਹਾਂ ਨੇ ਸਿਰਲੇਖਾਂ ਤੇ ਰਾਗਾਂ ਦੀ, ਸੱਜੇ ਖੱਬੇ ਦੀ ਸਹੀ ਤਰਤੀਬ ਤੇ ਸ਼ੈਲੀ ਨੂੰ, ਬਿਨਾਂ ਸਮਝੇ, ਉੱਘੜ-ਦੁੱਘੜ ਕਰ ਦਿੱਤਾ ਅਤੇ ਬਹੁਤੇ ਥਾਈਂ ਸਿਰਲੇਖ ਨੂੰ, ਮੰਗਲ ਨਾਲੋਂ, ਸਪੱਸ਼ਟ ਉਪਰ ਪਹਿਲ ਦੇ ਦਿੱਤੀ।" (ਬਿਬੇਕਬੁੱਧਿ, ਪੰਨਾ 28)

ਪਿਛਲੀ ਸਦੀ ਦੇ ਛੇਵੇਂ ਦਹਾਕੇ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਮੰਗਲਾਂ ਨੂੰ ਪੁਰਾਤਨ ਹੱਥ-ਲਿਖਤਾਂ ਅਨੁਸਾਰ ਰਾਗ ਦੇ ਸਿਰਲੇਖ ਤੋਂ ਪਹਿਲਾਂ ਛਾਪਣ ਦਾ ਉੱਦਮ ਕੀਤਾ ਗਿਆ ਸੀ ਪਰ ਸ਼੍ਰੋਮਣੀ ਕਮੇਟੀ ਆਪਣੇ ਕੀਤੇ ਫ਼ੈਸਲੇ 'ਤੇ ਹੀ

ਪਹਿਰਾ ਨਹੀਂ ਦੇ ਸਕੀ। ਆਪੂੰ ਬਣੇ ਬ੍ਰਹਮ ਗਿਆਨੀਆਂ ਦੇ ਵਿਰੋਧ ਕਾਰਨ ਸ਼੍ਰੋਮਣੀ ਕਮੇਟੀ ਨੇ ਮੰਗਲ ਮੁੜ ਉੱਘੜ-ਦੁੱਘੜੇ ਛਾਪਣੇ ਅਰੰਭ ਦਿੱਤੇ । ਜਦੋਂ ਇਹ ਸਪੱਸ਼ਟ ਹੋ ਚੁੱਕਾ ਹੈ ਕਿ ਗੁਰੂ ਸਾਹਿਬ ਵੱਲੋਂ ਪ੍ਰਵਾਨੀ ਗਈ ਬਾਣੀ ਲਿਖਣ ਦੀ ਤਰਤੀਬ ਨੂੰ ਕਾਤਬਾਂ ਨੇ ਜਾਣੇ-ਅਣਜਾਣੇ ਬਦਲ ਦਿੱਤਾ ਹੈ ਤਾਂ ਸਵਾਲ ਪੈਦਾ ਹੁੰਦਾ ਹੈ ਕਿ ਅੱਜ ਇਹ ਸੋਧ ਕਿਉਂ ਨਹੀਂ ਹੋ ਸਕਦੀ? ਜਿਨ੍ਹਾਂ ਦੇ ਵਿਰੋਧ ਕਾਰਨ ਸ਼੍ਰੋਮਣੀ ਕਮੇਟੀ ਆਪਣੇ ਫ਼ੈਸਲੇ ’ਤੇ ਕਾਇਮ ਨਹੀਂ ਸੀ ਰਹਿ ਸਕੀ, ਉਨ੍ਹਾਂ ਦੀਆਂ ਆਪਣੀਆਂ ਲਿਖਤਾਂ ਵਿਚ "ਇਤਿਆਦਿਕ ਕਰੀਬਨ 1500 ਪਾਠ ਹਨ ਜੋ ਦਮਦਮੀ ਬੀੜ ਦੇ ਪਾਠਾਂ ਨਾਲ ਨਹੀਂ ਮਿਲਦੇ" ਲਿਖਿਆ ਹੋਇਆ ਹੈ। ਮੰਗਲਾਂ ਦਾ ਵਿਰੋਧ ਕਰਨ ਵਾਲਿਆਂ ਨੂੰ ਜੇ ਹੋਰ ਵਿਦਵਾਨਾਂ ਦੀਆਂ ਲਿਖਤਾਂ ਨਹੀਂ ਤਾਂ ਘੱਟੋ-ਘੱਟ ਆਪਣੇ ਮੁਖੀਆਂ ਦੀਆਂ ਲਿਖਤਾਂ ਤਾਂ ਪੜ੍ਹ ਹੀ ਲੈਣੀਆਂ ਚਾਹੀਦੀਆਂ ਹਨ। ਇਸ ਸੰਬੰਧੀ ਉਨ੍ਹਾਂ ਵੱਲੋਂ ਹੀ ਪ੍ਰਕਾਸ਼ਤ ਪੁਸਤਕਾਂ ਗੁਰਬਾਣੀ ਪਾਠ ਦਰਪਣ ਤੇ ਗੁਰਬਾਣੀ ਪਾਠ ਦਰਸ਼ਨ ਪੜ੍ਹੀਆਂ ਜਾ ਸਕਦੀਆਂ ਹਨ। ਇਥੇ ਇਹ ਵੀ ਸਵਾਲ ਪੈਦਾ ਹੁੰਦਾ ਹੈ ਕਿ ਜਿਹੜੇ ਬ੍ਰਹਮ ਗਿਆਨੀਆਂ ਨੂੰ 1500 ਪਾਠ ਭੇਦ ਤਾਂ ਦਿਖਾਈ ਦਿੰਦੇ ਹਨ, ਪਰ ਮੰਗਲਾਂ ਦੀ ਬੇ-ਤਰਤੀਬੀ ਦਿਖਾਈ ਨਹੀ ਦਿੰਦੀ। ਉਨ੍ਹਾਂ ਨੂੰ ਇਮਾਨਦਾਰ ਕਿਵੇਂ ਮੰਨਿਆ ਜਾ ਸਕਦਾ ਹੈ?

ਪੰਥ ਪ੍ਰਸਿੱਧ ਵਿਦਵਾਨ ਗਿ: ਜਗਤਾਰ ਸਿੰਘ ਜਾਚਕ ਮੁਤਾਬਕ ਸਤਿਕਾਰਯੋਗ ਗਿ: ਜੋਗਿੰਦਰ ਸਿੰਘ ਤਲਵਾੜਾ, ਗਿ: ਜੋਗਿੰਦਰ ਸਿੰਘ ਵੇਦਾਂਤੀ, ਗਿ: ਭਰਪੂਰ ਸਿੰਘ ਤੇ ਪ੍ਰੋ. ਹਰਜਿੰਦਰ ਸਿੰਘ ਘੜਸਾਨਾ ਵਰਗੇ ਹੱਥ-ਲਿਖਤ ਪੁਰਾਤਨ ਬੀੜਾਂ ਦੇ ਖੋਜੀ ਵਿਦਵਾਨਾਂ ਦਾ ਨਿਰਣਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਖੇ ਸੰਪੂਰਨ ਤੇ ਸੰਖੇਪ (ੴ ਸਤਿਗੁਰਪ੍ਰਸਾਦਿ॥) ਰੂਪ ਵਿਚ ਕੇਵਲ ਦੋ ਪ੍ਰਕਾਰ ਦੇ ਮੰਗਲਾਚਰਨ ਹੀ ਸਹੀ ਹਨ। ਰਾਗਾਂ ਦੇ ਆਰੰਭ ਵਿਚ ਸੰਪੂਰਨ ਅਤੇ ‘ਮਹਲਾ’ ਆਦਿਕ ਬਾਣੀਕਾਰ ਤੇ ‘ਘਰੁ’ ਬਦਲਣ ਵੇਲੇ ਸਭ ਥਾਈਂ ਸੰਖੇਪ ਮੰਗਲਾਚਰਨ, ਬਾਕੀ ਸਭ ਲਿਖਾਰੀਆਂ ਦੀਆਂ ਭੁੱਲਾਂ ਤੇ ਮਨਮਰਜ਼ੀਆਂ ਹਨ। ਹੱਥ-ਲਿਖਤੀ ਬੀੜਾਂ ਦੀ ਲਿਖਣ-ਸ਼ੈਲੀ ਅਨੁਸਾਰ ਮੰਗਲਾਂ ਦਾ ਸਥਾਨ ਪੱਤਰੇ ਦੇ ਸੱਜੇ ਪਾਸੇ ਹੋਣ ਕਰਕੇ ਛਾਪੇ ਦੀ ਬੀੜ ਵਿਖੇ ਆਦਿ ਵਿਚ ਰੱਖਣਾ ਹੀ ਯੋਗ ਹੈ। ਗੁਰਬਾਣੀ ਦੇ ਸਿਰਲੇਖ ਵੀ ਇਕ ਬੱਝਵੀਂ ਤਰਤੀਬ ਵਿਚ ਹੋਏ ਰੱਖੀਦੇ ਹਨ। ਜਾਚਕ ਜੀ ਨੇ ਉਪਰੋਕਤ ਵਿਦਵਾਨ ਮੰਡਲੀ ਦਾ ਇਹ ਨਿਰਣੈ ਵੀ ਦੱਸਿਆ ਕਿ ਮੰਗਲਾਚਰਨ



ਉਪਰੰਤ ਹਰੇਕ ਸਿਰਲੇਖ ਵਿਚ ਪਹਿਲਾਂ ਰਾਗ ਦਾ ਨਾਂ, ਫਿਰ ਬਾਣੀਕਾਰ ਦਾ ਵੇਰਵਾ ਮਹਲਾ ਆਦਿਕ, ਫਿਰ ਦੁਪਦੇ, ਚਉਪਦੇ ਤੇ ਦੋਤੁਕੇ ਆਦਿਕ ਪਦਿਆਂ ਤੇ ਤੁਕਿਆਂ ਦਾ ਵੇਰਵਾ ਅਤੇ ਅੰਤ ਵਿਚ ‘ਘਰੁ’ ਜਾਂ ਬਾਣੀ ਵਿਸ਼ੇਸ਼ ਦਾ ਜ਼ਿਕਰ। ਜਿਵੇਂ ‘ਸੋ ਦਰੁ’, ‘ਸੋ ਪੁਰਖੁ’ ਤੇ ਸੁਖਮਨੀ ਆਦਿਕ ਅਸਲ ਤਰਤੀਬ ਹੈ। ਇਸ ਪੱਖੋਂ ਹੱਥ-ਲਿਖਤੀ ਬੀੜਾਂ ਦੇ ਕੁਝ ਹੇਠਲੇ ਚਿਤ੍ਰ ਪ੍ਰਮਾਣ ਵਜੋਂ ਵਿਚਾਰੇ ਜਾ ਸਕਦੇ ਹਨ।

ਇੰਟਰਨੈਟ ਦੇ ਯੁੱਗ ਵਿਚ ਅੱਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੁਨੀਆਂ ਦੇ ਹਰ ਵਿਅਕਤੀ ਦੀ ਪਹੁੰਚ ਵਿਚ ਹਨ। ਉਹ ਲੋਕ ਜਿਨ੍ਹਾਂ ਨੇ ਸਾਡੇ ਵਾਂਗੂੰ ਠੇਕੇ ’ਤੇ ਪਾਠ ਨਹੀਂ ਕਰਵਾਉਣੇ ਸਗੋਂ ਗਿਆਨ ਹਾਸਲ ਕਰਨ ਲਈ ਪੜ੍ਹਨਾ/ਸਮਝਣਾ ਹੈ, ਨੇ ਜਦੋਂ ਸਵਾਲ ਕੀਤੇ ਕਿ ਇਨ੍ਹਾਂ ਉਕਾਈਆਂ ਦਾ ਜ਼ਿੰਮੇਵਾਰ ਕੌਣ ਹੈ ਤਾਂ ਸਾਡਾ ਕੀ ਜਵਾਬ ਹੋਵੇਗਾ? ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਾਰਸ ਹੋਣ ਨਾਤੇ ਕੀ ਇਹ ਜ਼ਿੰਮੇਵਾਰੀ ਸਮੁੱਚੀ ਕੌਮ ਦੀ ਨਹੀਂ ਕਿ ਇਸ ਪਾਸੇ ਵਿਸ਼ੇਸ਼ ਧਿਆਨ ਦਿੱਤਾ ਜਾਏ ? ਕਿਉਂਕਿ ਜੇ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਦੁਨੀਆਂ ਦੇ ਧਰਮ ਗ੍ਰੰਥਾਂ ’ਚੋਂ ਸਰਬੋਤਮ ਮੰਨਦੇ ਹਾਂ ਤਾਂ ਇਸ ਦੀ ਸਰਬਪੱਖੀ ਸਰਬੋਤਮਤਾ ਨੂੰ ਬਰਕਰਾਰ ਰੱਖਣਾ ਵੀ ਸਾਡਾ ਮੁੱਢਲਾ ਫ਼ਰਜ਼ ਹੈ।

ਡਾ. ਗੁਰਸ਼ਰਨਜੀਤ ਸਿੰਘ ਜੀ ਲਿਖਦੇ ਹਨ: "ਇਸ ਤੋਂ ਪਹਿਲਾਂ ਕਿ ਬੇਗਾਨੇ ਸਾਡੇ ਧਰਮ-ਗ੍ਰੰਥ ਉੱਪਰ ਉਂਗਲ ਉਠਾਉਣ, ਸਾਨੂੰ ਪੰਥਕ ਤੌਰ ’ਤੇ ਯਤਨ ਕਰ ਕੇ ਐਸੇ ਪਾਠ-ਭੇਦਾਂ ਨੂੰ ਠੀਕ ਕਰ ਲੈਣਾ ਚਾਹੀਦਾ ਹੈ। ਇਸ ਵਿਚ ਨਾ ਤਾਂ ਮਿਹਣੇ ਵਾਲੀ ਅਤੇ ਨਾ ਹੀ ਸ਼ਰਮ ਵਾਲੀ ਗੱਲ ਹੈ। ਸਭ ਧਰਮ ਗ੍ਰੰਥ ਸਮੇਂ ਦੇ ਨਾਲ ਦੂਸ਼ਿਤ ਹੁੰਦੇ ਆਏ ਹਨ। ਸੂਝਵਾਨ ਕੌਮਾਂ ਚਾਰ ਸਦੀਆਂ ਤੀਕ ਅਜਿਹੇ ਗੰਭੀਰ ਕੰਮ ਕਰਨ ਲਈ ਇੰਤਜ਼ਾਰ ਨਹੀਂ ਕਰਦੀਆਂ। ਹੱਠ ਛੱਡ ਕੇ ਆਪਣੀ ਸੋਚ ਨੂੰ ਖੁੱਲ੍ਹਾ ਕਰਨ ਨਾਲ ਮਸਲੇ ਹੱਲ ਹੋ ਸਕਦੇ ਹਨ। ਵਿਦਵਾਨਾਂ ਨੂੰ ਨਿੰਦਣ ਨਾਲ ਕੋਈ ਫ਼ਾਇਦਾ ਨਹੀਂ। ”

(ਗੁਰੂ ਗ੍ਰੰਥ ਸਾਹਿਬ: ਪਰੰਪਰਾ ਅਤੇ ਇਤਿਹਾਸ, ਪੰਨਾ 200)

**(...ਚੱਲਦਾ)**

# ਆਪਣਾ ਹੱਕ

ਗਊਸ਼ਾਲਾ ’ਚ, ਗਊਆਂ ਦੀ ਖੁਰਲੀ ’ਚ ਪੱਠਿਆਂ ਦਾ ਟੋਕਰਾ ਉਲਟਾਉਂਦਿਆਂ ਸੇਵਾਦਾਰ ਨੇ ਕਿਹਾ, “ਖਾਓ ਬਈ ਕਰਮਾਂ ਵਾਲੀਓ, ਲੜਿਓ ਭਿੜਿਓ ਨਾ। ” ਉਂਜ ਕਦੇ ਕਲਯੁਗ ’ਚ ਐਦਾਂ ਹੁੰਦਾ ਨਹੀਂ ਕਿ ਕੋਈ ਖਾਏ ਵੀ ਤਾਂ ਫਿਰ ਦੂਜੇ ਨੂੰ ਘੂਰੇ ਨਾ। ਵਿਚਾਰੀਆਂ ਗਊਆਂ ਆਪੋ-ਆਪਣੇ ਪੱਠੇ ਖਾਣ ਲੱਗੀਆਂ ਜਿਵੇਂ ਸਿਖਾਈਆਂ ਹੋਣ।

ਗਊਸ਼ਾਲਾ ’ਚ ਦਾਨ ਦੇਣ ਆਏ ਪਰਿਵਾਰ ਵਿਚੋਂ ਸੇਵਾਦਾਰ ਦੀ ਗੱਲ ਧਿਆਨ ਨਾਲ ਸੁਣਦਿਆਂ ਮੁੰਡੇ ਨੇ ਬਾਪ ਨੂੰ ਪੁੱਛਿਆ, “ਪਿਤਾ ਜੀ ਜੇਕਰ ਪਸ਼ੂ ਪਰਾਇਆ ਹੱਕ ਖਾਣ ਤੋਂ ਡਰਦੈ ਤਾਂ ਇਹ ਨੇਤਾ ਕਿਉਂ ਨਹੀਂ ਡਰਦੇ?”

“ਬੇਟਾ ਇਨ੍ਹਾਂ ਵਿਚਾਰੀਆਂ ਦੇ ਬੈਂਕਾਂ ’ਚ ਖਾਤੇ ਜੁ ਨਹੀਂ, ਜੇਕਰ ਹੋਣ ਤਾਂ ਇਹ ਵੀ ਸ਼ਾਇਦ...। ”

“ਖੁੱਲ੍ਹਣੇ ਚਾਹੀਦੇ ਨੇ ਜ਼ਰੂਰ ਵੇਲੇ ਕੁਵੇਲੇ ਲਈ ਕੋਈ ਦਾਨ ਦੇਣ ਨਾ ਵੀ ਆਵੇ ਤਾਂ ਖਾਤਿਆਂ ’ਚੋਂ ਪੈਸੇ ਕਢਾ ਕੇ ਵਿਚਾਰੀਆਂ ਚੰਗਾ ਖਾ ਤਾਂ ਸਕਣ”, ਗੱਲ ਠੀਕ ਏ ਨਾ ਪਿਤਾ ਜੀ?

“ਠੀਕ ਤਾਂ ਹੈ ਪਰ ਬੇਟਾ ਇਨ੍ਹਾਂ ਵਿਚਾਰੀਆਂ ਨੂੰ ਕਿਸ ਪੁੱਛਣੈ, ਕਢਾਉਣ ਵਾਲੇ ਆਪੇ ਹੀ ਕਢਾਉਣਗੇ ਤੇ ਖਾਣਗੇ, ਇਹ ਤਾਂ ਆਖਰ ਗਊਆਂ ਹੀ ਨੇ, ਆਪਣਾ ਹੱਕ ਬੋਲ ਕੇ ਨਹੀਂ ਮੰਗ ਸਕਦੀਆਂ। ”

-0-

ਲੜੀ ਜੋੜਨ ਲਈ ਪਿਛਲਾ ਸਤੰਬਰ 2023 ਅੰਕ ਵੇਖੋ: **'ਸਿੱਖਾਂ ਦੇ ਪਾਕਿਸਤਾਨ ਵਿਚੋਂ ਨਿਕਲਣ ਦੀ ਗਾਥਾ'** ਕਿਤਾਬ ਵਿਚੋਂ

# ਅੰਤਿਕਾ 2

**–ਡਾ. ਕਿਰਪਾਲ ਸਿੰਘ**

ਤਦ ਕਮਿਸ਼ਨਰ ਨੇ ਅਸ਼ ਅਸ਼ ਕਰ ਮੈਨੂੰ ਜੱਫੀ ਵਿਚ ਲੈ ਲੀਤਾ, ਰਾਤ ਅਸੀਂ ਉਥੇ ਹੀ ਰਹੇ ਤੇ ਸਾਬਰ ਨੂੰ ਤਾਰ ਲਾਹੌਰ ਤੇ ਆਜ਼ਾਦ ਕਸ਼ਮੀਰ ਦੇ ਦਿੱਤੀ ਕਿ ਬਾਡਰ 'ਤੇ ਪਹੁੰਚੋ, ਤੇਰੀ ਬੱਚੀ ਜਲੰਧਰ ਪੁੱਜ ਗਈ ਹੈ, ਕੱਲ ਲਾਹੌਰ ਪੁੱਜ ਜਾਏਗੀ। ਸ਼ਾਮ ਨੂੰ ਦੂਜੇ ਦਿਨ ਕਮਿਸ਼ਨਰ ਨੇ ਆਪਣੀ ਮੋਟਰ ਬਾਡਰ ਤੱਕ ਦਿੱਤੀ ਤੇ ਪਾਸ ਵੀ। ਅਸੀਂ ਦੋ ਵਜੇ ਦਿਨ ਦੇ ਤੁਰੇ, ਸ਼ਾਮ ਨੂੰ ਬਾਡਰ 'ਤੇ ਪੁੱਜੇ। ਅੱਗੇ ਸਾਬਰ ਤੇ ਹੋਰ ਪਰਵਾਰ ਕੁਲਜ਼ਮ ਦਾ ਪੁੱਜਾ ਹੋਇਆ ਸੀ। ਮਿਲ ਕੇ ਬੜੇ ਖੁਸ਼ ਹੋਏ ਤੇ ਸਭ ਨੇ ਪਹਿਲਾਂ ਰੱਬ ਦਾ ਸ਼ੁਕਰੀਆ ਕੀਤਾ ਤੇ ਸਾਥ ਮੇਰਾ ਵੀ ਕਰਨ ਲੱਗੇ ਤੇ ਇਕ ਅੱਧ ਜੱਫੀ ਵਿਚ ਲੈ ਕੇ ਮੈਨੂੰ ਵੀ ਪਿਆਰ ਕਰੇ। ਮੈਂ ਕਿਹਾ, "ਇਹ ਰੱਬ ਦੀ ਮਿਹਰ ਹੈ, ਇਸੇ ਤਰ੍ਹਾਂ ਹੁਣ ਤੁਸੀਂ ਵੀ ਉਹਨਾਂ ਨੂੰ ਮੇਲੋ ਮਾਤਾ ਪਿਤਾ ਨੂੰ, ਜਿਨ੍ਹਾਂ ਨੂੰ ਕੈਦ ਵਿਚ ਚਾਰ ਸਾਲ ਤੋਂ ਕੀਤਾ ਹੋਇਆ ਹੈ।" ਅਗੋਂ ਕਿਹਾ ਸਾਬਰ ਜੀ ਨੇ, "ਐਸੇ ਹੀ ਹੋਵੇਗਾ।"

ਹੁਣ ਮੈਂ ਕਿਹਾ, "ਤੁਸੀਂ ਚਲੋ ਲਾਹੌਰ ਮੈਂ ਫੇਰ ਆਵਾਂਗਾ, ਪਰ ਬੇਟੀ ਕੁਲਜ਼ਮ ! ਤੇ ਸਾਬਰ ਜੀ ਨਾ ਜਾਣਾ।" ਕੁਲਜ਼ਮ ਕਹਿਣੇ ਲੱਗੀ ਕਿ "ਸੰਤ ਸਵਾਦ ਭੀਮਾਨ ਦੇ। ਤੁਸੀਂ ਭੀ ਭੁੱਲ ਨਾ ਜਾਣਾ ਕਿ ਕਲਜ਼ਮ ਸਾਬਰ ਦੀ ਲੜਕੀ ਸੀ, ਹਾਂ, ਮੈਨੂੰ ਖ਼ਤ ਦੇ ਜ਼ਰੀਏ ਯਾਦ ਕਰਦੇ ਰਹਿਣਾ," ਅਤੇ ਅੱਖਾਂ ਭਰ ਕੇ ਮੋਟਰ ਵਿਚ ਬੈਠ ਗਈ, ਹੱਥ ਜੋੜ ਕੇ ਅਰ ਸਚਮੁਚ ਮੇਰਾ ਭੀ ਦਿਲ ਭਰ ਗਿਆ, ਕਿਉਂਕਿ ਉਸ ਲੜਕੀ ਦੀ ਬਹੁਤ ਹੀ ਨੇਕ ਤੇ ਸਿਆਣੀ ਆਦਤ ਖ਼ਸਲਤ ਸੀ। ਮੈਂ ਵੀ ਵਾਪਸ ਅੰਮ੍ਰਿਤਸਰ ਆ ਗਿਆ ਤੇ ਦਿੱਲੀ ਪੁੱਜ ਕੇ ਬਨਾਰਸ ਤੇ ਬਨਾਰਸ ਤੋਂ ਕਲਕੱਤੇ।

ਇਧਰੋਂ ਸਾਬਰ ਨੇ ਜਾਂਦਿਆਂ ਹੀ ਇਕ ਜਥਾ ਭੇਜ ਦਿੱਤਾ, ਲਾਹੌਰ ਅਮੋਰ ਕੈਂਪ ਵਿਚੋਂ ਤੇ ਪਿੰਡਾਂ ਵਿੱਚੋਂ ਭੀ ਤੀਸ ਬੱਚੇ ਅਮੋਰ ਕੈਂਪ ਵਿਚ ਲੈ ਆਂਦੇ। ਮੈਨੂੰ ਤਾਰ ਕਲਕੱਤੇ ਪੁੱਜੀ ਕਿ ਤੁਸੀਂ ਛੇਤੀ ਵਾਪਸ ਆਓ। ਮੈਂ ਕਲਕੱਤੇ ਇਸ ਲਈ ਗਿਆ ਸੀ ਕਿ ਸ੍ਰੀਨਗਰ ਤੋਂ ਲੈ ਕੇ ਕਲਕੱਤੇ ਤਕ ਇਹ ਮਤੇ ਪਾਸ ਕਰਕੇ ਇੰਡੀਆ ਤੇ ਪਾਕਿਸਤਾਨ ਨੂੰ ਭੇਜੇ ਜਾਣ ਕਿ ਇਕ ਹਿੰਦੂ ਕੈਂਪ ਐਬਟਾਬਾਦ ਖੁੱਲ੍ਹ ਜਾਏ। ਰਿਕਵਰੀ ਬ੍ਰਾਂਚ ਦਾ ਤੇ ਦੂਜਾ ਅਮੋਰ ਕੈਂਪ ਦੀਆਂ ਚਾਰ ਸੌ ਲੜਕੀਆਂ ਛੇਤੀ ਤੇ ਯਕਮੁਸ਼ਤ ਹਿੰਦੁਸਤਾਨ ਭੇਜੀਆਂ ਜਾਣ। ਫੇਰ ਮੈਂ ਛੇਤੀ ਹੀ ਬਨਾਰਸ ਆ ਗਿਆ। ਓਥੇ ਯੋਲ ਵਾਲੇ ਰਿਫ਼ਿਊਜੀਆਂ ਦੀ ਤਾਰ ਪੁੱਜ ਗਈ ਕਿ ਅਸੀਂ ਜਿਤਨੇ ਪਾਕਿਸਤਾਨ ਤੋਂ ਆਏ ਹਾਂ ਸਭ ਨੂੰ ਗੰਗਾ ਨਗਰ ਬੀਕਾਨੇਰ ਭੇਜ ਦਿੱਤਾ ਗਿਆ ਹੈ। ਨਾ ਮਕਾਨ ਹੈ, ਨਾ ਪਾਣੀ, ਨਾ ਦਰਖ਼ੱਤ। ਇਸ ਨਾਲੋਂ ਸਾਨੂੰ ਪਾਕਿਸਤਾਨ ਰਹਿਣ ਦੇਂਦੇ ਤੇ ਮਰਨ ਦੇਂਦੇ ਚੰਗਾ ਸੀ, ਪਾਣੀ ਤਾਂ ਠੰਡਾ ਪੀਂਦੇ ਸੀ। ਸਾਡਾ ਹਾਲ ਆ ਕੇ ਦੇਖੋ, ਰੇਤੇ ਵਿਚ ਤੇ ਆਕਾਸ਼ ਹੇਠ ਮੈਦਾਨ ਵਿਚ ਸੁੱਟ ਗਏ ਹਨ।

**ਬੀਕਾਨੇਰ ਸ਼ਰਨਾਰਥੀਆਂ ਦੀ ਸੇਵਾ**

ਦਿੱਲੀ ਪੁੱਜ ਕੇ ਬੀਕਾਨੇਰ ਪੁੱਜਾ। ਦੋ ਮਹੀਨੇ ਭੱਜ ਦੌੜ ਕਰ, ਕਦੀ ਦਿੱਲੀ, ਕਦੀ ਯੋਲ। ਨਹਿਰ ਦਾ ਪਾਣੀ ਤੇ ਜ਼ਮੀਨ ਪਾਣੀ ਵਾਲੀ ਮਕਾਨਾਂ ਲਈ, ਸਕੂਲ ਹਸਪਤਾਲ ਤੇ ਡਾਕ ਦਾ ਪ੍ਰਬੰਧ ਕੀਤਾ, ਅਫ਼ਸਰਾਂ ਦੇ ਜ਼ਰੀਏ। ਫੇਰ ਯੋਲ ਪੁੱਜਾ ਤੇ ਕਮੇਟੀ ਨੂੰ ਕਿਹਾ ਕਿ ਮੈਂ ਪਾਕਿਸਤਾਨ ਜਾਣਾ ਹੈ, ਉਥੋਂ ਚਿੱਠੀਆਂ ਆ ਰਹੀਆਂ ਹਨ ਤੇ ਚਾਰ ਸੌ ਲੜਕੀ ਕੈਦ ਹੈ, ਛੁਡਾਉਣੀ ਹੈ। ਇਸ ਸਮੇਂ ਦਾ ਖ਼ਰਚ ਫੰਡ ਵਿੱਚੋਂ ਦਿਓ, ਉਹਨਾਂ ਨੇ ਕਮੇਟੀ ਕਰਕੇ 25 ਰੁਪਯੇ ਧਰਮਸਾਲ ਭੇਜੇ। ਮੈਂ ਹੈਰਾਨ ਜੈਸਾ ਹੋ ਕੇ ਅਫ਼ਸੋਸ ਕਰ ਵਾਪਸ ਕਰ ਦਿੱਤੇ, ਕਿ ਇਨਾਂ ਲੋਕਾਂ ਦੇ ਹੀ ਬੱਚੇ ਹਨ ਤੇ ਰਾਤ ਦਿਨ ਲਿਖਦੇ ਹਨ, ਸਾਡੇ ਬੱਚੇ ਕਢਾਓ, ਜਾਓ, ਪਰ ਮਾਇਆ ਦੀ ਤਰਫੋਂ ਇਨ੍ਹਾਂ ਦੀ ਇਹ ਹਾਲਤ ਹੈ, ਸ਼ਰਾਬਾਂ, ਵਿਆਹਾਂ, ਸ਼ਾਦੀਆਂ, ਝਗੜੇ 'ਤੇ ਹਜ਼ਾਰਾਂ ਸੈਂਕੜੇ ਖ਼ਰਚ ਕਰ ਦਿੰਦੇ ਹਨ ਪਰ ਬੱਚਿਆਂ ਲਈ ਨਹੀਂ।

ਇਹ ਗੱਲ ਮੇਰੀ ਸੁਣ ਕੇ ਸਰਦਾਰ ਹਰਨਾਮ ਸਿੰਘ ਜੀ ਠੇਕਾਦਾਰ ਨੇ, ਜੋ ਪਿੰਡੀ ਦਾ ਹੈ ਤੇ ਧਰਮਸਾਲਾ ਹੀ ਹੈ, ਸਾਹਿਬੇ ਜਾਇਦਾਦ ਹੋ ਗਏ ਹਨ ਹੁਣ, ਤੇ ਦੇਰ ਤੋਂ ਮੇਰੀ ਸੇਵਾ ਕਰਦੇ ਹਨ, ਉਹਨਾਂ ਨੇ ਆਪਣੀ ਸੁਪਤਨੀ ਸਰਦਾਰਨੀ ਹਰਬੰਸ ਕੌਰ ਹੱਥੀਂ ਸੌ ਦਾ ਨੋਟ ਭੇਜਿਆ ਕਿ ਜੇਬ ਖ਼ਰਚ ਕਰਨਾ, ਮੈਂ ਲੈ ਤਾਂ ਲਏ, ਪਰ ਦਿਲ ਬੜਾ ਖ਼ਰਾਬ ਕਿ ਇਹ ਲੋਕ ਕੀ ਕੁਰਬਾਨੀ ਕਰ ਸਕਦੇ ਹਨ। ਮੈਂ ਅੰਮ੍ਰਿਤਸਰ ਆ ਗਿਆ ਤੇ ਸੰਗਰੂਰ ਅਕਾਲੀ ਕੌਰ ਸਿੰਘ ਜੀ ਨੂੰ ਤੇ ਹੋਰਨਾਂ ਨੂੰ ਲਿਖਿਆ ਕਿ ਤੁਸੀਂ ਇਕ ਕਮੇਟੀ ਬਣਾਓ ਤਦ ਪਾਕਿਸਤਾਨ 'ਚੋਂ ਬੱਚੇ ਨਿਕਲ ਸਕਦੇ ਹਨ। ਮੈਂ ਖ਼ੁਦ ਭੀ ਸੰਗਰੂਰ ਆ ਗਿਆ, ਪਰ ਅਕਾਲੀ (ਕੌਰ ਸਿੰਘ) ਜੀ ਨਾ ਮਿਲੇ। ਮੈਂ ਦਿੱਲੀ ਆ ਗਿਆ ਕਿ ਜੋ ਬੀਕਾਨੇਰ ਸੁੱਟੇ ਗਏ ਹਨ, ਉਹਨਾਂ ਲਈ ਡੇਹਰਾਦੂਨ ਥੋੜ੍ਹੀ ਜੈਸੀ ਜ਼ਮੀਨ ਲੈ ਕੇ ਬੱਚੇ ਉਹਨਾਂ ਦੇ ਬਚਾਈਏ। ਦਿੱਲੀ ਪੁੱਜਾ ਤਾਂ ਪਤਾ ਲੱਗਾ ਪਰਚੇ ਤੋਂ ਕਿ ਪੰਜਾਬ ਦੇ ਆਈ.ਜੀ. ਸੰਤ ਪ੍ਰਕਾਸ਼ ਸਿੰਘ ਜੀ ਤੇ ਮੇਜਰ ਵਜ਼ੀਦ ਪਾਕਿਸਤਾਨ ਮੀਟਿੰਗ ਵਿਚ ਜਾ ਰਹੇ ਹਨ, ਸ਼ਿਮਲੇ ਚੱਲ ਕੇ ਮਿਲ ਕੇ ਅਮੋਰ ਕੈਂਪ ਦੀਆਂ ਬੱਚੀਆਂ ਲਈ ਕੋਸ਼ਿਸ ਕਰੀਏ, ਤਾਂ ਸ਼ਿਮਲੇ ਪੁੱਜਾ ਗੱਲ-ਬਾਤ ਕਰਨ।

ਫੇਰ ਡੇਹਰਾਦੂਨ ਜਾ ਕੇ 25 ਕਨਾਲ ਜ਼ਮੀਨ ਗੰਗਾ ਨਗਰ ਵਾਲਿਆਂ ਵਾਸਤੇ ਲੀਤੀ ਤੇ ਉਹਨਾਂ ਨੂੰ ਪਤਾ ਦਿੱਤਾ, ਫੇਰ ਸ਼ਿਮਲੇ ਪੁੱਜਾ ਕਿ ਆਈ.ਜੀ. ਭੀ ਗੱਲ-ਬਾਤ ਕਰ ਆਏ ਹਨ ਤੇ ਮੈਨੂੰ ਪੱਕਾ ਪਰਮਿਟ ਭੀ ਦਿੱਤਾ ਜਾਏ ਕਿ ਅਮੋਰ ਕੈਂਪ ਦੀ ਚਾਰ ਸੌ ਲੜਕੀ ਛੇਤੀ ਹਿੰਦੁਸਤਾਨ ਭੇਜੀ ਜਾਵੇ ਅਤੇ ਉਹਨਾਂ ਨੂੰ ਜੋ ਤਬਾਦਲੇ ਵਿਚ ਦਿੱਤਾ ਜਾਂਦਾ ਹੈ, ਇਹ ਕਾਨੂੰਨੀ ਤੇ ਇਖ਼ਲਾਕੀ ਇਨਸਾਨੀਅਤ ਦੀ ਗ਼ਲਤੀ 'ਤੇ ਕਮਜ਼ੋਰੀ ਹੈ, ਰਿਕਵਰੀ ਮਹਿਕਮੇ ਦੀ। ਕੀ ਹਿੰਦੁਸਤਾਨ ਤੇ ਕੀ ਪਾਕਿਸਤਾਨੀ ਜ਼ਿੰਮੇਵਾਰਾਂ ਦੀ, ਜੋ ਕਦੀ ਮੁਆਫ਼ ਨਹੀਂ ਹੋ ਸਕਦੀ।

**ਲੀਡਰਾਂ ਦੀ ਬੇ-ਪਰਵਾਹੀ**

ਦੂਜੀ ਜ਼ਿੰਮੇਵਾਰੀ ਤੇ ਦੇਣਦਾਰੀ, ਗੁਨਾਹ, ਕਮਜ਼ੋਰੀ, ਮਾਸਟਰ ਤਾਰਾ ਸਿੰਘ ਜੀ ਤੇ ਜਥੇਦਾਰ ਊਧਮ ਸਿੰਘ ਜੀ ਦੀ ਹੈ, ਜਿਨ੍ਹਾਂ ਸ਼ਹੀਦ ਹੋਏ ਸਿੰਘ, ਦੇਸ਼ ਕੌਮ ਧਰਮ ਲਈ, ਉਹਨਾਂ ਦੇ ਬੱਚੀ-ਬੱਚਿਆਂ ਲਈ ਕੋਈ ਨਿਕਾਲਣ ਦਾ ਜਤਨ ਨਹੀਂ ਕੀਤਾ, ਨਾ ਹੀ ਖ਼ਿਆਲ ਤਕ ਕੀਤਾ, ਨਾ ਕੋਈ ਫ਼ੰਡ, ਨਾ ਕੋਈ ਸੁਸਾਇਟੀ ਬਣਾਈ, ਉਹਨਾਂ ਪਾਕਿਸਤਾਨ ਦੇ ਜਾਬਰਾਂ ਤੇ ਜ਼ਾਲਮਾਂ ਦੀਆਂ ਕੈਦਾਂ ਵਿੱਚੋਂ ਜਾਂ ਘਰਾਂ ਵਿੱਚੋਂ। ਹੋਰ ਹੋਰ ਗੱਲਾਂ ਲਈ ਚੌਧਰਾਂ ਤੇ ਲੀਡਰੀ ਪਾਰਟੀ ਲਈ ਫ਼ੰਡ ਬਣਾ ਕੇ, ਮੰਗ ਕੇ ਜਮ੍ਹਾਂ ਕਰ ਕੇ ਮਨ-ਭਾਂਵਦੇ ਕੰਮ ਕੀਤੇ ਗਏ। ਜਦ ਮੈਂ 1951 ਵਿਚ ਪਾਕਿਸਤਾਨ ਦਾ ਦੌਰਾ ਕਰਕੇ, ਆ ਕੇ ਮਾਸਟਰ ਜੀ ਨੂੰ ਤੇ ਊਧਮ ਸਿੰਘ ਜੀ ਨੂੰ ਦੱਸਿਆ ਕਿ ਸੋਲ੍ਹਾਂ ਸੌ ਲੜਕੀ ਅਮੋਰ ਕੈਂਪ ਵਿਚ ਕੈਦ ਹੈ, ਤੇ ਦੋ ਢਾਈ ਹਜ਼ਾਰ ਬੱਚੀ ਪਿੰਡਾਂ ਵਿਚ ਹੈ, ਉਹਨਾਂ ਨੂੰ ਛੁਡਾਓ ਤੇ ਨਿਕਲਵਾਓ, ਪਰ ਇਨ੍ਹਾਂ ਦੇ ਕੰਨਾਂ ਤਕ ਜੂੰ ਭੀ ਨਾ ਸਰਕੀ। ਜਦੋਂ ਮੈਂ ਦੂਜੀ ਦਫ਼ਾ ਜਾ ਕੇ ਕੋਸ਼ਿਸ਼ ਕੀਤੀ ਤਾਂ ਦਸ ਸੌ ਲੜਕੀ ਆਈ, ਦੋ ਦੋ ਸੌ ਦੇ ਜਥਿਆਂ ਕਰ ਤੇ ਅੰਮ੍ਰਿਤਸਰ ਪੁੱਜਣ 'ਤੇ ਪੁਤਲੀਘਰ ਕੈਂਪ ਵਿਚ। ਅਕਾਲ ਤਖ਼ਤ ਸਾਹਿਬ 'ਤੇ ਅੰਮ੍ਰਿਤ ਛਕਣ ਲਈ ਆਉਂਦੀਆਂ ਤਾਂ ਇਕ ਇੱਕ ਕਛਹਿਰਾ ਦੇਣ। ਮੈਂ ਕਿਹਾ ਇਹ ਕੀ ਪਾਪ ਕਰਦੇ ਹੋ, ਦੋ ਦੋ ਕਛਹਿਰੇ ਭੀ ਨਹੀਂ ਦੇ ਸਕਦੇ, ਸ਼ਹੀਦਾਂ ਦੇ ਬੱਚਿਆਂ ਨੂੰ?"

ਤਦ ਅੱਗੋਂ ਉੱਤਰ ਮਿਲਦਾ ਸੀ ਕਿ ਸਾਡੇ ਪਾਸ ਕੋਈ ਫ਼ੰਡ ਨਹੀਂ ਹੈ। ਹਾਲਾਂਕਿ ਉਹਨਾਂ ਦੇ ਤਨ ਤੇ ਸਿਰ-ਪੈਰਾਂ ਵਿਚ ਭੀ ਕੁਛ ਨਹੀਂ ਹੁੰਦਾ ਸੀ, ਫਟੀਆਂ ਲੀਰਾਂ ਸਨ ਗਲ ਤੇ ਸਿਰ 'ਤੇ। ਊਧਮ ਸਿੰਘ ਕਹਿੰਦਾ ਸੀ, ਮਾਸਟਰ ਪਾਸ ਜਾਓ ਤੇ ਮਾਸਟਰ ਕਹੇ ਊਧਮ ਸਿੰਘ ਪਾਸ ਜਾਓ। ਤੇ ਕਦੇ ਵੀ ਇਨ੍ਹਾਂ ਨੇ ਇਹ ਨਾ ਕੀਤਾ ਕਿ ਉਹਨਾਂ ਤਬਾਹ ਹੋਈਆਂ ਤੇ ਮੁਸੀਬਤਾਂ, ਕੈਦਾਂ ਝੱਲ ਰਹੀਆਂ ਤੇ ਸਾਰਾ ਪਰਿਵਾਰ ਸ਼ਹੀਦ ਕਰਵਾ ਕੇ ਆਈਆਂ ਦੇ ਸਿਰ 'ਤੇ ਚੱਲ ਕੇ ਪਿਆਰ ਹੀ ਦੇ ਆਈਏ। ਇਹ ਹਨ ਕੌਮ ਦੇ ਲੀਡਰ ਤੇ ਜਥੇਦਾਰ। ਹੁਣ ਉਹਨਾਂ ਨੂੰ ਜਾ ਕੇ ਪੁੱਛੋ, ਜੋ ਸ਼ਹੀਦਾਂ ਦੇ ਬੱਚੇ-ਬੱਚੀਆਂ ਆਈਆਂ ਹਨ ਪਾਕਿਸਤਾਨ ਵਿੱਚੋਂ, ਕਿ ਇਨ੍ਹਾਂ ਨਾਲੋਂ ਤਾਂ ਓਹੀ ਚੰਗੇ ਸੀ, ਜੋ ਕਦੀ ਕਦੀ ਪਾਸ ਬੈਠ ਕੇ ਸਾਡੀ ਹਾਲਤ ਦੇ ਅਫ਼ਸੋਸ

ਕਰ ਦਿੰਦੇ ਸੀ।

ਤੀਜੀ ਜ਼ਿੰਮੇਵਾਰੀ ਸਿੰਘ ਸਭਾਵਾਂ ਤੇ ਸੁਸਾਇਟੀਆਂ ਦੀ, ਅਕਾਲੀ ਜਥਿਆਂ ਦੀ ਤੇ ਸੰਤਾਂ ਪ੍ਰਚਾਰਕਾਂ ਦੀ ਜੋ ਉੱਚੀਆਂ ਬਾਹਵਾਂ ਖੜੀਆਂ ਕਰ ਕਰ ਕਹਿੰਦੇ ਹਨ ਕਿ ਫਲਾਣੇ ਦੀ ਲੜਕੀ ਪੰਥ ਨੇ ਛੁਡਾਈ ਸੀ ਪਰ ਆਪ ਸ਼ਰਮ ਤੇ ਗ਼ੈਰਤ ਵਿਚ ਨਹੀਂ ਡੁਬਦੇ ਹਨ ਕਿ ਅਸੀਂ ਕੀ ਕੀਤਾ ਤੇ ਕੀ ਕਰ ਰਹੇ ਹਾਂ। ਚਾਰ ਚਾਰ ਸਾਲ ਦੋ ਦੋ ਹਜ਼ਾਰ ਲੜਕੀ ਨੂੰ ਕੈਦ ਵਿਚ ਹੋ ਗਏ ਹਨ, ਇਹ ਭੀ ਨਹੀਂ ਕੱਢੀ ਤੇ ਨਾ ਧਨ ਕਰ ਮੱਦਤ ਕੀਤੀ; ਕਿਸੇ ਵੀ ਸੁਸਾਇਟੀ ਨੇ ਪਾਈ ਤਕ ਖ਼ਰਚ ਨਹੀਂ ਕੀਤਾ ਤੇ ਉਹ ਭੀ ਤਾਂ ਕੌਮ ਦੀਆਂ ਬੱਚੀਆਂ ਹਨ ਤੇ ਸ਼ਹੀਦਾਂ ਦੀਆਂ ਦੁਖੀ ਤੇ ਤਬਾਹ ਹਾਲ।

ਹਾਂ, ਇਹਨਾਂ ’ਤੇ ਇਕ ਗੁਰਸਿਖ ਨੇ, ਜੋ ਆਰਮੀ ਹੈੱਡਕੁਆਟਰ ਵਿਚ ਸੁਪਰਡੈਂਟ ਹਨ ਤੇ ਪੰਜ ਜਾਂ ਛੇ ਸੌ ਤਨਖ਼ਾਹ ਲੈਂਦੇ ਸਨ ਅਤੇ ਦਸਵੰਧ ਕੱਢਦੇ ਹਨ, ਔਰ ਬੰਗਲਾ ਸਾਹਿਬ ਰੋਜ਼ ਆ ਕੇ ਕੀਰਤਨ ਤੇ ਅਖੰਡ ਪਾਠਾਂ ਵਿਚ ਫ੍ਰੀ ਸ਼ਾਮਲ ਹੁੰਦੇ, ਸੰਗਤਾਂ ਨੂੰ ਨਿਹਾਲ ਕਰਦੇ ਹਨ ਔਰ ਘਰ ਜਾ ਕੇ ਹੋਮੋਪੈਥਿਕ ਦਵਾਈ ਵੀ ਦੇਂਦੇ ਹਨ। ਕੋਈ ਵੱਡਾ ਆਏ, ਗ਼ਰੀਬ-ਅਮੀਰ, ਕੋਈ ਪੈਸਾ ਨਹੀਂ, ਮੁਫ਼ਤ ਦੇਂਦੇ ਹਨ। ਗੁਰਬਾਣੀ ਏਤਨੀ ਯਾਦ ਹੈ ਕਿ ਚੰਗੇ ਤੋਂ ਚੰਗੇ ਗਿਆਨੀ ਨੂੰ ਭੀ ਯਾਦ ਨਹੀਂ। ਚੋਰੀ ਨਹੀਂ, ਯਾਰੀ ਨਹੀਂ, ਨਿੰਦਾ ਨਹੀਂ, ਪਾਰਟੀਬਾਜ਼ੀ ਨਹੀਂ, ਸ਼ਾਂਤੀ ਤੇ ਗੰਭੀਰ, ਠੰਢੇ ਸੰਤ ਸੁਭਾਅ, ਸੱਚ ਇਤਨਾ ਹੈ ਕਿ ਕਿਸੇ ਬੜੇ ਤੋਂ ਬੜੇ ਸੰਤ-ਮਹਾਤਮਾ, ਰਿਸ਼ੀ-ਮੁਨੀ ਵਿਚ ਭੀ ਨਹੀਂ ਹੈ। ਅੰਮ੍ਰਿਤ ਵੇਲੇ ਜਾਗਣ, ਨਿਤਨੇਮ ਤੇ ਅਭਿਆਸ ਭੀ ਕਰਨ। ਔਰ ਸੰਤ ਸੇਵਾ ਭੀ ਰੱਜ ਰੱਜ ਕੇ ਕਰਨੀ- ਅਕਾਲੀ ਕੌਰ ਸਿੰਘ ਜੀ, ਸੰਤ ਸ਼ੰਕਰਾ ਸਿੰਘ ਜੀ, ਸੰਤ ਹਾਕਮ ਸਿੰਘ ਜੀ, ਸੰਤ ਪਾਲ ਸਿੰਘ ਜੀ ਡੇਰਾ ਸੰਤ ਮਿਸ਼ਰਾ ਸਿੰਘ ਅਤੇ ਹੋਰ ਬਹੁਤ ਵਿਦਿਆਰਥੀਆਂ ਦੀ। ਅਰ ਕਸ਼ਮੀਰ ਪੁਣਛ ਵਾਲੇ ਬਹੁਤ ਸਾਰੇ ਲੜਕਿਆਂ ਦੀਆਂ ਫ਼ੀਸਾਂ ਤੇ ਸਹਾਇਤਾ ਕੀਤੀ, ਮੇਰੇ ਰਾਹੀਂ ਕਈ ਬੱਚੀਆਂ ਦੀ। ਹੋਰ ਗੁਣੀ ਗਿਆਨੀਆਂ ਦੀ, ਯਤੀਮਾਂ ਦੀ ਤੇ ਕੀਰਤਨ ਵਾਲਿਆਂ ਦੀ ਚੁੱਪ ਚਾਪ ਗੁਪਤ। ਮੇਰੀ ਇਨ੍ਹਾਂ ਦੀ ਵਾਕਫ਼ੀ ਸਤਾਈ ਅਠਾਈ ਵਰ੍ਹੇ ਹੋ ਗਏ ਹਨ, ਜਦ ਏਹ ਸ਼ਿਮਲੇ ਹੁੰਦੇ ਸੀ, ਪਾਕਿਸਤਾਨ ਤੋਂ ਪਹਿਲਾਂ ਭੀ ਬਹੁਤ ਸੇਵਾ ਕਰਦੇ ਸੀ ਮੇਰੀ, ਦੋ ਦੋ ਸੌ ਰੁਪਯਾ ਇਕੱਠਾ ਹੀ ਦੇਣਾ ਤੇ ਸੇਵਾ ਕਰਨੀ....ਸੇ। ਅਰ ਹੁਣ ਪੰਜ ਸਾਲ ਲਗਾਤਾਰ ਸਾਲ ਭਰ ਤਾਂ ਚਾਲੀ ਰੁਪਯੇ ਦੇਂਦੇ ਰਹੇ, ਤੇ ਹੁਣ ਲਗਾਤਾਰ 25-30 ਰੁਪਯੇ ਮਹੀਨਾ ਸੇਵਾ ਕਰਦੇ ਹਨ। ਮੈਨੂੰ ਦੁਖੀ ਤੇ ਮਾਯੂਸ ਸੱਟਾਂ ਵਾਲਾ ਸਮਝ ਕੇ, ਕਿਉਂਕਿ ਮੇਰਾ ਸਾਰਾ ਪਰਿਵਾਰ ਮਾਰਿਆ ਗਿਆ, ਇਕ ਸੌ ਯਾਰਾਂ ਆਦਮੀ, ਮੈਂ ਉਦਾਸ ਜਿਹਾ ਰਹਿੰਦਾ ਤੇ ਕੋਈ ਕੰਮ ਕਰਨ ਨੂੰ ਚਿੱਤ ਨਹੀਂ ਸੀ ਕਰਦਾ, ਕਥਾ ਆਦਿਕ। ਪਰ ਬੜੀ ਸੇਵਾ ਜੋ ਮੈਨੂੰ ਦੋ ਸਾਲ ਹੋਣ ਲੱਗੇ ਹਨ ਪਾਕਿਸਤਾਨ ਜਾਂਦਿਆਂ, ਉਥੋਂ ਜੋ ਪਿਸ਼ਾਵਰ, ਕੋਹਾਟ, ਪਿੰਡੀ, ਐਬਟਾਬਾਦ, ਗੜ੍ਹੀ ਹਬੀਬੁੱਲਾ ਤੇ ਅਮੋਰ ਕੈਂਪ ਵਿੱਚੋਂ ਜੋ ਦਸ ਸੌ ਲੜਕੀ ਮੈਂਨੇ ਨਿਕਲਵਾਈ ਤੇ ਹਿੰਦੁਸਤਾਨ ਪਹੁੰਚਾਈ ਹੈ, ਉਹ ਸਾਰੀ ਇਹਨਾਂ ਦੀ ਮਿਹਰਬਾਨੀ ਹੈ। ਮੇਰੇ ਔਣ ਜਾਣ ਦਾ ਤੇ ਉਥੇ ਦਾ ਸਾਰਾ ਖਰਚ ਇਨ੍ਹਾਂ ਦਾ ਹੈ, ਨਹੀਂ ਤਾਂ ਮੈਂ ਕਦੀ ਨਹੀਂ ਜਾ ਸਕਦਾ ਸੀ, ਕਿਉਂਕਿ ਮੇਰੇ ਪਾਸ ਕੋਈ ਪੈਸਾ ਨਹੀਂ ਸੀ, ਹਿੰਮਤ ਤੇ ਅਣਖ ਹੌਸਲਾ ਸੀ, ਸੋ ਏਹ ਕਿਰਪਾ ਕਰਦੇ ਰਹੇ, ਤਦ ਏਤਨੇ ਬੱਚੇ-ਬੱਚੀਆਂ ’ਤੇ ਉਪਕਾਰ ਤੇ ਕੌਮ ਦੀਆਂ ਪੁੱਤਰੀਆਂ ਆਈਆਂ।

ਮੈਂ ਕਈ ਦਫ਼ਾ ਇਹਨਾਂ ਨਾਲ ਲੜ ਤੇ ਰੁੱਠ ਭੀ ਪੈਂਦਾ ਹਾਂ, ਪਰ ਇਹਨਾਂ ਨੇ ਗੁਰਸਿਖਾਂ, ਤੇ ਮਿੱਤਰਾਂ, ਦੋਸਤਾਂ, ਯਾਰਾਂ ਵਾਲਾ ਧਰਮ ਨਹੀਂ ਹਾਰਿਆ। ਮੈਂ ਭੀ ਏਹੋ ਇੱਕੋ ਮਿੱਤਰ ਦੁਨੀਆ ਵਿਚ ਹਕੀਕੀ ਬਣਾਏ ਤੇ ਉਹਨਾਂ ਭੀ ਮੈਨੂੰ ਹੀ ਬਣਾਇਆ ਹੈ; ਉੱਤੋਂ ਉੱਤੋਂ ਭਾਵੇਂ ਕਈ ਹਨ। ਉਹ ਮੇਰੇ ਬਿਨਾਂ ਨਹੀਂ ਰਹਿ ਸਕਦੇ ਤੇ ਮੈਂ ਉਹਨਾਂ ਬਿਨਾ ਨਹੀਂ ਰਹਿ ਸਕਦਾ। ਐਸੀ ਕੋਈ ਕੁਦਰਤੀ ਗੱਲ ਹੈ, ਉਹ ਮੇਰੇ ਬਿਨਾ ਦਿਲ ਭੀ ਕਿਸੇ ਨੂੰ ਨਹੀਂ ਦਿੰਦੇ ਤੇ ਮੈਂ ਉਹਨਾਂ ਬਿਨਾਂ ਕਿਸੇ ਨੂੰ ਨਹੀਂ ਦਿੰਦਾ ਹਾਂ। ਵਾਹਿਗੁਰੂ ਕ੍ਰਿਪਾ ਕਰੇ, ਤਾਂ ਹੁਣ ਬਹੁਤੀ ਗਈ, ਥੋੜ੍ਹੀ ਰਹਿ ਗਈ, ਮੇਰੀ ਤੇ ਆਪ ਦੀ ਤੋੜ ਨਿਭ ਜਾਏ, ਅਰ ਅਗਲੀ ਦੁਨੀਆਂ ਵਿਚ ਮੈਂ ਪਹਿਲਾਂ ਚੱਲਾਂ ਤੇ ਏਹ ਪਿੱਛੋਂ, ਇਹ ਚਾਹਨਾ ਹੈ ਦਿਲ ਮੇਰੇ ਵਿਚ। ਇਹ ਹਨ ਸਰਦਾਰ ਅਨੰਦ ਸਿੰਘ ਜੀ ਸੁਪਰਡੈਂਟ ਦਿੱਲੀ, ਸ਼ਿਮਲਾ ਤੇ ਜ਼ਿਲ੍ਹਾ ਲੁਧਿਆਣੇ ਦੇ ਸਮਰਾਲੇ ਪਾਸ ਦੇ। ਏਹ ਉਹਨਾਂ ਬੱਚੇ-ਬੱਚੀਆਂ ਪਰ ਆਪਣੀ ਕਮਾਈ ਦੀ ਤੇ ਦਸਵੰਧ ਦੀ ਮਾਇਆ ਖ਼ਰਚ ਕਰਦੇ ਰਹੇ ਹਨ, ਜੋ ਆਇੰਦਾ ਦੁਨੀਆ ਤਕ ਭੀ ਯਾਦਗਿਰੀ ਹੈ।

ਸਾਰਾ ਬਾਈ ਤੇ ਬਲਬੀਰ ਨੇ ਮੈਨੂੰ ਪਾਕਿਸਤਾਨ ਦਾ ਜਾਸੂਸ ਸਾਬਤ ਕਰਨ ਦੀ ਕੋਸ਼ਿਸ਼ ਕੀਤੀ, ਹਾਲਾਂਕਿ ਆਪ (ਸਾਰਾ ਬਾਈ) ਰਜ਼ਵੀ ਦੀ ਭੈਣ ਬਣੀ ਹੈ ਤੇ ਏਸੇ ਕਰਕੇ ਸਾਡੇ ਬੱਚੇ-ਬੱਚੀਆਂ ਪਾਕਿਸਤਾਨ ਵਿੱਚੋਂ ਨਹੀਂ ਨਿਕਲੇ। ਭਾਗ ਮਹਿਤਾ ਨੇ ਭੀ ਲਾਹੌਰ ਤੋਂ ਲੈ ਕੇ ਦਿੱਲੀ ਤਕ ਮੇਰੀਆਂ ਸ਼ਿਕਾਇਤਾਂ ਕੀਤੀਆਂ, ਜੋ ਸਭ ਝੂਠੀਆਂ ਸਨ। ਕਿਉਂਕਿ ਮੈਨੂੰ ਜਦ ਆਪਣਾ ਰਸੂਖ਼ (ਵਰਤ ਕੇ), ਜਿਨ੍ਹਾਂ ਕੇਸਾਂ ਲਈ ਮੈਂ ਗਿਆ, ਸਭ ਬਰਾਮਦ ਕਰ ਲੀਤੇ ਅਤੇ ਅਮੋਰ ਕੈਂਪ ਵਿਚ ਭੀ 10 ਸੌ ਨਫ਼ਰੀ ਬੱਚੇ-ਬੱਚੀਆਂ, ਮਰਦ ਔਰਤਾਂ ਦੀ ਮੰਗਾਈ, ਇਹਨਾਂ ਨੂੰ ਖ਼ਿਆਲ ਹੋਇਆ, ਜੇਕਰ ਏਸ ਨੇ ਏਸੇ ਤਰ੍ਹਾਂ ਕੰਮ ਕੀਤਾ ਤਾਂ ਕੰਮ ਛੇਤੀ ਖ਼ਤਮ ਹੋ ਜਾਸੀ ਤਾਂ ਸਾਡੀਆਂ ਮੌਜਾਂ ਬਹਾਰਾਂ ਖ਼ਤਮ ਹੋ ਜਾਸਣ, ਕਿਉਂਕਿ ਏਸ ਮਹਿਕਮੇ ਦੇ ਰਹਿਣੇ ਕਰ ਹੀ ਸਾਡੀ ਲੁੱਟ ਤੇ ਬਹਾਰ ਹੈ।

**(ਸਮਾਪਤ)**

## ਗੁਣਕਾਰੀ ਪਿਆਜ਼

**-ਡਾ. ਪੂਰਨਿਮਾ ਮਿਤਰਾ**

ਪਿਆਜ਼ ਦੀ ਵਰਤੋਂ ਆਮ ਤੌਰ ’ਤੇ ਸਬਜ਼ੀ ਅਤੇ ਦਾਲ ਬਣਾਉਣ ਸਮੇਂ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਇਸ ਨੂੰ ਕੱਚਾ ਕੱਟ ਕੇ ਸਲਾਦ ਜਾਂ ਦਹੀਂ ਵਿਚ ਮਿਲਾ ਕੇ ਰਾਇਤੇ ਦੇ ਰੂਪ ਵਿਚ ਖਾਧਾ ਜਾਂਦਾ ਹੈ। ਆਯੁਰਵੈਦ ਵਿਚ ਪਿਆਜ਼ ਨੂੰ ਕਫ-ਪਿੱਤ ਤੇ ਵਾਤਨਾਸ਼ਕ ਮੰਨਿਆ ਜਾਂਦਾ ਹੈ। ਗਰਮੀਆਂ ਵਿਚ ਇਸ ਦੇ ਸੇਵਨ ਨਾਲ ਲੂ ਦਾ ਬਚਾਅ ਹੁੰਦਾ ਹੈ।

ਇਸ ਤੋਂ ਇਲਾਵਾ ਹੇਠ ਲਿਖੇ ਰੋਗਾਂ ਵਿਚ ਵੀ ਇਸ ਦੀ ਵਰਤੋਂ ਘਰੇਲੂ ਦਵਾਈ ਦੇ ਤੌਰ ’ਤੇ ਕੀਤੀ ਜਾ ਸਕਦੀ ਹੈ:

ਪੇਟ ਵਧਣ ਜਾਂ ਪੇਟ ਸਬੰਧੀ ਨੁਕਸ ਵਿਚ ਹਰ ਰੋਜ਼ ਇਕ ਚਮਚ ਪਿਆਜ ਦਾ ਰਸ ਤੇ ਜ਼ਰਾ ਜਿਹਾ ਸੇਂਧਾ ਨਮਕ ਮਿਲਾ ਕੇ ਹਰ ਰੋਜ਼ ਪੀਓ।

ਅਜੀਰਣ ਦੂਰ ਕਰਨ ਲਈ ਇਕ ਚਮਚ ਪਿਆਜ਼ ਦਾ ਰਸ, ਇਕ ਚਮਚ ਕਰੇਲੇ ਦਾ ਰਸ ਤੇ ਜ਼ਰਾ ਜਿਹਾ ਸੇਂਧਾ ਨਮਕ ਮਿਲਾ ਕੇ ਹਰ ਰੋਜ਼ ਪੀਓ। ਕੁਝ ਹੀ ਦਿਨਾਂ ਵਿਚ ਅਜੀਰਣ ਜੜ੍ਹ ਤੋਂ ਗਾਇਬ ਹੋ ਜਾਵੇਗਾ।

ਕਬਜ਼ ਦੂਰ ਕਰਨ ਲਈ ਇਕ ਛੋਟਾ ਪਿਆਜ਼ ਕੱਟ ਕੇ ਉਸ ਵਿਚ ਨਿੰਬੂ ਦਾ ਰਸ ਤੇ ਕਾਲਾ ਨਮਕ ਮਿਲਾ ਕੇ ਦੁਪਹਿਰ ਸਮੇਂ ਸਲਾਦ ਦੇ ਰੂਪ ਵਿਚ ਖਾਓ।

ਤਾਜ਼ਾ ਲੱਸੀ ਜਾਂ ਦਹੀਂ ਦੇ ਨਾਲ ਕੱਟੇ ਪਿਆਜ਼ ਦੇ ਛੱਲੇ, ਭੁੰਨਿਆ ਜ਼ੀਰਾ ਤੇ ਸੇਂਧੇ ਨਮਕ ਦੀ ਵਰਤੋਂ ਨਾਲ ਪੇਚਿਸ਼ ਵਿਚ ਰਾਹਤ ਮਹਿਸੂਸ ਹੁੰਦੀ ਹੈ।

ਜੀਅ ਮਚਲਣ ’ਤੇ ਇਕ ਛੋਟਾ ਚਮਚ ਪਿਆਜ਼ ਦਾ ਰਸ, ਇਕ ਚੁਟਕੀ ਸੇਂਧਾ ਨਮਕ ਮਿਲਾ ਕੇ ਪੀਣ ਨਾਲ ਰਾਹਤ ਮਹਿਸੂਸ ਹੁੰਦੀ ਹੈ।

ਖਾਣ ਨੂੰ ਦਿਲ ਨਾ ਕਰਦਾ ਹੋਵੇ ਤਾਂ ਕੱਟੀ ਹਰੀ ਮਿਰਚ ਤੇ ਕੱਟਿਆ ਪਿਆਜ਼ ਪੀਸੇ ਅਨਾਰਦਾਣੇ ਅਤੇ ਕਾਲੀ ਮਿਰਚ ਮਿਲਾ ਕੇ ਖਾਓ।

ਸਿਰਕੇ ਵਿਚ ਤਿਆਰ ਪਿਆਜ਼ ਦਾ ਅਚਾਰ ਵੀ ਪੇਟ ਸਬੰਧੀ ਰੋਗਾਂ ਵਿਚ ਲਾਭ ਪਹੁੰਚਾਉਂਦਾ ਹੈ।

ਪਿਆਜ਼ ਦਾ ਬਾਰੀਕ ਰਸ ਪੀਸ ਕੇ, ਸਿਰ ਦੇ ਵਾਲਾਂ ’ਤੇ 50-60 ਮਿੰਟ ਲੱਗਿਆ ਰਹਿਣ ਦਿਉ। ਫਿਰ ਸਾਫ਼ ਪਾਣੀ ਨਾਲ ਧੋ ਦਿਉ। ਇਸ ਨਾਲ ਸਿਕਰੀ ਦੂਰ ਹੁੰਦੀ ਹੈ। ਪਿਆਜ਼ ਦਾ ਰਸ ਦੰਦਾਂ ’ਤੇ ਰਗੜਨ ਨਾਲ ਦੰਦ ਦੇ ਰੋਗਾਂ ਵਿਚ ਲਾਭ ਪਹੁੰਚਦਾ ਹੈ।

ਹਿਸਟੀਰੀਆ ਦੇ ਰੋਗੀ ਨੂੰ ਪਿਆਜ਼ ਦਾ ਰਸ ਸੁੰਘਾਉਣ ਨਾਲ ਰੋਗੀ ਨੂੰ ਤੁਰੰਤ ਲਾਭ ਪਹੁੰਚਦਾ ਹੈ। -0-

ਲੜੀ ਜੋੜਣ ਲਈ ਪਿਛਲਾ ਅੰਕ ਦੇਖੋ

# ਸਿੱਖ ਤਿਉਹਾਰ

'ਸਿੱਖ ਰਹੁਰੀਤ' ਕਿਤਾਬਚੇ ਵਿਚੋਂ

ਲਖ ਖੁਸ਼ੀਆਂ ਪਾਤਸ਼ਾਹੀਆਂ ਦੀ ਧਾਰਨਾ ਲਗਾਉਣ ਨਾਲ ਸ਼ਬਦ ਦੇ ਅਰਥ ਗਲਤ ਹੋ ਜਾਂਦੇ ਹਨ, ਰਹਾਉ ਦੀ ਤੁਕ_ "ਮੇਰੇ ਮਨ ਏਕਸ ਸਿਉ ਚਿਤੁ ਲਾਇ... ਹੈ, ਜਿਸ ਵਿਚ ਸ਼ਬਦ ਦਾ ਮੂਲ ਭਾਵ ਹੈ। ਘਰਾਂ ਵਿਚ ਗੈਰ-ਸਿੱਖ ਰਸਮਾਂ-ਰਿਵਾਜਾਂ ਦਾ ਵੀ ਭੋਗ ਪਾਉਣਾ ਚਾਹੀਦਾ ਹੈ, ਜੇ ਅਸੀਂ ਦੇਖਾ-ਦੇਖੀ ਕਰਦੇ ਜਾ ਰਹੇ ਹਾਂ। ਸਿੱਖ ਗੁਰੂ ਸਾਹਿਬਾਨ ਨੇ ਇਸਤਰੀ ਜਾਤੀ ਨੂੰ ਪੂਰਾ-ਪੂਰਾ ਇਨਸਾਫ ਦੇ ਕੇ ਇਕ ਮਹਾਨ ਦਰਜਾ ਦਿਵਾਇਆ ਹੈ, ਪਰ ਅੱਜ ਸਿੱਖ ਬੀਬੀਆਂ ਹੀ ਆਪਣੇ ਸਭਿਆਚਾਰ ਦਾ ਨਾਸ ਮਾਰ ਰਹੀਆਂ ਹਨ, ਅਤੇ ਇਸ ਨੂੰ ਐਸਾ ਮਿਲਭੋਗਾ ਕਰ ਦਿੱਤਾ ਹੈ ਕਿ ਸਿੱਖ ਰਵਾਇਤਾਂ ਬ੍ਰਾਹਮਣੀ ਰੀਤਾਂ ਹੇਠ ਦਬ ਕੇ ਰਹਿ ਗਈਆਂ ਹਨ। ਸਿੱਖ ਘਰਾਂ ਵਿਚ ਵਰਤ (ਪਾਖੰਡ), ਚਲੀਹੇ, ਮੂਰਤੀ ਪੂਜਾ, ਗੰਦੇ ਫੈਸ਼ਨ, ਕਿਟੀਆਂ ਵਿਚ ਮਿਲਗੋਭਾ ਸਭਿਆਚਾਰ, ਸੰਤਾਂ-ਸਾਧਾਂ ਦੀਆਂ ਫੇਰੀਆਂ ਕੁਝ ਬੀਬੀਆਂ ਨੇ ਕਿਸੇ ਇਕ ਸੰਤ ਜਾਂ ਬਾਬੇ ਪਾਸੋਂ ਏਜੰਸੀ ਲਈ ਹੁੰਦੀ ਹੈ ਅਤੇ ਮਹੱਲੇ ਅਤੇ ਰਿਸ਼ਤੇਦਾਰਾਂ ਵਿਚ ਇਹਨਾਂ ਸੰਤਾਂ ਦੇ ਵਾੜੇ ਲਈ ਭੇਡਾਂ ਤਿਆਰ ਕਰਦੀਆਂ ਹਨ, ਪ੍ਰਚਾਰ ਕਰਦੀਆਂ ਫਿਰਦੀਆਂ ਹਨ-ਸਾਡੇ ਬਾਬੇ ਜਾਂ ਸੰਤ ਜੀ ਬਹੁਤ ਪਹੁੰਚੇ ਹੋਏ ਹਨ, ਮਾਇਆ ਨੂੰ ਹੱਥ ਨਹੀਂ ਲਾਂਦੇ, ਮੱਥਾ ਨਹੀਂ ਟਿਕਾਉਂਦੇ, 24 ਘੰਟੇ ਜੁੜੇ ਹੋਏ ਉਚੀ ਅਵਸਥਾ ਵਿਚ ਰਹਿੰਦੇ ਹਨ, ਕੰਮ-ਕਾਜ ਵਿਚ ਵਾਧਾ ਜਾਂ ਸਫਲਤਾ, ਪੁੱਤਰ ਜਾਂ ਸੰਤਾਨ ਦੀ ਦਾਤ ਸੰਤਾਂ ਦੀ ਕ੍ਰਿਪਾ ਰਾਹੀਂ ਮਿਲਦੀ ਹੈ।

**(ਇਸਤਰੀ ਸਤਿਸੰਗ ਜਾਂ ਸੁਖਮਨੀ ਵਾਲੇ ਇਸਤਰੀ ਜਥਿਆਂ ਨੂੰ ਚਾਹੀਦਾ ਹੈ ਕਿ ਘਰਾਂ ਵਿਚੋਂ ਗੈਰ-ਸਿੱਖ ਰਸਮਾਂ ਤੋਂ ਪਰਹੇਜ਼ ਕਰਨ। ਨੂੰਹਾਂ ਨਾਲ ਧੀਆਂ ਵਰਗਾ ਸਲੂਕ ਕਰਨਾ ਚਾਹੀਦਾ ਹੈ। ਢੋਲਕੀ-ਛੈਣੇ ਨਾਲ ਪੰਜ-ਚਾਰ ਸ਼ਬਦ ਪੜ੍ਹਨਾ ਹੀ ਕਾਫੀ ਨਹੀਂ, ਇਸ ਦੇ ਨਾਲ ਨਾਲ ਸਿੱਖੀ ਅਸੂਲਾਂ ਨੂੰ ਅਮਲ ਵਿਚ ਲਿਆਉਣਾ ਵੀ ਜ਼ਰੂਰੀ ਹੈ। ਨੂੰਹਾਂ-ਧੀਆਂ ਨੂੰ ਸੰਤਾਂ ਦੇ ਡੇਰਿਆਂ ਵਿੱਚ ਲਿਜਾਣ ਦੀ ਸੁਖਨਾ ਸੁਖਣੀ ਠੀਕ ਨਹੀਂ। ਨਵੀਂ ਵਿਆਹੀ ਜੋੜੀ ਗੁਰਦੁਆਰੇ ਮੱਥਾ ਟੇਕ ਲਵੇ, ਸਾਰੇ ਕਾਰਜ ਰਾਸ ਹੋ ਜਾਣਗੇ।)**

ਜੇ ਕੋਈ ਪੁਛ ਬੈਠੇ ਕਿ ਬੱਚੇ ਪੈਦਾ ਕਰਨ ਦਾ ਜੋ ਕੁਦਰਤੀ ਨਿਯਮ ਹੈ, ਉਸਨੂੰ ਸੰਤ ਜੀ ਕਿਵੇਂ ਬਦਲ ਕੇ ਰੇਖ ਵਿਚ ਮੇਖ ਮਾਰ ਸਕਦੇ ਹਨ। ਅੱਜ ਕਲ ਤਾਂ ਅਖਬਾਰਾਂ ਵਿਚ ਆਮ ਛਪਦਾ ਆ ਰਿਹਾ ਹੈ ਅਤੇ ਬਾਬਿਆਂ ਦੀਆਂ ਬੱਚੇ ਪੈਦਾ ਕਰਨ ਵਾਲੀਆਂ ਕਰਤੂਤਾਂ ਸਾਹਮਣੇ ਆਈਆਂ ਹਨ। ਪਤਾ ਨਹੀਂ ਕੁੜੀਆਂ ਦੀ ਦਾਤ ਕਿਉਂ ਨਹੀਂ ਸੰਤ ਦਿੰਦੇ, ਇਸਤਰੀ ਜਾਤੀ ਨੂੰ ਭੈੜੀ ਸਮਝਦੇ ਹਨ, ਜੇ ਇਸਤਰੀਆਂ ਨਾ ਰਹੀਆਂ ਤਾਂ ਇਨ੍ਹਾਂ ਦੇ ਡੇਰੇ ਕਿਵੇਂ ਚਲਣਗੇ। ਇਹ ਏਜੰਟਾਂ ਕਈ ਤਰ੍ਹਾਂ ਦੇ ਝੂਠੇ ਤੇ ਫਰੇਬ ਪ੍ਰਚਾਰ ਰਾਹੀਂ ਸਿੱਖ ਬੀਬੀਆਂ ਨੂੰ ਗੁਰੂ ਘਰ ਨਾਲੋਂ ਤੋੜ ਕੇ ਸੰਤਾਂ ਅਤੇ ਸਿੱਖ ਵਿਰੋਧੀ ਡੇਰਿਆਂ ਵਿੱਚ ਧੱਕੀ ਜਾ ਰਹੀਆਂ ਹਨ। ਇਹ ਚੂਹੇ ਆਪ ਤਾਂ ਖੁੱਡ ਵਿਚ ਵੜ ਨਹੀਂ ਸਕਦੇ, ਪਰ ਨਿਰਲਜ ਚੇਲਿਆਂ ਦਾ ਛੱਜ ਆਪਣੀ ਪੂਛਲ ਨਾਲ ਬੰਨ੍ਹੀ ਜਾ ਰਹੇ ਹਨ ਤੇ ਸਿੱਖ ਬੀਬੀਆਂ ਨੂੰ ਖਬਰਦਾਰ ਰਹਿਣਾ ਚਾਹੀਦਾ ਹੈ। ਵਿਆਹ ਦੇ ਕਾਰਜ ਸਮੇਂ ਵੀ ਬੀਬੀਆਂ ਨੂੰ ਘਰਾਂ ਵਿਚ ਗੁਰਮਤਿ ਵਿਰੁੱਧ ਰਸਮਾਂ ਤੋਂ ਸੁਚੇਤ ਰਹਿਣਾ ਚਾਹੀਦਾ ਹੈ। ਦੂਜੇ ਗੁਰਸਿੱਖ ਘਰਾਣੇ ਦੀ ਧੀ ਨੂੰ ਕੁਝ ਦੁਨੀਆਵੀ ਲਾਭਾਂ ਲਈ ਤੰਗ ਕਰਨਾ, ਭੈੜਾ ਕਰਮ ਹੈ।

ਅੰਤ ਵਿਚ ਸਰਬੱਤ ਖਾਲਸਾ ਬਰਾਦਰੀ (ਸਿੱਖ ਸਮਾਜ) ਦੇ ਸਮੂਹ ਮੈਂਬਰਾਂ ਨੂੰ ਚਾਹੇ ਕਿਸੇ ਵੀ ਪਾਰਟੀ ਦੇ ਹੋਣ ਸਨਿਮਰ ਬੇਨਤੀ ਹੈ ਕਿ ਜੋ ਸਜਣ ਵੀਰ, ਭੈਣ, ਬਜ਼ੁਰਗ ਧਰਮ ਪ੍ਰਚਾਰ ਵਿਚ ਕਿਸੇ ਕਿਸਮ ਦਾ ਹਿੱਸਾ ਪਾਉਣਾ ਚਾਹੁੰਦਾ ਹੈ, ਉਹ ਮਿਲ ਕੇ ਜਾਂ ਚਿਠੀ-ਪੱਤਰ ਰਾਹੀਂ ਸੰਪਰਕ ਕਰਨ ਜਾਂ ਕ੍ਰਿਪਾਲਤਾ ਕਰਨ। ਇਸ ਸੰਸਥਾ ਦਾ ਕਾਰਜ-ਖੇਤਰ ਕੇਵਲ ਗੁਰਬਾਣੀ ਸਿਧਾਂਤਾਂ ਅਨੁਸਾਰ ਅਤੇ ਪੰਥਕ ਮਰਿਯਾਦਾ ਅਨੁਸਾਰ ਧਰਮ ਪ੍ਰਚਾਰ ਕਰਨਾ ਹੈ।

ਹੁਣ ਆਖਰੀ ਗੱਲ ਸਮਝਣ ਵਾਲੀ - ਜੇ ਅਸੀਂ ਦਿਲੋਂ ਕੁਝ ਪੰਥ ਦਾ ਭਲਾ ਲੋਚਦੇ ਹਾਂ ਤਾਂ ਹਰ ਗੁਰਸਿੱਖ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਬਿਨਾਂ ਗੁਰਮਤਿ ਅਸੂਲਾਂ ਉੱਤੇ ਪਹਿਰਾ ਦਿੱਤੇ ਕੁਝ ਨਹੀਂ ਸੰਵਰਨਾ। ਇਸ ਲਈ ਗੁਰਸਿੱਖ ਮਾਈ-ਭਾਈ ਉਦਮ ਕਰ ਕੇ ਗੁਰਬਾਣੀ ਸ਼ੁੱਧ ਪੜੇ, ਬੇਸ਼ਕ ਥੋੜ੍ਹਾ ਪੜੇ ਅਤੇ ਅਰਥ ਭਾਵ ਸਮਝਣ ਦਾ ਉਦਮ ਕਰੇ ਅਤੇ ਅੱਗੇ ਦਸਣ ਦੀ ਹਿੰਮਤ ਕਰੇ। ਘਰ ਘਰ ਵਿਚ ਗੁਰੂ ਦੀ ਗੱਲ ਤਾਂ ਹੀ ਪੁਜੇਗੀ ਜੇ ਸਮਝ ਆਵੇਗੀ। ਇਹ ਹੀ ਇਕ ਤਰੀਕਾ ਹੈ ਕੌਮ ਨੂੰ ਸਹੀ ਲਾਈਨ ਤੇ ਤੋਰਨ ਦਾ। ਅੱਜ ਜੋ ਵੀ ਸਿੱਖ ਸੰਸਥਾ ਧਰਮ ਪ੍ਰਚਾਰ ਦਾ ਉਦਮ ਕਰ ਰਹੀ ਹੈ, ਉਸਦਾ ਉਦਮ ਸਿੱਖ ਘਰਾਣਿਆਂ ਤੱਕ ਹੀ ਸੀਮਤ ਹੈ, ਹੋਰ ਕਿਸੇ ਦੂਜੇ ਬੰਦੇ ਨੂੰ ਅਸੀਂ ਗੁਰ-ਵਿਚਾਰਧਾਰਾ ਨਾ ਸਮਝਾਉਣ ਦੇ ਸਮਰੱਥ ਹਾਂ ਨਾਂ ਹੀ ਇੱਛੁਕ ਹਾਂ। ਜਦ ਹਰ ਰੱਬ ਦੇ ਰਾਹ ਵਾਲਾ ਪ੍ਰਾਣੀ ਗੁਰਬਾਣੀ ਰਾਹੀਂ ਬਖ਼ਸ਼ੀ ਅਮੁਲੀ ਜੀਵਨ ਜਾਚ ਵੱਲ ਵੇਖ ਰਿਹਾ ਹੈ। ਉਸ ਸਮੇਂ ਆਪ ਹੀ ਅਵੇਸਲੇ ਹੋਏ ਪਏ ਹਾਂ।

**(ਅੰਤਮ ਬੇਨਤੀ- ਹਰ ਗੁਰਸਿੱਖ ਪਰਿਵਾਰ ਨੂੰ ਗੁਰੂ ਮਹਾਰਾਜ ਦੀ ਸਿਖਿਆ ਵੱਲ ਧਿਆਨ ਦੇ ਕੇ ਗੁਰੂ ਮਹਾਰਾਜ ਵਲੋਂ ਦਸੇ ਮਾਰਗ ਉਪਰ ਚਲਣ ਦਾ ਉਦਮ ਕਰਨਾ ਚਾਹੀਦਾ ਹੈ, ਤਾਂ ਹੀ ਪੰਥ ਦੀ ਚੜ੍ਹਦੀ ਕਲਾ ਹੋਵੇਗੀ।)**

**ਅੰਤਕਾ :-** ਗੁਰੂ ਮਹਾਰਾਜ ਨੇ ਦੂਰ-ਦੁਰੇਡੇ ਪੈਂਡੇ ਤਹਿ ਕਰਕੇ ਕੁਰਾਹੇ ਪਏ ਹਰ ਪ੍ਰਾਣੀ ਨੂੰ ਗੁਰਮਤਿ ਨਾਲ ਜੋੜਿਆ ਅਤੇ ਕੇਵਲ ਆਪਣੇ ਰੱਬੀ ਉਪਦੇਸ਼ਾਂ ਰਾਹੀਂ ਹੀ ਵੱਡੇ-ਵੱਡੇ ਕੁਰਾਹੇ ਪਏ ਧਾਰਮਿਕ ਆਗੂਆਂ, ਭਾਵ ਜੋਗੀਆਂ, ਸੰਨਿਆਸੀਆਂ, ਕਰਮ-ਕਾਂਡੀਆਂ, ਪਾਖੰਡੀ ਅਤੇ ਭੇਖੀ ਸੰਤਾਂ-ਸਾਧਾਂ, ਕਬਰਾਂ ਤੇ ਮੜੀਆਂ ਦੇ ਪੂਜਕਾਂ, ਡੇਰੇਦਾਰਾਂ, ਰਾਜਨੀਤੀ ਵਿਚ ਗਲਤਾਨ ਤਾਕਤ ਦੀ ਦੁਰਵਰਤੋਂ ਕਰਦੇ ਹੋਏ ਜ਼ਾਲਮ ਅਹੁਦੇਦਾਰਾਂ ਅਤੇ ਰਿਸ਼ਵਤਖੋਰਾਂ, ਜੋ ਭੋਲੀ-ਭਾਲੀ ਆਮ ਜਨਤਾ ਨੂੰ ਲਾਲਚ ਅਤੇ ਡਰਾਵੇ ਦੇ ਕੇ ਆਪਣੇ ਐਸ਼-ਓ-ਆਰਾਮ ਵਿਚ ਵਾਧਾ ਕਰ ਰਹੇ ਸਨ, ਅਜਿਹੇ ਹਰ ਵਰਗ ਦੇ ਲੋਕਾਂ ਨੂੰ ਜੀਵਨ ਦੀਆਂ ਅੱਟਲ ਸਚਾਈਆਂ ਸਮਝਾ ਕੇ ਸਿੱਖੀ ਦੇ ਦਾਇਰੇ ਵੱਲ ਲੈ ਆਂਦਾ ਸੀ। ਅੱਜ ਵੀ ਗੁਰਬਾਣੀ ਪ੍ਰਚਾਰ ਰਾਹੀਂ ਹੀ ਸਮਾਜ ਵਿਚੋਂ ਉਪਰੋਕਤ ਗੈਰ-ਮਨੁੱਖੀ ਲਾਹਨਤਾਂ ਨਾਲ ਭਰਪੂਰ ਵਾਤਾਵਰਨ ਨੂੰ ਸਾਫ ਕੀਤਾ ਜਾ ਸਕਦਾ ਹੈ। ਇਸ ਲਈ ਅੱਜ ਵੀ ਅਤੇ ਹਮੇਸ਼ਾਂ ਲਈ ਗੁਰਬਾਣੀ ਦੀ ਫਿਲਾਸਫੀ ਦੇ ਪ੍ਰਚਾਰ ਵਾਲਾ ਫਾਰਮੂਲਾ ਹੀ ਚੰਗੇ ਨਤੀਜੇ ਕਢੇਗਾ।

**(ਸਾਧ-ਸੰਗਤ ਯਾਦ ਰੱਖੋ ਗੁਰਬਾਣੀ ਰਾਹੀਂ ਦਿੱਤੀ ਸਿਖਿਆ ਨੇ, ਪੂਰੇ ਕੁਰਾਹੇ ਪਏ ਸਮਾਜ ਨੂੰ, ਸਿੱਧਾ ਅਤੇ ' ਸੌਖਾ ਗਾਡੀ ਰਾਹ ਦਸਿਆ ਹੈ। ਜੇ ਅਸੀਂ ਅਜਿਹੀ ਅਨਮੋਲ ਦਾਤ ਨੂੰ ਹੋਰਨਾਂ ਘਰਾਂ ਵਿਚ ਨਾ ਵੰਡ ਸਕੇ ਤਾਂ ਸਮਝੋ ਮਨੁੱਖਾਂ ਜੂਨੀ ਵਿੱਚ ਆ ਕੇ ਕੋਈ ਪਰਉਪਕਾਰ ਨਹੀਂ ਕੀਤਾ।)**

**ਕੁਝ ਗੁਰਮਤਿ ਮਿਸ਼ਨਰੀ ਕਾਲਜ (ਸਰਪ੍ਰਸਤ-ਸ਼੍ਰੋਮਣੀ ਸਿੱਖ ਸਮਾਜ) ਬਾਰੇ:-** ਇਹ ਸੰਸਥਾ ਨਿਰੋਲ ਧਰਮ ਪ੍ਰਚਾਰ ਲਈ ਹਰ ਸੰਭਵ ਉਦਮ ਕਰਦੀ ਆ ਰਹੀ ਹੈ। ਕਈ ਔਕੜਾਂ ਦੇ ਬਾਵਜੂਦ ਕੁਝ ਪੰਥ-ਦਰਦੀ ਇਸ ਉਦਮ ਵਿੱਚ ਮਿਸ਼ਨਰੀ ਲਗਨ ਸਦਕਾ (ਰਾਜਨੀਤੀ ਤੋਂ ਪਰੇ ਹਟ ਕੇ) ਯਤਨਸ਼ੀਲ ਹਨ। ਪਿਛਲੇ ਤਿੰਨ ਦਹਾਕਿਆਂ ਦੇ ਤਜਰਬੇ ਅਤੇ ਕੁਝ ਵਿਦਵਾਨਾਂ ਦੇ ਸੁਚਜੇ ਵਿਚਾਰਾਂ ਸਦਕਾ ਅਤੇ ਵੱਖ ਵੱਖ ਧਰਮਾਂ ਦੇ ਮੌਜੂਦਾ ਪ੍ਰਚਾਰ ਢੰਗਾਂ ਦਾ ਅਧਿਅਨ ਕਰਨ ਉਪਰੰਤ ਇਹ ਸਚਾਈ ਸਾਹਮਣੇ ਆਉਂਦੀ ਹੈ ਕਿ ਬਾਕੀ ਸਾਰੇ ਪ੍ਰਾਜੈਕਟਾਂ ਦੀ ਸਫਲਤਾ ਦਾ ਮੂਲ ਨੁਕਤਾ ਇਹ ਹੈ-ਜੇਕਰ ਸਿੱਖ ਮਿਸ਼ਨਰੀ ਨੂੰ 14 ਸਾਲ ਦੀ ਉਮਰ ਤਕ ਸਿੱਖ ਧਰਮ ਦੀ ਮੁੱਢਲੀ ਅਤੇ ਜ਼ਰੂਰੀ ਅਤੇ ਸਹੀ ਜਾਣਕਾਰੀ ਕਿਸੇ ਵੀ ਅਦਾਇਰੇ ਰਾਹੀ ਦੇ ਦਿੱਤੀ ਜਾਵੇ, ਜਿਵੇਂ ਹੋਰ ਧਰਮਾਂ ਵਾਲੇ ਕਰਦੇ ਹਨ ਤਾਂ

ਇਹ ਬੱਚੇ ਬੱਚੀਆਂ, ਸਾਰੀ ਉਮਰ ਸਿੱਖ ਰਹੁ-ਰੀਤਾਂ ਉਪਰ ਪਹਿਰਾ ਦਿੰਦੇ ਰਹਿਣਗੇ ਅਤੇ ਇਕ ਚੰਗੀ ਗੁਰਸਿਖ ਜੀਵਨ ਜਾਚ ਨੂੰ ਪੇਸ਼ ਕਰਨ ਜੋਗੇ ਹੋ ਜਾਣਗੇ, ਜਿਸ ਦੀ ਅੱਜ ਲੋੜ ਹੈ।

**(ਸਵੱਛ ਸਮਾਜ ਕਿਵੇਂ ਬਣੇ- ਜੋ ਫਾਰਮੂਲਾ ਦੱਸ ਗੁਰੂ ਮਹਾਰਾਜ ਅਤੇ ਪੁਰਾਤਨ ਪ੍ਰਚਾਰਕਾਂ ਨੇ ਵਰਤਿਆ ਸੀ, ਉਸੇ ਤਰੀਕੇ ਨਾਲ ਭਾਵ ਗੁਰੂ ਮਹਾਰਾਜ ਦੀ ਸਿਖਿਆ ਰਾਹੀ ਜੀਵਨ ਦਿਆਂ ਅਟੱਲ ਸਚਾਈਆ ਤੋਂ ਜਾਣੂ ਕਰਾਵ ਕੇ ਹੀ ਭਲੇ ਤੇ ਸੱਚੇ-ਸੁੱਚੇ ਪੁਰਸ਼ਾਂ ਦਾ ਸਮਾਜ ਤਿਆਰ ਕੀਤਾ ਜਾ ਸਕਦਾ ਹੈ।)**

ਇਸ ਸਮੇਂ ਹਰ ਗੁਰਸਿਖ ਪਰਿਵਾਰ ਦੀ ਜਰੂਰਤ ਹੈ ਅਤੇ ਮਹਿਸੂਸ ਕਰਦਾ ਹੈ ਜੇਕਰ ਰਾਜਨੀਤਕ ਆਗੂ ਹਉਮੈ ਤੇ ਕੁਰਸੀ ਦੀ ਹਵਸ-ਕਾਰਣ ਇਕਠੇ ਬੈਠ ਕੇ ਪੰਥ ਦੀ ਕਾਰਵਾਈ ਨਹੀਂ ਕਰਦੇ, ਘੱਟ ਤੋਂ ਘੱਟ ਸਿੱਖ ਧਰਮ ਦੇ ਪ੍ਰਚਾਰ ਦਾ ਤਾਂ ਕੋਈ ਸੁਚੱਜਾ ਢੰਗ ਉਲੀਕਿਆ ਕਰਦੇ ਜਾਣਾ ਚਾਹੀਦਾ ਸੀ। ਪਰ ਜੇ ਐਸਾ ਧਾਰਮਿਕ ਜਾਂ ਰਾਜਨੀਤਕ ਲੀਡਰ ਪੈਦਾ ਕਰਨ ਦਾ ਯਤਨ ਹੀ ਨਹੀਂ ਕੀਤਾ ਤਾਂ ਅਸਮਾਨ ਤੋਂ ਤਾਂ ਬਣੇ ਬਣਾਏ ਲੀਡਰ ਡਿਗਣੇ ਨਹੀਂ। ਇਸ ਮਨੋਰਥ ਲਈ ਵੀ ਬਚਿਆਂ ਦੀ ਮੁੱਢ ਤੋਂ ਹੀ ਗੁਰਬਾਣੀ ਤੇ ਸਿੱਖ ਇਤਿਹਾਸ ਰਾਹੀਂ ਟਰੇਨਿੰਗ ਕਰਨੀ ਜਰੂਰੀ ਹੈ, ਇਹ ਸਾਰੀਆਂ ਸਫਲਤਾਵਾਂ ਦਾ ਮੂਲ ਹੈ।

**(ਧਰਮ ਪ੍ਰਚਾਰ ਅਤੇ ਰਾਜਨੀਤੀ- ਅੱਜ ਦੇ ਵਾਤਾਵਰਣ ਵਿਚ ਰਾਜਨੀਤੀ ਅਤੇ ਧਰਮ ਇਕਠੇ ਚਲਣੇ ਔਖੇ ਹੋਏ ਪਏ ਹਨ। ਧਾਰਮਿਕ ਪ੍ਰਚਾਰਕਾਂ ਨੂੰ ਰਾਜਨੀਤੀ ਵਿਚ ਪੈਰ ਨਹੀਂ ਪਾਉਣਾ ਚਾਹੀਦਾ। ਨਿਰਪੱਖ ਹੋ ਕੇ ਸਿੱਖ ਧਰਮ ਨੂੰ ਹਰ ਸਿੱਖ ਅਤੇ ਗੈਰ-ਸਿੱਖ ਘਰਾਣਿਆਂ ਵਿਚ ਗੁਰਬਾਣੀ ਦੀ ਸਿਖਿਆ ਸਮਝਾਉਣੀ ਚਾਹੀਦੀ ਹੈ। ਇਹ ਉਦਮ ਸਭ ਤੋਂ ਉਤਮ ਹੈ ਅਤੇ ਚੰਗੇ ਨਤੀਜੇ ਕਢੇਗਾ।)**

ਅਜਿਹੇ ਹਜ਼ਾਰਾਂ ਬੱਚੇ-ਬੱਚੀਆਂ ਜੋ ਗੁਰਬਾਣੀ ਦੀ ਸੂਝ ਰੱਖਣ ਵਾਲੇ, ਭਾਵ ਜੇ ਗੁਰੂ ਮਹਾਰਾਜ ਦੇ ਉਪਦੇਸ਼ ਸਮਝਦੇ ਹਨ ਅਤੇ ਸਿੱਖ ਬਜੁਰਗਾਂ ਦੀਆਂ ਜੀਵਨੀਆਂ ਦੀ ਰੋਸ਼ਨੀ ਵਿਚੋਂ, ਕੋਈ ਮਾਈ ਭਾਗ ਕੌਰ, ਬਾਬਾ ਬੰਦਾ ਸਿੰਘ ਬਹਾਦਰ, ਭਾਈ ਤਾਰੂ ਸਿੰਘ, ਨਵਾਬ ਕਪੂਰ ਸਿੰਘ, ਸ. ਜੱਸਾ ਸਿੰਘ ਆਹਲੂਵਾਲੀਆ ਜਾਂ ਸ. ਜੱਸਾ ਸਿੰਘ ਰਾਮਗੜੀਆ, ਕੋਈ ਸ. ਹਰੀ ਸਿੰਘ ਨਲੂਆ, ਬਾਬਾ ਦੀਪ ਸਿੰਘ, ਅਕਾਲੀ ਫੂਲਾ ਸਿੰਘ, ਗਿ. ਦਿੱਤ ਸਿੰਘ, ਕਰਤਾਰ ਸਿੰਘ ਝੱਬਰ ਪੈਦਾ ਹੋਵੇਗਾ, ਜੋ ਪੰਥ ਦੀ ਵਾਗਡੋਰ ਸੁਚਜੇ ਢੰਗ ਨਾਲ ਸੰਭਾਲੇਗਾ। ਉਪਰੋਕਤ ਤਰੀਕਾ ਹੀ ਪੁਰਾਤਨ ਖਾਲਸਾ ਸਕੂਲਾਂ, ਕਾਲਜਾਂ ਵਿਚ ਵਰਤ ਕੇ ਚੰਗੇ ਨਤੀਜੇ ਕਢੇ ਗਏ ਸਨ, ਮੌਜੂਦਾ ਖਾਲਸਾ ਸਕੂਲਾਂ ਦੀ ਹਾਲਤ ਪਿਛੇ ਬਿਆਨ ਕਰ ਦਿੱਤੀ ਗਈ ਹੈ। ਇਸ ਲਈ ਇਹ ਜ਼ਰੂਰੀ ਹੈ, ਕਿ ਜੋ ਵੀ ਢੰਗ ਉਪਲਬਧ ਹੋ ਸਕਦਾ ਹੈ, ਉਸ ਰਾਹੀਂ ਹਰ ਸ਼ਹਿਰ, ਬਲਾਕ, ਮੁਹੱਲੇ, ਸੈਕਟਰ, ਹਰ ਪਿੰਡ ਵਿਚ ਕੁਝ ਸਿੱਖ ਬਜ਼ੁਰਗ, ਸਿੱਖ ਬੀਬੀਆਂ ਜਾਂ ਹੋਰ ਪੰਥ ਦਰਦੀ ਇਸ ਕਾਰਜ ਵਿਚ ਯੋਗ ਹਿੱਸਾ ਪਾਉਣ, ਤਾਂਕਿ ਬੱਚਿਆਂ ਨੂੰ ਮਨਮਤੀ-ਅਨਮਤੀ ਲਹਿਰਾਂ ਦੇ ਅਸਰ ਤੋਂ ਬਚਾਇਆ ਜਾ ਸਕੇ। ਹਾਂ ਇਸ ਮਹਾਨ ਉਦਮ ਲਈ ਢਿਲ ਕਰਨੀ, ਹੋਰ ਪੰਥਕ ਨੁਕਸਾਨ ਕਰੇਗਾ। ਬਹੁਤ ਸਾਰੇ ਸ਼ਹਿਰਾਂ ਵਿਚ ਹਫਤਾਵਾਰੀ ਕਲਾਸਾਂ ਦਾ ਉਦਮ ਹੋ ਰਿਹਾ ਹੈ, ਜੋ ਬਚੇ-ਬੱਚੀਆਂ, ਗੁਰਦੁਆਰਿਆਂ ਵਿਚ ਜਾਂ ਘਰਾਂ ਵਿਚ ਹਫਤਾਵਾਰੀ ਕਲਾਸਾ ਵਿਚ ਪੜ੍ਹਾਉਣੇ ਹਨ, ਉਹਨਾਂ ਲਈ ਚਾਰ ਪੁਸਤਕਾਂ ਤਿਆਰ ਕੀਤੀਆਂ ਹਨ :- **ਪਹਿਲੀ ਪੁਸਤਕ 'ਸਿੱਖ ਧਰਮ ਦੀ ਮੁਢਲੀ ਜਾਣਕਾਰੀ। ਉਪਰੰਤ ਤਿੰਨ ਪੁਸਤਕਾਂ (1) ਸਿੱਖ ਧਰਮ ਦੇ ਮੁਢਲੇ ਸਿਧਾਂਤ (2) ਜੀਵਨ ਬ੍ਰਿਤਾਂਤ-ਦੱਸ ਗੁਰੂ ਸਾਹਿਬਾਨ, (3) ਪੁਰਾਤਨ ਸਿੱਖ ਜਰਨੈਲ।** ਇਹ ਪੁਸਤਕਾਂ ਪੱਤਰ ਲਿਖ ਕੇ ਕਾਲਜ ਤੋਂ ਮੰਗਵਾਈਆਂ ਜਾ ਸਕਦੀਆਂ ਹਨ।

**(ਬੱਚਿਆਂ ਲਈ :- ਪੁਰਾਤਨ ਗੁਰਸਿੱਖਾਂ ਦੀਆਂ ਜੀਵਨੀਆਂ ਨੂੰ ਬੱਚਿਆਂ ਤਕ ਸਰਲ ਅਤੇ ਸਹੀ ਢੰਗ ਨਾਲ ਪਹੁੰਚਾਉਣ ਨਾਲ ਹੀ ਬੱਚੇ-ਬੱਚੀਆਂ ਸਿੱਖ ਦਾਇਰੇ ਵਿਚ ਰੱਖੇ ਜਾ ਸਕਦੇ ਹਨ।)**

ਜੋ ਬੱਚੇ ਕਲਾਸਾਂ ਵਿਚ ਨਹੀਂ ਆ ਸਕਦੇ, ਅਜਿਹੇ ਬਚੇ 'ਗੁਰਮਤਿ ਕੋਰਸ ਰਾਹੀਂ' ਸਿੱਖ ਧਰਮ ਦੀ ਮੁੱਢਲੀ ਤੇ ਜ਼ਰੂਰੀ ਜਾਣਕਾਰੀ ਡਾਕ ਰਾਹੀਂ ਪ੍ਰਾਪਤ ਕਰ ਸਕਦੇ ਹਨ। ਹਰ ਪੁਸਤਕ ਦੇ ਅੰਤ ਵਿਚ ਪ੍ਰਸ਼ਨ-ਪੱਤਰ ਦਾ ਪੰਨਾ ਲਗਾ ਦਿਤਾ ਹੈ। ਜੋ ਵੀ ਸੱਜਣ, ਬੱਚੇ-ਬੱਚੀਆਂ ਇਹਨਾਂ ਪ੍ਰਸ਼ਨਾਂ ਦੇ ਉੱਤਰ ਲਿਖ ਕੇ ਭੇਜੇਗਾ, ਉਸਨੂੰ ਕਾਲਜ ਵਲੋਂ ਇਕ 'ਗੁਰਮਤਿ ਦੀ ਮੁਢਲੀ ਜਾਣਕਾਰੀ ਪਾਸ' ਦਾ ਸਰਟੀਫੀਕੇਟ ਭੇਜਿਆ ਜਾਵੇਗਾ।

**(ਸਮਾਪਤ)**

**ਸੰਪਾਦਕੀ: ਸਫਾ 7 ਦਾ ਬਾਕੀ**

ਅਸੀਂ ਕੁੱਝ ਸਿਖ ਪਾਵਾਂਗੇ ਕਿ ਨਹੀਂ, ਸੋਚਣ ਵਾਲਾ ਵਿਸ਼ਾ ਹੈ।

ਵੈਸਾਖੀ ਦਾ ਦੂਜਾ ਪੈਗ਼ਾਮ ਹੈ ਮਨੁੱਖੀ ਬਰਾਬਰੀ ਦਾ ਜੋ ਜਾਤ ਪਾਤ ਦੇ ਵਿਤਕਰੇ ਨੂੰ ਖਤਮ ਕਰਦੀ ਹੈ। ਖਾਲਸਾ ਜੀ ਇਹ ਗੱਲ ਤਾਂ ਹੁਣ ਸਿਰਫ ਕਹਿਣ ਮਾਤਰ ਹੈ ਕਿਉਂਕਿ ਜਾਤ ਪਾਤ ਦੇ ਸਿੱਖਾਂ ਵਿਚੋਂ ਆਮ ਕਰਕੇ ਖੁਲ੍ਹੇ ਦਰਸ਼ਨ ਦੀਦਾਰੇ ਹੁੰਦੇ ਹਨ, ਹੁਣ ਤੇ ਜਾਤ ਪਾਤ ਦੀ ਕਹਾਣੀ ਵੀ ਓਰੇ ਰਹਿ ਗਈ ਹੈ, ਅਸੀਂ ਤਾਂ ਹੁਣ ਵੱਖ ਵੱਖ ਜੱਥੇਬੰਦੀਆਂ,ਟਕਸਾਲਾਂ ਤੇ ਡੇਰਿਆਂ ਦੇ ਰੂਪ ਵਿੱਚ ਕਈ ਕਈ ਟੁੱਕੜਿਆਂ ਵਿੱਚ ਵੰਡੇ ਹੋਏ ਹਾਂ। ਇਸ ਨਿਆਰੇ ਖਾਲਸਾ ਪੰਥ ਦੇ ਥੋਕ ਰੂਪ ਵਿੱਚ ਬ੍ਰਾਹਮਣੀ ਕਰਮਕਾਂਡ ਦੇ ਅਜੇਹੇ ਅਸਥਾਨਾਂ ਤੋਂ ਦਰਸ਼ਨ ਕੀਤੇ ਜਾ ਸਕਦੇ ਹਨ। ਦੁੱਖ ਇਸ ਗੱਲ ਦਾ ਹੈ ਕਿ ਹਰੇਕ ਟੁੱਕੜਾ ਅੱਜ ਆਪਣੇ ਆਪ ਨੂੰ ਪੰਥ ਦੱਸ ਰਿਹਾ ਹੈ ਤੇ ਆਪ ਬ੍ਰਾਹਮਣੀ ਦਲਦਲ ਵਿੱਚ ਗਲ ਗਲ ਫਸਿਆ ਹੋਇਆ ਹੈ।

ਕੀ ਅਸੀਂ ਇਸ ਮਹਾਨ ਵੈਸਾਖੀ ਤੋਂ ਆਪਸੀ ਵਿਤਕਰਿਆ ਦੀ ਦੀਵਾਰ ਨੂੰ ਤੋੜ ਨਹੀਂ ਸਕਦੇ?

ਵੈਸਾਖੀ ਦਾ ਤੀਜਾ ਸੁਨੇਹਾਂ ਨਿਰਭਉ ਹੋ ਕਿ ਨਿਰਵੈਰ ਦੇ ਸਫਰ ਨੂੰ ਤਹਿ ਕਰਨਾ ਹੈ ਪਰ ਅੱਜ ਸਿੱਖ ਗੁਰਬਾਣੀ ਪੜ੍ਹ ਕੇ ਕਰਮ ਕਾਂਡ ਦੀ ਦੁਨੀਆਂ ਤੋਂ ਨਿਰਭਉ ਨਹੀਂ ਹੋ ਸਕਿਆ। ਅੱਜ ਸਾਡੇ ਸੁਭਾਅ ਵਿੱਚ ਸੁੱਚ ਸ਼ਬਦ ਅੜਿਆ ਹੋਇਆ ਏ ਤੇ ਫਿਰ ਕੀ ਅਸੀਂ ਆਪਣੇ ਭਰਾਵਾਂ ਪ੍ਰਤੀ ਨਿਰਵੈਰ ਹੋ ਸਕਦੇ ਹਾਂ? ਵੈਰ ਭਾਵਨਾਂ ਤਾਂ ਇਤਨੀ ਗਹਿਰੀ ਸਾਡੇ ਵਿੱਚ ਵੱਸੀ ਪਈ ਏ ਕਿ ਹਰ ਸਿੱਖ ਇਹ ਹੀ ਕਹਿੰਦਾ ਸੁਣੀਦਾ ਹੈ ਕਿ ਮੈਂ ਫਲਾਣੇ ਡੇਰੇ ਦਾ ਅੰਮ੍ਰਿਤ ਛਕਿਆ ਹੋਇਆ ਹੈ। ਸਾਰੀ ਮਨੁੱਖਤਾ ਨੂੰ ਪਿਆਰ ਗਲਵੱਕੜੀ ਵਿੱਚ ਲੈਣ ਵਾਲਾ ਸੁਨੇਹਾਂ ਛੱਡ ਕੇ ਹੈਂਕੜ-ਬਾਜ਼ੀ ਤੇ ਚੌਧਰ ਦੀ ਆਪਸੀ ਭੁੱਖ ਕਰਕੇ ਨਿਰਵੈਰ ਨਹੀਂ ਹੋ ਸਕੇ।

ਵੈਸਾਖੀ ਦਾ ਚੌਥਾ ਸੁਨੇਹਾਂ ਵਿਕਾਸ ਤਥਾ ਉਸਾਰੀ ਦਾ ਹੈ। ਆਓ ਇਸ ਵਿਸਾਖੀ ਦੇ ਦਿਹਾੜੇ ਤੇ ਨਿਆਰੇ ਸਮਾਜ ਦੀ ਸਿਰਜਣਾ ਕਰਨ ਵਿੱਚ ਆਪਣਾ ਨਿਗਰ ਯੋਗਦਾਨ ਪਾਈਏ, ਵੈਸਾਖੀ ਵਿਕਾਸ ਲੀਹਾਂ ਨੂੰ ਤਰਜੀਹ ਦੇਂਦੀ ਹੈ, ਘਸੀਆਂ ਪਿਟੀਆਂ ਲੀਹਾਂ ਵਿਚੋਂ ਬਾਹਰ ਆ ਕਿ ਸੁੰਦਰ ਰਸਤਿਆਂ ਦੇ ਪਾਂਧੀ ਬਣਾਉਂਦੀ ਹੈ। ਵੈਸਾਖੀ ਤਾਂ ਅਸੀਂ ਹਰ ਸਾਲ ਮਨਾਉਂਦੇ ਹਾਂ ਪਰ ਕੀ ਸਾਡੇ ਵਿੱਚ ਕੋਈ ਤਬਦੀਲੀ ਵੀ ਆਈ ਹੈ? ਜੇ ਸਾਡੇ ਮਾਨਸਿਕ, ਸਮਾਜਿਕ ਤੇ ਧਾਰਮਿਕ ਜੀਵਨ ਵਿੱਚ ਨਵ ਉਸਾਰੀ ਦਾ ਨਿਰਮਾਣ ਨਹੀਂ ਹੋ ਰਿਹਾ ਤਾਂ ਫਿਰ ਵੈਸਾਖੀ ਸਾਨੂੰ ਨਵੇਂ ਸਿਰੇ ਤੋਂ ਸੋਚਣ ਲਈ ਮਜ਼ਬੂਰ ਕਰਦੀ ਹੈ ਕਿਸੇ ਕਵੀ ਦੀਆਂ ਖੂਬਸੂਰਤ ਸਤਰਾਂ ਹਨ:--

ਪਾਵਨ ਦਰਸ ਤੇ ਉਹੀ ਦੀਦਾਰ ਕਰਦੇ,
ਉੱਠ ਰਾਹ ਪਿਆਰੇ ਦਾ ਮੱਲਦੇ ਜੋ।
ਪਹੁੰਚਣ ਵਤਨ ਪਿਆਰੇ ਲਈ ਉਹੀ ਬੰਦੇ,
ਪੀੜਾਂ ਵਿੱਚ ਮੁਸਾਫਰੀ ਝੱਲਦੇ ਜੋ।

-0-



लड़ी जोड़ने के लिए पिछला अंक देखें

# साहिब–ए–कमाल श्री गुरू गोबिन्द सिंघ जी का विलक्षण व्यक्तित्व– भाई नंद लाल गोया जी की नज़र में

## नासिरो मंसूर गुरू गोबिंद सिंघ ईज़दी– मैं मनजूर गुरू गोबिंद सिंघ

संग्रह कर्ता:
अमृत पाल बंसल, लुधियाना

**मुर्शिद अल – दारीनगुरू गोबिंद सिंघ।**

**बीनाश – ए हर ऐनगुरू गोबिंद सिंघ। (147)**

मुर्शिद – अध्यात्मिक मार्ग दर्शक। दारीन – दो घर, दो दुनिया। बीनाश – अंतर्द्रष्टि। हर – हर, ऐन – आंख।

श्री गुरू गोबिंद सिंघ जी दोनों लोकों में हमारे मार्गदर्शक हैं; वह हर आंख का नूर हैं।

**ज़ुमला दर फ़ुरमान गुरू गोबिंद सिंघ।**

**बरतर आमद 'ान गुरू गोबिंद सिंघ। (148)**

ज़ुमला – सब पूरा। दर – इन, पर फ़ुरमान – आदेश, नियंत्रण। बरतर – श्रेष्ठ, सर्वोच्च। आमद – आया। 'ान – गरिमा, पद।

श्री गुरू गोबिंद सिंघ जी संपूर्ण को आदेश देते हैं और जगत उनके आधीन है; वह सर्वोच्च हैं तथा परम महिमा हैं।

**हर दो आलम खैल गुरू गोबिंद सिंघ**

**ज़ुमला अंदर ज़ेल गुरू गोबिंद सिंघ। (149)**

हर – प्रत्येक। दो – दो। आलम – दुनिया। खैल – सेना। ज़ुमला – सब, संपूर्ण। अंदर – भीतर। ज़ेल – परिशिष्ट, फ़ुटनोट, निचला भाग।

दोनों लोक श्रीगुरू गोबिंद सिंघ जी की सेना हैं; सभी उनके आधीन हैं तथा सब लोक उनके अनुयायी हैं।

**वाहव अल – वहाब गुरू गोबिंद सिंघ।**

**फ़तेह हर बाब गुरू गोबिंद सिंघ। (150)**

वाहव – दाता, उदार। फतेह – विजयी, विजेता। हर – प्रत्येक। बाब – दरवाजा, द्वार, कंजूस।

श्री गुरू गोबिंद सिंघ जी परम दानी, परोपकारी दाता हैं; वह प्रत्येक युद्ध तथा स्तर के विजेता हैं।

**शामिल अल – अशफाक गुरू गोबिंद सिंघ।**

**कामिल अल – अखलाक गुरू गोबिंद सिंघ। (151)**

शामिल – युक्त, सम्मिलित। अशफाक – दया, करूणा, दाता। कामिल – उत्तम, पूर्ण, संपूर्ण। अख़लाक – नैतिकता, सदाचार, चरित्र।

श्री गुरू गोबिंद सिंघ जी का आर्शीवाद अनंत है तथा वह कृपा से परिपूर्ण हैं; वह आचरण में परिपूर्ण हैं।

**रूह दर हर जिसम गुरू गोबिंद सिंघ।**

**नूर दर दर चशम गुरू गोबिंद सिंघ। (152)**

रूह – आत्मा, दर – इन, पर। हर – प्रत्येक। जिसम – शरीर। नूर – रोशनी, चशम – आंख।

श्री गुरू गोबिंद सिंघ जी जन – जन के प्राण हैं और प्रत्येक 'रीर में आत्मा है; वह हर किसी की आंख का प्रकाश हैं, हर आंख की ज्योति हैं।

**जुमला रोज़ी खवार गुरू गोबिंद सिंघ।**

**फैज़ – ए हक़ गुरू गोबिंद सिंघ (153)**

जुमला – सब, पूरा। रोजी – जीविका। खवार – खाने वाला, पीने वाला। फैज़ – एहसान, आर्शीवाद, इनाम, हक, सच्चाई, भगवान। बारिश।

श्री गुरू गोबिंद सिंघ जी सभी को जीविका प्रदान करते हैं, तथा गुरू साहिब जी सब के अन्नदाता हैं; वह भगवान की कृपा के बरसने वाले बादल हैं।

**बिस्त – ओ हफ़त गदा – एगुरू गोबिंद सिंघ।**

**हफत हम 'हीदा – एगुरू गोबिंद सिंघ। (154)**

बिस्त – बीस। हफत – सात। विस्त ओ हफत – सताईस। गदा – भिखारी। हफत – सात। हम – भी। 'हीदा – पागल।

सताईस देवता श्री गुरू गोबिंद सिंघ जी के भिखारी हैं, सातों लोक गुरू साहिब जी की प्रसंसा करते है और उन पर कुर्बान होना चाहते हैं।

**खाक हूबि सारा – ए गुरू गोबिंद सिंघ।**

**खमस वसफ पै – राए गुरू गोबिंद सिंघ। (155)**

खाक – धूल, हूबि – सफाई। खाकहूबि – सफाई करने वाला। सारा – घर। खमस – एक पांचवा। वसफ – विशेषताएं, गुण। पैराए – सजाएं।

सभी देवता श्री गुरू गोबिंद सिंघ जी के घर में झाड़ू – पोंछा (सफाई) करने में लगे हुए हैं। पांच तत्व उनकी स्तुति करते हैं और उनके गुणों की 'ोभा बढ़ाते हैं।

**बर दो आलम दसत गुरू गोबिंद सिंघ।**

**जुमला उलवी पसतगुरू गोबिंद सिंघ। (156)**

बर – में पर, दो – दो। आलम – दुनिया। दसत – हाथ। जुमला – सब, पूरा। उलवी – उत्कृष्ट दिव्य। पसत – निम्न।

दोनों लोकों पर श्री गुरू गोबिंद सिंघ जी का हाथ है; उनके सामने सभी देवदूत और देवता तुच्छ हैं

➡

Continues from previous Issue



# Praises of Shri Guru Gobind Singh Ji By Bhai Nand Lal Goya Ji

-Compiled by:
Amrit Paul Bansal
Ludhiana

## "Nasar-O Mansoor Guru Gobind Singh Eezad-I Manzoor Guru Gobind Singh"

ਮੁਰਸ਼ਦੁ–ਦਾ'ਰੈਨਿ ਗੁਰੂ ਗੋਬਿੰਦ ਸਿੰਘ
ਬੀਨਸ਼ਿ ਹਰ ਐਨ ਗੁਰੂ ਗੋਬਿੰਦ ਸਿੰਘ॥

Murshid Al-Daareen Guru Gobind Singh
Beenash-E Har Ein Guru Gobind Singh (147)

Murshid-spiritual guide, elder, Daareen-two houses, two worlds, Beenash-insight Har-every Ein-Eye

Guru Gobind Singh is our guide in both the worlds; He is the sight of every eye.

ਜੁਮਲਾ ਦਰ ਫਰਮਾਨਿ ਗੁਰੂ ਗੋਬਿੰਦ ਸਿੰਘ
ਬਰ ਤਰ ਆਮਦ ਸ਼ਾਨਿ ਗੁਰੂ ਗੋਬਿੰਦ ਸਿੰਘ॥

Jumla Dar Furmaan Guru Gobind Singh
Bartar Aamad Shaan Guru Gobind Singh (148)

Jumla-all, the whole Dar-in, at Furmaan-commands, control Bartar-superior, supreme Aamad-came

Guru Gobind Singh commands the whole creation; He is supreme in stature and has the loftiest glory and grandeur.

ਹਰ ਦੋ ਆਲਮ ਖ਼ੈਲਿ ਗੁਰੂ ਗੋਬਿੰਦ ਸਿੰਘ
ਜੁਮਲਾ ਅੰਦਰ ਜ਼ੈਲਿ ਗੁਰੂ ਗੋਬਿੰਦ ਸਿੰਘ॥

Har Do Aalam Kheil Guru Gobind Singh
Jumla Andar Zeil Guru Gobind Singh (149)

Har-each, every, Do-two Aalam-world Kheil- army, troops jumla-all, the whole inside, Andar-inside, within Zeil-appendix, footnote, bottom

Both the worlds are the army of Guru Gobind Singh; all are under His protection

ਵਾਹਿਬੋ ਵੱਹਾਬ ਗੁਰੂ ਗੋਬਿੰਦ ਸਿੰਘ
ਫਾਤਿਹਿ ਹਰ ਬਾਬ ਗੁਰੂ ਗੋਬਿੰਦ ਸਿੰਘ॥

Waahab-0-Wahaab Guru Gobind Singh
Faateh Har Baab Guru Gobind Singh (150)

Waahab-giver, generous, donor, Wahaab-giver Generous-Fateh-Victorious, Conqueror, Har-every Baab-door, gate, strait.

The most generous Guru Gobind Singh is the conqueror of every battle.

ਸ਼ਾਮਿਲਿ–ਲ–ਅਸ਼ਫਾਕ ਗੁਰੂ ਗੋਬਿੰਦ ਸਿੰਘ
ਕਾਮਿਲਿ–ਲ–ਅਖ਼ਲਾਕ ਗੁਰੂ ਗੋਬਿੰਦ ਸਿੰਘ॥

Shaamil Al-Ashfaaq Guru Gobind Singh
Kaamil Al-Akhlaaq Guru Gobind Singh (151)

Shaamil-containing, including, consisting
Ashfaaq-mercy, kindness, compassion, bestower
Kaamil-perfect, complete, thorough Akhlaaq-morals, ethics, virtue, character

Guru Gobind Singh's blessings are unending and He is filled with mercies and compassion. He is virtue personified.

ਰੂਹ ਦਰ ਹਰ ਜਿਸਮ ਗੁਰੂ ਗੋਬਿੰਦ ਸਿੰਘ
ਨੂਰ ਦਰ ਹਰ ਚਸ਼ਮ ਗੁਰੂ ਗੋਬਿੰਦ ਸਿੰਘ॥

Rooh Dar Har Jism Guru Gobind Singh
Noor Dar Har Chashm Guru Gobind Singh (152)

Rooh-soul, jism-body, Noor-light, Chashm-eye

Guru Gobind Singh is the soul and spirit in every body. He is the light and radiance in each and every eye.

ਜੁਮਲਾ ਰੋਜ਼ੀ ਖ਼ਾਰਿ ਗੁਰੂ ਗੋਬਿੰਦ ਸਿੰਘ
ਬੈਜ਼ਿ ਹੱਕ ਇਮਤਾਰ ਗੁਰੂ ਗੋਬਿੰਦ ਸਿੰਘ॥

Jumla Rozi Khaar Guru Gobind Singh
Feiz-E Haq Amtaar Guru Gobind Singh (153)

Jumla-all, the whole Rozi- Feiz-favour, blessing, bounty Haq-truth, God Amtaar-rain

Guru Gobind Singh provides sustenance (food, livelihood) to all; He showers His graces and clouds are full of blessings.

ਬਿਸਤੋ ਹਫ਼ਤ ਗਦਾਇ ਗੁਰੂ ਗੋਬਿੰਦ ਸਿੰਘ
ਹਫ਼ਤ ਹਮ ਸ਼ੈਦਾਇ ਗੁਰੂ ਗੋਬਿੰਦ ਸਿੰਘ॥

Bist-o Haft Gadaa-E Guru Gobind Singh
Haft Ham Sheidaa-E Guru Gobind Singh (154)

Bist-twenty haft-seven Bist-o Half-twenty seven Gadaaa-beggar Half-Seven Ham-too, also Sheidaa-E-mad love sick

Twenty-seven Gods are the beggars of Guru Gobind Singh; All the seven worlds are willing to sacrifice themselves for Him.

ਖ਼ਾਕਹੂਬਿ ਸਰਾਇ ਗੁਰੂ ਗੋਬਿੰਦ ਸਿੰਘ
ਖ਼ੱਮਸ ਵਸਫ ਪੈਰਾਇ ਗੁਰੂ ਗੋਬਿੰਦ ਸਿੰਘ॥

Khaak Hoob Saraa-E Guru Gobind Singh
Khams Wasf Pei-Raa-E Guru Gobind Singh (155)

Khaak- dust Hoob- Sweep Khaak Harb-Sweepers, Saraa-house, inn, world, Khams-one fifth, Wasf-attribute, Qualities Chercteristics Pei-Raa-decorate, trim, ornament.

All the twenty seven Gods are engaged in Sweeping the house of Guru Gobind Singh; and all the five sences and reproductive organs highlight His virtues in praise.

ਬਰ ਦੋ ਆਲਮ ਦਸਤਿ ਗੁਰੂ ਗੋਬਿੰਦ ਸਿੰਘ
ਜੁਮਲਾ ਉਲਵੀ ਪਸਤਿ ਗੁਰੂ ਗੋਬਿੰਦ ਸਿੰਘ॥

Bar Do Aalam Dast Guru Gobind Singh

Jumla Ulvi Past Guru Gobind Singh (156)

Bar-in, at Aalam-world Dast-hand Jumla-all past-Low, base, inferior

Guru Gobind Singh has his hand of blessings and grace over both the worlds; all the angels are inferior to Him.

**ਲਾਅਲ ਸਗੇ ਗੁਲਾਮਿ ਗੁਰੂ ਗੋਬਿੰਦ ਸਿੰਘ**
**ਦਾਗ਼ਦਾਰਿ ਨਾਮਿ ਗੁਰੂ ਗੋਬਿੰਦ ਸਿੰਘ ॥**

Lal Sag Gulaam Guru Gobind Singh
Daag-Daar-E Naam Guru Gobind Singh (157)

Lal-Bhai Nand Lal Sag-Dog Gulaam-slave Daag-Daar-Branded Naam-name

Nand Lal is the slave dog at the door to Guru Gobind Singh;He carries the stamp of Guru Gobind Singh on Him.

**ਕਮਤਰੀਂ ਜ਼ਿ ਸਗਾਨਿ ਗੁਰੂ ਗੋਬਿੰਦ ਸਿੰਘ**
**ਰੇਜ਼ਾ ਚੀਨਿ ਖ਼ਾਨਿ ਗੁਰੂ ਗੋਬਿੰਦ ਸਿੰਘ ॥**

Kamtareen Z sgaan Guru Gobind Singh
Rezza cheen-E Khwaan Guru Gobind Singh (158)

Kamtareen-smallest, least, Z-particle sgaan-dogs Rezaa-minute, tiny cheen –pleat, fold Khwaan-dinner table

Nand lal is lower than all the slave dogs Guru Gobind Singh; He pick up Crumbs and bits from the left overs from the dinner table of Guru Sahib ji.

**ਸਾਇਲ ਅਜ਼ ਇਨਆਮਿ ਗੁਰੂ ਗੋਬਿੰਦ ਸਿੰਘ**
**ਖ਼ਾਕਿ ਪਾਕਿ ਅਕਦਾਮਿ ਗੁਰੂ ਗੋਬਿੰਦ ਸਿੰਘ ॥**

Saa-El Az in-aam Guru Gobind Singh
Khaak-E Paak IQdaam Guru Gobind Singh (159)

Saa-El-beggar Az-From, out of In-aam-reward, gift Khaak-dust Paak-pure, Chaste Iqdaam-feet, foot-steps

Nand Lal is begging to get the gift of holy dust of Guru Gobind Singh's feet; and is anxious to recieve the blessings of the dust of the feet of Guru Gobind Singh.

**ਬਾਦ ਜਾਨਸ਼ ਫ਼ਿਦਾਇ ਗੁਰੂ ਗੋਬਿੰਦ ਸਿੰਘ**
**ਫਰਕਿ ਉ ਬਰ ਪਾਇ ਗੁਰੂ ਗੋਬਿੰਦ ਸਿੰਘ ॥**

Baad Jaanash Fidaa-E Guru Gobind Singh
Farq-o Bar Paa-E Guru Gobind Singh (160)

Baad-wind, air, puff, pride Jaan-life Jaanash-his life Fidaa-sacrifice, devotion Frq-head, crown of head Bar-in, at Paa-feet

May I be blessed that (Nand Lal) could sacrifice my life for Guru Gobind Singh and Nand Lal's head may always remain at His feet.

In the concluding verses of “Ganjnama”, Bhai Nand Lal Goya ji has described his love and devotion for shri Guru Gobind Singh with limitless depths of utmost humility through beautiful poetic lines, the summary of which is as under;

My soul is branded “Guru Gobind Singh”; I am the slave dog of Shri Guru Gobind Singh Ji even, I am lower than His dogs; if I were to partake the leftovers of His dogs, I would be fortunate. The only hope, I have now is that when my life is sacrificed for the Guru, let my head be on His holy feet.

-0-

---

➡ **लाल सग गुलाम गुरू गोबिंद सिंघ।**
**दाग़ – दार – ए नाम गुरू गोबिंद सिंघ। (157)**

लाल – भाई नंद लाल गोया जी। सग – कुत्ता। गुलाम – गुलाम। दाग़ दार – ब्रांडेड। नाम – नाम

नंद लाल श्री गुरू गोबिंद सिंघ जी का गुलाम कुत्ता है; वह गुरू साहिब जी के नाम की अपने ऊपर मोहर रखता है।

**कामतारीन ज़ सगान गुरू गोबिंद सिंघ।**
**रेजा चीन – ए खान गुरू गोबिंद सिंघ। (158)**

कामतारीन – सब से छोटा। ज़ – कण। सगान – कुत्ते। रेजा – मिनट, छोटा चीन – प्लीट, फोल्ड। खान – डिनर टेबल।

नंद लाल, श्री गुरू गोबिंद सिंघ जी के सभी कुत्तों से भी नीचे है; उसकी चोंच गुरू साहिब जी के खाने की मेज के बचे हुए हिस्से पर है तथा मैं उनके बर्तनों में छोटे – छोटे टुकड़ों पर चोंच मारता हूं।

सा – एल अज़ इन – आम गुरू गोबिंद सिंघ।
ख़ाक – ए पाक इकदाम गुरू गोबिंद सिंघ। (159)

सा एल – भिखारी। अज़ – से, बाहर। इन आम – इनाम, उपहार। खाक – धूल। पाक – शुद्ध, पवित्र। इकदाम – पैर। पद – चिन्ह।

यह दास (नंद लाल) श्री गुरू गोबिंद सिंघ जी के चरणों की पवित्र धूलि का उपहार पाने के लिए भीख मांग रहा है।

बाद जानाश फ़िदा – एगुरू गोबिंद सिंघ।
फ़र्क – ओ बर पा – एगुरू गोबिंद सिंघ। (160)

बाद – हवा, झोंका, घमंड। जान – जिंदगी। जानाश – उनका जीवन। फिदा – त्याग, भक्ति। फर्क ओ – सिर, सिर का ताज। बन – इन। पा ए – फीट पर।

श्री गुरू गोबिंद सिंघ जी के लिए उनका (नंद लाल का) जीवन बलिदान हो सकता है; और नंद लाल का ीश गुरू साहिब जी के चरणों में सदा समर्पित रहेगा।

“गंजनामा” के अंतिम ‘लोकों में भाई नंद लाल गोया जी ने श्री गुरू गोबिंद सिंघ जी के प्रति अपने प्रेम तथा श्रद्धा की असीमित गहिराईयों का अत्यंत विनम्रता से वर्णन किया है, जिस का सार इस तरह है:

मेरी आत्मा का नाम “गुरू गोबिंद सिंघ” है; मैं गुरू गोबिंद सिंघ जी का गुलाम कुत्ता हूं, बल्कि मैं उनके कुत्तों से भी नीचे हूं; अगर मुझे उनके कुत्तों का बचा हुआ भोजन खाना पड़े, तो मैं भाग्यशाली होऊंगा। अब मेरी एकमात्र आशा यह है कि जब मेरा जीवन गुरू के लिए कुर्बान हो जाए, तो मेरा सिर उनके चरणों पर हो।

(समापत)

ਸਿਹਤ ਸੰਭਾਲ

ਡਾ. ਹਰਸ਼ਿੰਦਰ ਕੌਰ, ਐੱਮ.ਡੀ. 0175-2216783

# ਔਰਤਾਂ ਲਈ ਕਿਹੜੇ ਖਾਣੇ ਬਿਹਤਰੀਨ ਹਨ

ਔਰਤ ਅਤੇ ਮਰਦ ਦੇ ਵਖਰੇ ਹਾਰਮੋਨ, ਬੱਚੇ ਦਾ ਠਹਿਰਨਾ, ਮਾਹਵਾਰੀ ਆਦਿ ਅਨੇਕ ਕਾਰਨਾਂ ਕਰ ਕੇ ਕੁੱਝ ਕਿਸਮਾਂ ਦੇ ਖਾਣੇ ਔਰਤਾਂ ਨੂੰ ਜ਼ਰੂਰ ਲੈਣੇ ਚਾਹੀਦੇ ਹਨ। ਹੱਡੀਆਂ ਨੂੰ ਛੇਤੀ ਖੁਰਨ ਤੋਂ ਬਚਾਉਣਾ, ਬੱਚੇ ਨੂੰ ਦੁੱਧ ਚੁੰਘਾਉਣਾ, ਛਾਤੀ ਦੇ ਕੈਂਸਰ ਤੋਂ ਬਚਾਓ ਆਦਿ, ਲਈ ਖ਼ੁਰਾਕ ਦਾ ਅਹਿਮ ਰੋਲ ਲੱਭਿਆ ਜਾ ਚੁੱਕਿਆ ਹੈ। ਇਹ ਖਾਣੇ ਹਨ:-

**1. ਸੋਇਆਬੀਨ ਦੀਆਂ ਫਲੀਆਂ :-**

ਮਾਹਵਾਰੀ ਬੰਦ ਹੋ ਜਾਣ ਬਾਅਦ ਇਕਦਮ ਗਰਮੀ ਤੇ ਘਬਰਾਹਟ ਮਹਿਸੂਸ ਹੋਣ ਲੱਗ ਪੈਂਦੀ ਹੈ। ਅਜਿਹੀ ਹਾਰਮੋਨਾਂ ਦੀ ਤਬਦੀਲੀ ਦੌਰਾਨ ਈਸਟਰੋਜਨ ਵਰਗੇ ਕੁਦਰਤੀ ਤੱਤ ਕਾਫ਼ੀ ਫ਼ਾਇਦਾ ਦਿੰਦੇ ਹਨ। ਸੋਇਆਬੀਨ ਦੀਆਂ ਹਰੀਆਂ ਫਲੀਆਂ ਵਿਚ ਆਈਸੋਫਲੇਵੋਨ ਹੁੰਦੇ ਹਨ ਜੋ ਈਸਟਰੋਜਨ ਵਰਗਾ ਅਸਰ ਵਿਖਾਉਂਦੇ ਹਨ। ਇਨ੍ਹਾਂ ਵਿਚ ਫਾਈਬਰ ਵੀ ਕਾਫ਼ੀ ਹੁੰਦਾ ਹੈ।

**2. ਕੇਲ ਪੱਤਾ :-**

ਵਿਟਾਮਿਨ ਏ, ਡੀ, ਸੀ ਤੇ ਕੇ ਨਾਲ ਭਰੇ ਇਹ ਪੱਤੇ ਹੱਡੀਆਂ ਮਜ਼ਬੂਤ ਰੱਖਣ ਵਿਚ ਮਦਦ ਕਰਦੇ ਹਨ। ਵਿਟਾਮਿਨ ਏ ਅਤੇ ਸੀ ਦੀ ਰੋਜ਼ਾਨਾ ਲੋੜੀਂਦੀ ਮਾਤਰਾ ਦਾ 20 ਫੀਸਦੀ ਹਿੱਸਾ ਇੱਕ ਵੇਲੇ ਦਾ ਰੱਜ ਕੇ ਖਾਧਾ ਕੇਲ ਪੱਤਿਆਂ ਦੇ ਸਲਾਦ ਨਾਲ ਹੀ ਪੂਰਾ ਹੋ ਜਾਂਦਾ ਹੈ।

**3. ਐਸਪੈਰਾਗਸ ਬੂਟੀ :-**

ਵਿਟਾਮਿਨ ਕੇ ਤੇ ਫੋਲੇਟ ਭਰਪੂਰ ਇਹ ਬੂਟੀ ਹੁਣ ਵੱਡੇ ਹੋਟਲਾਂ ਵਿਚ ਬਹੁਤ ਮਹਿੰਗੇ ਭਾਅ ਖਾਣ ਨੂੰ ਮਿਲਦੀ ਹੈ। ਰੀੜ੍ਹ ਦੀ ਹੱਡੀ ਦੇ ਜਮਾਂਦਰੂ ਨੁਕਸ ਰੋਕਣ ਲਈ ਇਸ ਵਿਚਲਾ ਫੋਲੇਟ ਵਧੀਆ ਹੈ ਤੇ ਵਿਟਾਮਿਨ ਕੇ ਹੱਡੀਆਂ ਵੀ ਤਗੜੀਆਂ ਕਰਦਾ ਹੈ।

**4. ਰਾਜਮਾਂਹ, ਸੋਇਆਬੀਨ ਤੇ ਰੌਂਗੀ :-**

ਪ੍ਰੋਟੀਨ ਪੂਰੀ ਕਰਨ ਲਈ ਇਹ ਜ਼ਰੂਰ ਖਾਣੇ ਚਾਹੀਦੇ ਹਨ ਕਿਉਂਕਿ ਅਣਗਿਣਤ ਔਰਤਾਂ ਪ੍ਰੋਟੀਨ ਦੀ ਕਮੀ ਨਾਲ ਜੂਝਦੀਆਂ ਸਤਮਾਹੇ ਬੱਚੇ ਪੈਦਾ ਕਰਕੇ ਜਹਾਨੋਂ ਕੂਚ ਕਰ ਜਾਂਦੀਆਂ ਹਨ। ਲਹੂ ਦੀ ਕਮੀ ਵੀ ਲਗਭਗ 80 ਫੀਸਦੀ ਔਰਤਾਂ ਵਿਚ ਲੱਭੀ ਗਈ ਹੈ ਜਿਸ ਸਦਕਾ ਮੰਦਬੁੱਧ ਬੱਚੇ ਪੈਦਾ ਹੋ ਸਕਦੇ ਹਨ। ਇਸੇ ਲਈ ਫਲ ਸਬਜ਼ੀਆਂ ਜ਼ਰੂਰ ਖਾਂਦੇ ਰਹਿਣਾ ਚਾਹੀਦਾ ਹੈ ਜਿਨ੍ਹਾਂ ਵਿਚਲਾ ਫਾਈਬਰ ਵੀ ਅੰਤੜੀਆਂ ਲਈ ਵਧੀਆ ਹੈ ਤੇ ਇਹ ਸਰੀਰ ਅੰਦਰ ਸ਼ੱਕਰ ਦੀ ਮਾਤਰਾ ਵੀ ਸਹੀ ਰੱਖਦਾ ਹੈ। ਇੰਜ ਭਾਰ ਵੀ ਕਾਬੂ ਵਿਚ ਰੱਖਿਆ ਜਾ ਸਕਦਾ ਹੈ। ਅੱਜ ਦੇ ਦਿਨ ਅਮਰੀਕਾ ਵਿਚ ਔਰਤਾਂ ਦੇ ਦਿਲ ਦੇ ਰੋਗ ਉਨ੍ਹਾਂ ਦੀ ਮੌਤ ਦਾ ਪਹਿਲਾ ਕਾਰਨ ਬਣ ਚੁੱਕੇ ਹੋਏ ਹਨ।

**5. ਚਕੋਤਰਾ :-**

ਔਰਤਾਂ ਵਿਚ ਪਾਸੇ ਦਾ ਮਾਰਿਆ ਜਾਣਾ (ਸਟਰੋਕ) ਵੀ ਆਮ ਹੀ ਵੇਖਿਆ ਜਾਣ ਲੱਗ ਪਿਆ ਹੈ। ਚਕੋਧਰਾ ਜਿੱਥੇ ਸਟਰੋਕ ਦਾ ਖ਼ਤਰਾ ਘਟਾਉਂਦਾ ਹੈ, ਉੱਥੇ ਦਿਲ ਦੇ ਰੋਗਾਂ ਤੋਂ ਵੀ ਬਚਾਉਂਦਾ ਹੈ। ਹਾਲਾਂਕਿ ਸੰਤਰੇ ਵੀ ਵਧੀਆ ਹਨ ਪਰ ਚਕੋਧਰੇ ਵਿਚ ਸੰਤਰੇ ਨਾਲੋਂ ਘੱਟ ਮਿੱਠਾ ਹੁੰਦਾ ਹੈ। ਇਸ ਵਿਚਲੇ ਫਲੇਵੋਨਾਇਡ ਬੇਸ਼ਕੀਮਤੀ ਹਨ। ਕੁੱਝ ਕਿਸਮ ਦੀਆਂ ਦਵਾਈਆਂ ਨਾਲ ਚਕੋਧਰਾ ਨਹੀਂ ਖਾਧਾ ਜਾ ਸਕਦਾ। ਸੋ ਇਸ ਵਾਸਤੇ ਡਾਕਟਰੀ ਸਲਾਹ ਲੈ ਲੈਣੀ ਚਾਹੀਦੀ ਹੈ।

**6. ਬਲੂਬੈਰੀ, ਸਟਰਾਅਬੈਰੀ ਅਤੇ ਚੈਰੀਆਂ :-**

ਫਲੇਵੋਨਾਇਡ ਅਤੇ ਐਂਟੀਆਕਸੀਡੈਂਟ ਨਾਲ ਭਰਪੂਰ ਰੰਗ ਬਿਰੰਗੀਆਂ ਬੈਰੀਆਂ ਅਤੇ ਚੈਰੀਆਂ ਜਿੱਥੇ ਦਿਮਾਗ਼ ਨੂੰ ਚੁਸਤ ਰੱਖਦੀਆਂ ਹਨ ਉੱਥੇ ਇਨ੍ਹਾਂ ਵਿਚਲਾ ਵਿਟਾਮਿਨ 'ਸੀ' ਚਮੜੀ ਹੇਠਲੇ ਕੋਲਾਜਨ ਨੂੰ ਤੰਦਰੁਸਤ ਰੱਖਦਾ ਹੈ ਤੇ ਛੇਤੀ ਝੁਰੜੀਆਂ ਨਹੀਂ ਪੈਣ ਦਿੰਦਾ। ਸੈੱਲਾਂ ਦੀ ਟੁੱਟ ਭੁੱਟ ਨੂੰ ਵੀ ਇਹ ਘਟਾ ਦਿੰਦਾ ਹੈ।

**7. ਪਪੀਤਾ :-**

ਬੀਟਾ ਕੈਰੋਟੀਨ ਅਤੇ ਲਾਈਕੋਪੀਨ ਨਾਲ ਭਰਪੂਰ ਪਪੀਤਾ ਬੱਚੇਦਾਨੀ ਦੇ ਮੂੰਹ ਦੇ ਕੈਂਸਰ ਅਤੇ ਛਾਤੀ ਦੇ ਕੈਂਸਰ ਨੂੰ ਰੋਕਣ ਵਿਚ ਕੁੱਝ ਰੋਲ ਜ਼ਰੂਰ ਅਦਾ ਕਰਦਾ ਹੈ। ਬੀਟਾ ਕੈਰੋਟੀਨ ਗਾਜਰਾਂ ਵਿਚ ਵੀ ਹੁੰਦਾ ਹੈ। ਇੰਜ ਹੀ ਲਾਈਕੋਪੀਨ ਟਮਾਟਰ ਅਤੇ ਮਤੀਰੇ (ਹਦਵਾਣੇ) ਵਿਚ ਵੀ ਹੁੰਦਾ ਹੈ। ਸੋ ਉਹ ਵੀ ਰੈਗੂਲਰ ਵਰਤਣੇ ਚਾਹੀਦੇ ਹਨ।

ਪਪੀਤੇ ਵਿਚਲੇ ਐਂਟੀਆਕਸੀਡੈਂਟ ਕੋਲੈਸਟਰੋਲ ਅਤੇ ਬਲੱਡ ਪ੍ਰੈੱਸ਼ਰ ਨੂੰ ਸਹੀ ਰੱਖਣ ਵਿਚ ਵੀ ਮਦਦ ਕਰਦੇ ਹਨ। ਇੰਜ ਦਿਲ ਵੀ ਸਿਹਤਮੰਦ ਰੱਖਿਆ ਜਾ ਸਕਦਾ ਹੈ।

**8. ਘੱਟ ਥਿੰਦੇ ਵਾਲਾ ਦਹੀਂ :-**

ਤਾਜ਼ਾ ਜੰਮਿਆ ਸਪਰੇਟੇ ਦੁੱਧ ਦਾ ਦਹੀਂ ਜਿਸ ਵਿਚ ਮਿੱਠਾ ਜਾਂ ਲੂਣ ਨਾ ਪਾਇਆ ਹੋਵੇ, 40 ਵਰ੍ਹਿਆਂ ਦੀ ਉਮਰ ਤੋਂ ਬਾਅਦ ਰੈਗੂਲਰ ਖਾਣਾ ਚਾਹੀਦਾ ਹੈ। ਸਿਰਫ਼ 8 ਔਂਸ ਨਾਲ ਹੀ ਰੋਜ਼ ਦੇ ਲੋੜੀਂਦੇ ਕੈਲਸ਼ੀਅਮ ਦਾ ਇੱਕ ਤਿਹਾਈ ਹਿੱਸਾ ਪੂਰਾ ਹੋ ਜਾਂਦਾ ਹੈ।

**9. ਫਲੈਕਸ ਬੀਜ (ਅਲਸੀ) :-**

ਫਾਈਬਰ ਅਤੇ ਲਿਗਨੈਨ ਜਿਹੜੇ ਈਸਟਰੋਜਨ ਵਾਂਗ ਅਸਰ ਵਿਖਾਉਂਦੇ ਹਨ, ਛਾਤੀ ਦੇ ਕੈਂਸਰ ਨੂੰ ਹੋਣ ਤੋਂ ਰੋਕਦੇ ਹਨ। ਇਸ ਵਿਚ ਲੋੜੀਂਦੇ ਓਮੇਗਾ ਤਿੰਨ ਫੈਟੀ ਏਸਿਡ ਵੀ ਹਨ।

**10. ਅਖਰੋਟ :-**

ਇਸ ਵਿਚਲੇ ਵਧੀਆ ਫੈਟੀ ਏਸਿਡ ਜਿੱਥੇ ਕੈਂਸਰ ਰੋਕਣ ਵਿਚ ਕੁੱਝ ਰੋਲ ਅਦਾ ਕਰਦੇ ਹਨ, ਉੱਥੇ ਅੰਤੜੀਆਂ ਨੂੰ ਤੰਦਰੁਸਤ ਰੱਖਣ, ਸ਼ੱਕਰ ਰੋਗ ਅਤੇ ਬਲੱਡ ਪ੍ਰੈੱਸ਼ਰ ਕਾਬੂ ਵਿਚ ਰੱਖਣ ਦੇ ਨਾਲ-ਨਾਲ ਦਿਮਾਗ਼ ਵੀ ਚੁਸਤ ਦਰੁਸਤ ਰੱਖਦੇ ਹਨ। ਰੋਜ਼ 4-5 ਅਖਰੋਟ ਜ਼ਰੂਰ ਖਾ ਲੈਣੇ ਚਾਹੀਦੇ ਹਨ ਤੇ ਏਨੇ ਹੀ ਬਦਾਮ ਵੀ।

**11. ਸਾਰਡੀਨ ਮੱਛੀ :-**

ਵਿਟਾਮਿਨ ਡੀ, ਕੈਲਸ਼ੀਅਮ, ਓਮੇਗਾ ਤਿੰਨ ਫੈਟੀ ਏਸਿਡ ਨਾਲ ਭਰੀ ਮੱਛੀ ਦੁੱਧ ਪਿਆਉਂਦੀਆਂ ਮਾਵਾਂ ਲਈ ਕਾਫ਼ੀ ਲਾਹੇਵੰਦ ਹੈ। ਇੰਜ ਹੀ ਗਰਭਵਤੀ ਮਾਵਾਂ ਲਈ ਵੀ ਚੰਗੀ ਸਾਬਤ ਹੋ ਚੁੱਕੀ ਹੈ।

**12. ਐਵੋਕੈਡੋ :-**

ਚਮੜੀ ਅਤੇ ਅੱਖਾਂ ਲਈ ਵਧੀਆ ਐਵੋਕੈਡੋ, ਮਾੜਾ ਕੋਲੈਸਟਰੋਲ ਘਟਾਉਂਦਾ ਹੈ ਅਤੇ ਚੰਗਾ ਕੋਲੈਸਟਰੋਲ ਵਧਾ ਦਿੰਦਾ ਹੈ। ਇਸ ਨੂੰ ਚਟਨੀ ਵਿਚ ਪਾ ਕੇ ਵੀ ਖਾਧਾ ਜਾ ਸਕਦਾ ਹੈ ਅਤੇ ਸਲਾਦ ਵਿਚ ਵੀ।

**13. ਬਕਰੇ ਦਾ ਜਿਗਰ :-**

ਇਸ ਵਿਚ ਪਾਲਕ ਤੋਂ ਕਿਤੇ ਵੱਧ ਫੋਲੇਟ ਹੈ ਜੋ ਭਰੂਣ ਲਈ ਬਹੁਤ ਵਧੀਆ ਹੈ।

**14. ਪਾਲਕ :-**

ਇਸ ਨੂੰ ਐਵੇਂ ਹੀ ਪਾਲਣਹਾਰ ਨਹੀਂ ਕਿਹਾ ਜਾਂਦਾ। ਦਿਮਾਗ਼ ਨੂੰ ਤਰੋਤਾਜ਼ਾ ਰੱਖਣਾ, ਦਿਮਾਗ਼ ਦਾ ਸੁੰਗੜਨਾ ਰੋਕਣਾ, ਦਿਲ ਨੂੰ ਨਿਰੋਗ ਰੱਖਣਾ, ਅੰਤੜੀਆਂ ਦੇ ਕੈਂਸਰ ਤੋਂ ਬਚਾਉਣਾ, ਲਿਊਟੀਨ ਅਤੇ ਫੋਲੇਟ ਸਦਕਾ ਅੱਖਾਂ ਵਿਚਲੇ ਲੈਂਸ ਅਤੇ ਰੈਟੀਨਾ ਪਰਤ ਨੂੰ ਤੰਦਰੁਸਤ ਰੱਖਣਾ, ਚਮੜੀ ਦੀਆਂ ਝੁਰੜੀਆਂ ਪੈਣ ਤੋਂ ਰੋਕਣਾ ਆਦਿ ਪਾਲਕ ਨੂੰ ਬਿਹਤਰੀਨ ਖ਼ੁਰਾਕ ਬਣਾ ਦਿੰਦਾ ਹੈ।

**ਸਾਰ :-**

ਕਿਹਾ ਜਾਂਦਾ ਹੈ ਕਿ ਘਰ ਵਿਚਲੀ ਇੱਕ ਔਰਤ ਪੜ੍ਹ ਜਾਵੇ ਤਾਂ ਸਾਰਾ ਟੱਬਰ ਹੀ ਪੜ੍ਹ ਜਾਂਦਾ ਹੈ। ਇੰਜ ਹੀ ਮਾਂ ਸਿਹਤਮੰਦ ਹੋਵੇ ਤਾਂ ਬੱਚਾ ਭਾਵੇਂ ਕੁੜੀ ਹੋਵੇ ਜਾਂ ਮੁੰਡਾ, ਸਿਹਤਮੰਦ ਹੀ ਰਹਿੰਦਾ ਹੈ। ਇਸੇ ਲਈ ਹਰ ਬੇਟੀ ਦੀ ਸਿਹਤ ਦਾ ਖ਼ਿਆਲ ਰੱਖਣਾ ਬਹੁਤ ਜ਼ਰੂਰੀ ਹੈ ਜਿਸ ਵਾਸਤੇ ਸਹੀ ਖ਼ੁਰਾਕ ਖਾਣੀ ਲਾਜ਼ਮੀ ਹੈ। ਰੋਜ਼ਾਨਾ ਕਸਰਤ ਵੀ ਨਾਲੋ ਨਾਲ ਕਰਨੀ ਜ਼ਰੂਰੀ ਹੈ।

-0-

# ਅਪ੍ਰੈਲ ਮਹੀਨੇ ਦੇ ਖੇਤੀ ਰੁਝੇਵੇਂ

**ਸਬਜ਼ੀਆਂ:-**

**ਟਮਾਟਰ :** ਟਮਾਟਰ ਦੀ ਫ਼ਸਲ ਨੂੰ ਹਫ਼ਤੇ ਵਿੱਚ ਇੱਕ ਵਾਰ ਪਾਣੀ ਦਿਉ ਤਾਂ ਜੋ ਫੁੱਲ ਚੰਗੇ ਪੈਣ ਅਤੇ ਫ਼ਲ ਦਾ ਵਾਧਾ ਵੀ ਚੰਗਾ ਹੋਵੇ। ਪੰਜਾਬ ਰੱਤਾ, ਪੰਜਾਬ ਛੁਹਾਰਾ, ਪੀ ਐਨ ਆਰ-7, ਪੰਜਾਬ ਉਪਮਾ ਅਤੇ ਦੋਗਲੀ ਕਿਸਮ ਟੀ ਐੱਚ-1 ਅਤੇ ਪੀ ਟੀ ਐੱਚ-2 ਇਸ ਮਹੀਨੇ ਪੱਕਣੀਆਂ ਸ਼ੁਰੂ ਹੋ ਜਾਂਦੀਆਂ ਹਨ। ਲਾਲ ਹੋ ਰਹੇ ਅਤੇ ਲਾਲ ਹੋਏ ਟਮਾਟਰਾਂ ਦੀ ਤੁੜਾਈ ਕਰਕੇ ਉਹਨਾਂ ਨੂੰ ਦੂਰ ਅਤੇ ਨੇੜੇ ਦੀਆਂ ਮੰਡੀਆਂ ਵਿੱਚ ਭੇਜਣਾ ਸ਼ੁਰੂ ਕਰ ਦਿਉ। ਤੁੜਾਈ ਸਮੇਂ ਬੂਟਿਆਂ ਦਾ ਧਿਆਨ ਰੱਖੋ ਤਾਂ ਜੋ ਇਹਨਾਂ ਨੂੰ ਨੁਕਸਾਨ ਨਾ ਪਹੁੰਚੇ।

**ਬੈਂਗਣ, ਮਿਰਚ, ਸ਼ਿਮਲਾ ਮਿਰਚ ਅਤੇ ਕੱਦੂ ਜਾਤੀ ਦੀਆਂ ਸਬਜ਼ੀਆਂ:** ਸੁਰੰਗੀ ਖੇਤੀ ਜਾਂ ਪੋਲੀਨੈੱਟ ਹਾਊਸ ਵਿੱਚ ਬੀਜੀਆਂ ਸਬਜ਼ੀਆਂ ਦੀ ਤੁੜਾਈ ਸਮੇਂ-ਸਮੇਂ ਤੇ ਕਰਦੇ ਰਹੋ। ਸਬਜ਼ੀਆਂ ਦੀ ਤੁੜਾਈ ਹਫ਼ਤੇ ਵਿੱਚ ਦੋ ਵਾਰ ਦੁਪਹਿਰ ਵੇਲੇ ਕਰੋ ਪਰ ਘੀਆ ਕੱਦੂ ਦੀ ਤੁੜਾਈ ਸਵੇਰੇ-ਸਵੇਰੇ ਹੀ ਕਰਨੀ ਚਾਹੀਦੀ ਹੈ। ਇਨ੍ਹਾਂ ਸਾਰੀਆਂ ਫ਼ਸਲਾਂ ਦੀ ਪ੍ਰਾਗਣ ਕਿਰਿਆ ਕੀੜਿਆਂ ਰਾਹੀਂ ਹੁੰਦੀ ਹੈ। ਆਦਮੀਆਂ ਦੇ ਚੱਲਣ-ਫਿਰਨ ਨਾਲ ਪ੍ਰਾਗਣ ਕਿਰਿਆ ਵਿੱਚ ਵਿਘਨ ਪੈਂਦਾ ਹੈ। ਸੋ ਇਸ ਗੱਲ ਦਾ ਧਿਆਨ ਰੱਖੋ ਨਹੀਂ ਤਾਂ ਫ਼ਲ ਪੈਣ ਅਤੇ ਪੈਦਾਵਾਰ ਤੇ ਮਾੜਾ ਪ੍ਰਭਾਵ ਪਵੇਗਾ। ਇਹਨਾਂ ਫ਼ਸਲਾਂ ਨੂੰ ਹਫ਼ਤੇ ਵਿੱਚ ਇੱਕ ਵਾਰ ਪਾਣੀ ਦਿਉ।



**ਗੰਢੇ:** ਮਾਰਚ ਵਿੱਚ ਬੀਜੀ ਗਈ ਸਾਉਣੀ ਦੇ ਗੰਢਿਆਂ ਦੀ ਪਨੀਰੀ ਦੀ ਚੰਗੀ ਤਰ੍ਹਾਂ ਦੇਖਭਾਲ ਕਰੋ ਅਤੇ 5-7 ਦਿਨਾਂ ਦੇ ਵਕਫ਼ੇ ਤੇ ਪਾਣੀ ਦਿੰਦੇ ਰਹੋ।

**ਬੀਜ ਉਤਪਾਦਨ:** ਮਟਰ, ਗਾਜਰ, ਮੂਲੀ ਅਤੇ ਸ਼ਲਗਮ ਦੇ ਬੀਜ ਵਾਲੀਆਂ ਫ਼ਸਲਾਂ ਦੀ ਕਟਾਈ ਕਰ ਲਉ। ਇਹਨਾਂ ਦੇ ਬੀਜ ਖੇਤ ਵਿੱਚ ਖਿਲਰਨ ਤੋਂ ਬਚਾਉਣ ਲਈ ਇਹਨਾਂ ਦੀ ਕਟਾਈ ਤਦ ਹੀ ਸ਼ੁਰੂ ਕਰੋ ਜਦਕਿ ਅਜੇ ਕੁਝ ਫ਼ਲੀਆਂ ਪੀਲੀਆਂ-ਹਰੀਆਂ ਹੀ ਹੋਣ।ਕਟਾਈ ਕਰਦੇ ਸਮੇਂ ਹੀ ਗਹਾਈ ਪੂਰੀ ਕਰੋ ਅਤੇ ਫਿਰ ਸੁਕਾ ਕੇ ਬੀਜ ਦੀ ਦਰਜ਼ਾਬੰਦੀ ਕਰਕੇ ਥੈਲੀਆਂ ਜਾਂ ਲਿਫ਼ਾਫ਼ਿਆਂ ਵਿੱਚ ਬੰਦ ਕਰ ਦਿਉ।

**ਮਿਰਚਾਂ:** ਮਿਰਚਾਂ ਦੀ ਬਿਜਾਈ ਤੋਂ ਪਹਿਲਾਂ ਖੇਤ ਵਿੱਚ 20 ਕਿੱਲੋ ਮਿਊਰੇਟ ਆਫ ਪੋਟਾਸ਼, 175 ਕਿੱਲੋ ਸਿੰਗਲ ਸੁਪਰਫਾਸਫੇਟ ਅਤੇ 35 ਕਿੱਲੋ ਯੂਰੀਆ ਪ੍ਰਤੀ ਏਕੜ ਪਾ ਕੇ ਖੇਤ ਤਿਆਰ ਕਰੋ। ਕਤਾਰਾਂ ਦੀ ਦੂਰੀ 75 ਸੈਂ. ਮੀ. ਅਤੇ ਬੂਟਿਆਂ ਦਾ ਫ਼ਾਸਲਾ 45-60 ਸੈ. ਮੀ. ਰੱਖੋ। ਖੇਤ ਵਿੱਚ ਪਨੀਰੀ ਦੁਪਹਿਰ ਬਾਅਦ ਲਗਾਉ ਅਤੇ ਜਲਦੀ ਹੀ ਖੇਤ ਨੂੰ ਪਾਣੀ ਲਾ ਦਿਉ। ਫਿਰ ਇਕ ਹਫ਼ਤੇ ਬਾਅਦ ਖਾਲੀ ਜਗ੍ਹਾ ਭਰ ਕੇ ਖੇਤ ਨੂੰ ਪਾਣੀ ਲਾ ਦਿਉ।

**ਲਸਣ :** ਇਸ ਮਹੀਨੇ ਦੇ ਪਹਿਲੇ ਹਫ਼ਤੇ ਪਾਣੀ ਦੇਣਾ ਬੰਦ ਕਰ ਦਿਉ। ਅਖੀਰਲੇ ਹਫ਼ਤੇ ਹਲਕਾ ਪਾਣੀ ਦਿਉ ਅਤੇ ਵੱਤਰ ਆਉਣ ਤੇ ਪੁਟਾਈ ਸ਼ੁਰੂ ਕਰ ਦਿਉ। 5-7 ਦਿਨਾਂ ਤਕ ਖੇਤ ਵਿੱਚ ਰੱਖੋ। ਫਿਰ ਇੱਕਇੱਕ ਕਿੱਲੋ ਦੀਆਂ ਗੁੱਛੀਆਂ ਬਣਾ ਲਉ ਅਤੇ ਠੰਢੀ ਹਵਾਦਾਰ ਜਗ੍ਹਾ ਤੇ ਭੰਡਾਰ ਕਰੋ।

**ਸਬਜ਼ੀਆਂ ਦੇ ਕੀੜੇ ਅਤੇ ਬਿਮਾਰੀਆਂ :** ਟਮਾਟਰਾਂ ਦੇ ਫ਼ਲ ਦੇ ਗੜੂੰਏਂ ਦੀ ਰੋਕਥਾਮ ਲਈ 30 ਮਿਲੀਲਿਟਰ ਫੇਮ 480 ਐਸ ਐਲ ਜਾਂ 60 ਮਿ.ਲਿ.ਕੋਰਾਜਨ 18.5 ਐਸ ਸੀ ਜਾਂ 200 ਮਿ.ਲਿ. ਇਡੋਕਸਾਕਾਰਬ 14.5 ਐਸ ਸੀ ਨੂੰ 100 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕੋ। ਫੇਮ ਦੇ ਛਿੜਕਾਅ ਤੋਂ ਬਾਅਦ ਫ਼ਲ ਤੋੜਨ ਲਈ 3 ਦਿਨਾਂ ਤੱਕ ਅਤੇ ਕੋਰਾਜਨ ਤੋਂ ਬਾਅਦ ਇੱਕ ਦਿਨ ਇੰਤਜ਼ਾਰ ਕਰੋ। ਟਮਾਟਰਾਂ ਦੀ ਫਸਲ ਨੂੰ ਅਗੇਤੇ ਝੁਲਸ ਰੋਗ ਤੋਂ ਬਚਾਉਣ ਲਈ ਇੰਡੋਫਿਲ ਐਮ-45 600 ਗ੍ਰਾਮ ਪ੍ਰਤੀ ਏਕੜ ਨੂੰ 200 ਲਿਟਰ ਪਾਣੀ ਵਿੱਚ ਪਾ ਕੇ ਛਿੜਕਾਅ ਕਰੋ।

**ਖੁੰਬਾਂ ਦੀ ਕਾਸ਼ਤ**

1. ਸਰਦ ਰੁੱਤ ਖੁੰਬਾਂ (ਬਟਨ ਅਤੇ ਢੀਂਗਰੀ ਖੁੰਬ) ਦੀ ਅਗਲੀ ਫਸਲ ਦੀ ਕਾਸ਼ਤ ਲਈ ਤੂੜੀ ਅਤੇ ਪਰਾਲੀ ਨੂੰ ਇੱਕਠਾ ਕਰੋ ਅਤੇ ਸਾਫ ਸੁਥਰੀ ਥਾਂ ਤੇ ਜਮ੍ਹਾਂ ਕਰਨ ਲਈ ਪ੍ਰਬੰਧ ਕਰੋ ।

2. ਗਰਮ ਰੁੱਤ ਦੀਆਂ ਖੁੰਬਾਂ (ਪਰਾਲੀ ਖੁੰਬ ਅਤੇ ਮਿਲਕੀ ਖੁੰਬ) ਦੀ ਕਾਸ਼ਤ ਲਈ ਬੀਜ ਬੁੱਕ ਕਰਵਾਓ।

3. ਪਰਾਲੀ ਖੁੰਬ ਦੀ ਕਾਸ਼ਤ ਅੱਧ ਅਪ੍ਰੈਲ ਤੋ ਬਾਅਦ ਸੁਰੂ ਕਰੋ। ਇਸ ਲਈ ਪਰਾਲੀ ਦੇ ਪੂਲੇ (1-1½ਕਿੱਲੋ) ਦੇ ਹਿਸਾਬ ਨਾਲ ਤਿਆਰ ਕਰੋ ।

4. ਇਨ੍ਹਾਂ ਪਰਾਲੀ ਦੇ ਪੂਲਿਆਂ ਨੂੰ ਗਿੱਲਾ ਕਰੋ ਅਤੇ ਪਰਾਲੀ ਖੁੰਬ ਦੀ ਕਾਸ਼ਤ ਲਈ ਸਿਫਾਰਿਸ਼ ਕੀਤੀ ਗਈ ਵਿਧੀ ਅਨੁਸਾਰ ਬੈਡ ਤਿਆਰ ਕਰੋ।

5. ਰੋਜਾਨਾ ਦੋ ਵਾਰ ਇਨਾਂ ਬੈਡਾਂ ਤੇ ਪਾਣੀ ਦਾ ਛਿੜਕਾਅ ਕਰੋ। ਬੀਜ ਪਾਉਣ ਤੋ 10-12 ਦਿਨਾਂ ਬਾਅਦ ਖੁੰਬਾਂ ਨਿਕਲਣੀਆਂ ਸੁਰੂ ਹੋ ਜਾਂਦੀਆ ਹਨ ।ਖੁੰਬਾਂ ਦੀ ਫਸਲ ਤਿੰਨ ਹਫਤੇ ਤੱਕ ਚਲਦੀ ਰਹਿੰਦੀ ਹੈ।

6. ਸਿਫਾਰਿਸ਼ ਕੀਤੀ ਗਈ ਵਿਧੀ ਅਨੁਸਾਰ, ਮਿਲਕੀ ਖੁੰਬ ਦੀ ਕਾਸ਼ਤ ਲਈ ਉੱਬਲੀ ਹੋਈ ਤੂੜੀ (2 ਕਿੱਲੋ ਪ੍ਰਤੀ ਬੈਗ) ਦੀ ਵਰਤੋਂ ਕਰੋ ।ਬੈਗ ਪੂਰੀ ਤਰ੍ਹਾਂ ਚਿੱਟੇ ਹੋਣ ਤੋਂ ਬਾਅਦ ਕੇਸਿੰਗ ਯੋਗ ਹੋ ਜਾਣਗੇ ਅਤੇ ਕੇਸਿੰਗ ਦੇ 18-20 ਦਿਨਾਂ ਬਾਅਦ ਖੁੰਬਾਂ ਦਿੱਸਣ ਲੱਗ ਪੈਣਗੀਆਂ।

**ਵਣ ਖੇਤੀ**

**ਪਾਪਲਰ :** ਇਸ ਮਹੀਨੇ ਤਾਪਮਾਨ ਵੱਧ ਜਾਂਦਾ ਹੈ ਇਸ ਲਈ ਪਾਪਲਰ ਦੀਆਂ ਪਲਾਂਟੇਸ਼ਨਾਂ ਨੂੰ 7-10 ਦਿਨਾਂ ਬਾਅਦ ਪਾਣੀ ਦਿੰਦੇ ਰਹੋ। ਤਿੰਨ ਸਾਲ ਤੋਂ ਘੱਟ ਉਮਰ ਦੇ ਪਾਪਲਰ ਵਿੱਚ ਹਲਦੀ ਜਾਂ ਕਮਾਦ ਦੀ ਕਾਸ਼ਤ ਕੀਤੀ ਜਾ ਸਕਦੀ ਹੈ। ਤਿੰਨ ਸਾਲ ਤੋਂ ਵੱਧ ਉਮਰ ਦੀਆ ਪਾਪਲਰ ਪਲਾਂਟੇਸ਼ਨਾਂ ਵਿੱਚ ਚਾਰੇ ਦੀਆਂ ਫ਼ਸਲਾਂ ਉਗਾਈਆਂ ਜਾ ਸਕਦੀਆਂ ਹਨ। ਪੱਤੇ ਝਾੜਨ ਵਾਲੀ ਸੁੰਡੀ ਦੇ ਹਮਲੇ ਕਾਰਨ ਪੱਤੇ ਜਾਲ ਵਾਂਗ ਬਣ ਜਾਂਦੇ ਹਨ ਅਤੇ ਜ਼ਿਆਦਾ ਹਮਲੇ ਵਿੱਚ ਸੁੰਡੀ ਪੱਤੇ ਨੂੰ ਖਾ ਜਾਂਦੀ ਹੈ। ਇਸ ਦਾ ਹਮਲਾ ਮੁੱਖ ਤੌਰ ਤੇ ਮਾਰਚ ਜਾਂ ਅਪ੍ਰੈਲ ਤੋਂ ਸ਼ੁਰੂ ਹੁੰਦਾ ਹੈ। ਉਹ ਪੱਤੇ ਜਿਹਨਾਂ ਤੇ ਅੰਡੇ (ਪੀਲੇ ਰੰਗ ਦੇ) ਅਤੇ ਸੁੰਡੀ ਹੋਵੇ, ਉਹਨਾਂ ਨੂੰ ਰੁੱਖ ਨਾਲੋਂ ਤੋੜ ਕੇ ਸਾੜ ਦਿਉ ਅਤੇ ਸੁੰਡੀਆਂ ਨੂੰ ਕੁਚਲ ਕੇ ਮਾਰ ਦਿਉ।

**ਸਫ਼ੈਦਾ:** ਸਫ਼ੈਦੇ ਦੀਆਂ ਪਲਾਂਟੇਸ਼ਨਾਂ ਨੂੰ ਅਪ੍ਰੈਲ ਵਿੱਚ ਪੰਦਰਾਂ ਦਿਨਾਂ ਬਾਅਦ ਪਾਣੀ ਪਾਉਂਦੇ ਰਹੋ।

**ਸੰਯੋਜਕ: ਅਮਰਜੀਤ ਸਿੰਘ**

**ਸੰਗ੍ਰਹਿ ਕਰਤਾ:** ਕਮਲਜੀਤ ਸਿੰਘ ਸੂਰੀ, ਅਮਿਤ ਕੌਲ, ਅਰਸ਼ ਆਲਮ ਸਿੰਘ ਗਿੱਲ, ਜਸਵਿੰਦਰ ਸਿੰਘ ਬਰਾੜ, ਜਸਪਾਲ ਸਿੰਘ, ਨਵਨੀਤ ਕੌਰ, ਸਿਮਰਤ ਸਿੰਘ, ਰੂਮਾ ਦੇਵੀ, ਤੇਜਵੀਰ ਸਿੰਘ ਅਤੇ ਸ਼ਿਵਾਨੀ ਸ਼ਰਮਾ।

# ਗੁਰਮਤਿ ਸੰਜੋਗ



ਆਪ ਜੀ ਨੂੰ ਜਾਣ ਕੇ ਅਤਿ ਪ੍ਰਸੰਨਤਾ ਹੋਵੇਗੀ ਕਿ ਗੁਰਸਿੱਖ ਬੱਚੇ/ਬੱਚੀਆਂ ਦੇ ਵਿਆਹ / ਅਨੰਦ ਕਾਰਜਾਂ ਲਈ ਜੀ.ਜੀ.ਐਮ.ਸੀ. ਵਿਖੇ ਮਾਸਿਕ ਪੱਤਰ 'ਗੁਰਮਤਿ ਵਿਰਸਾ' ਰਾਹੀਂ ਉਪਰਾਲੇ ਕੀਤੇ ਜਾ ਰਹੇ ਹਨ। ਹੁਣ ਆਪ ਇਸ ਸੇਵਾ ਦਾ ਹੋਰ ਫਾਇਦਾ ਲੈਣ ਲਈ ਆਪਣੇ ਬੱਚਿਆਂ ਦੀ ਪੋਸਟ ਕਾਰਡ ਸਾਇਜ਼ ਫੋਟੋ ਸਮੇਤ ਬਾਇਓ ਡਾਟਾ ਸੋਮਵਾਰ ਤੋਂ ਸ਼ੁੱਕਰਵਾਰ 12 ਤੋਂ 2 ਵਜੇ ਦੁਪਹਿਰ ਤਕ ਗੁਰਮਤਿ ਗਿਆਨ ਮਿਸ਼ਨਰੀ ਕਾਲਜ, ਪੰਜਾਬੀ ਬਾਗ, ਜਵੱਦੀ ਵਿਖੇ ਮਿਲਣ ਦੀ ਕ੍ਰਿਪਾਲਤਾ ਕਰੋ ਜੀ। ਫਾਰਮ ਭਰਨ ਦੀ ਫੀਸ ਕੇਵਲ ਇਕ ਵਾਰ 500/- ਰੁਪਏ ਲਈ ਜਾਵੇਗੀ। ਸਾਰੀ ਜਾਣਕਾਰੀ ਗੁਪਤ ਰੱਖੀ ਜਾਵੇਗੀ।

**ਜਿਨ੍ਹਾਂ ਇਸ਼ਤਿਹਾਰਦਾਤਾਵਾਂ ਦੇ ਰਿਸ਼ਤੇ ਹੋ ਗਏ ਹਨ, ਕ੍ਰਿਪਾ ਕਰਕੇ ਫੋਨ ਨੰਬਰ 97819-90206 'ਤੇ ਸੰਪਰਕ ਕਰਕੇ ਜ਼ਰੂਰ ਦੱਸੋ ਜੀ, ਤਾਂ ਜੋ ਕਿਸੇ ਹੋਰ ਲੋੜਵੰਦ ਦਾ ਇਸ਼ਤਿਹਾਰ ਲਗਾਉਣ ਲਈ ਜਗ੍ਹਾ ਮਿਲ ਸਕੇ।**

## ਲਾੜੀ ਦੀ ਲੋੜ

**ਫਾਰਮ ਨੰ. 358:** ਲੰਡਨ ਵਾਸੀ, ਗੁਰਸਿੱਖ, ਜਨਮ 1989, ਕੱਦ 6'-1", M.Sc. (Computer) working as a Network Eng. ਲਈ ਪੜ੍ਹੀ ਲਿਖੀ, ਸੁਚੱਜੀ ਲੜਕੀ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਸੰਪਰਕ 0044-7904050832

**ਫਾਰਮ ਨੰ. 360:** ਲੁਧਿਆਣਾ ਵਾਸੀ, ਜਨਮ 17-10-1994, ਕੱਦ 5'-11", B. Tech. (ਬਿਜਲੀ ਬੋਰਡ ਵਿਚ JE) ਲਈ ਅੰਮ੍ਰਿਤਧਾਰੀ, ਪੜ੍ਹੀ ਲਿਖੀ, ਸੁਚੱਜੀ ਲੜਕੀ ਦੀ ਲੋੜ ਹੈ। ਸੰਪਰਕ 85688-22417, 84377-04610

**ਫਾਰਮ ਨੰ. 363:** ਲੁਧਿਆਣਾ ਵਾਸੀ, ਜਨਮ 28-09-1991, ਕੱਦ 5'-7", +2, One year diploma in Manifold, Manifold Operator in Mediway Hospital ਲਈ ਦਾਜ ਰਹਿਤ, ਸੁਚੱਜੀ ਲੜਕੀ ਦੀ ਲੋੜ ਹੈ। ਸੰਪਰਕ 98882-91607

**ਫਾਰਮ ਨੰ. 365:** ਲੁਧਿਆਣਾ ਵਾਸੀ, ਜਨਮ 22-01-1991, ਕੱਦ 5'-8", B.A. ਆਪਣਾ ਕਾਰੋਬਾਰ ਲਈ ਘਰੇਲੂ, ਸੁਚੱਜੀ ਲੜਕੀ ਦੀ ਲੋੜ ਹੈ। ਸੰਪਰਕ 92171-13272, 99883-34032

**ਫਾਰਮ ਨੰ. 366:** ਲੁਧਿਆਣਾ ਵਾਸੀ, ਜਨਮ 1991, ਕੱਦ, 5'-9", B.Tech (Mechanical Engg.) ਆਪਣਾ ਕਾਰੋਬਾਰ (ਹਾਰਡਵੇਅਰ) ਲਈ ਪੜ੍ਹੀ-ਲਿਖੀ, ਗੁਰਸਿੱਖ, ਸੁਚੱਜੀ ਲੜਕੀ ਦੀ ਲੋੜ ਹੈ। ਸੰਪਰਕ 94173-86867

**ਫਾਰਮ ਨੰ. 367:** ਲੁਧਿਆਣਾ ਵਾਸੀ, ਜਨਮ ਮਿਤੀ 10-08-1984, ਕੱਦ, 5'-8", 10+2 (Non Medical), Marketing Job in Jivo Canola Oil, ਲਈ ਸੁਚੱਜੀ ਲੜਕੀ ਦੀ ਲੋੜ ਹੈ। ਸੰਪਰਕ 98723-30471, 83608-14845

**ਫਾਰਮ ਨੰ. 368:** ਲੁਧਿਆਣਾ ਵਾਸੀ, ਅਰੋੜਾ ਸਿੱਖ, ਜਨਮ ਮਿਤੀ 07-09-1992, ਕੱਦ, 5'-11", (Well Established Chartered Accountant ਲਈ ਬਰਾਬਰ ਦੀ ਯੋਗਤਾ ਵਾਲੀ ਸੁੰਦਰ ਅਤੇ ਸੁਘੜ (ਦਾਜ ਰਹਿਤ) ਲੜਕੀ ਦੀ ਲੋੜ ਹੈ। ਜਾਤੀ ਬੰਧਨ ਕੋਈ ਨਹੀਂ। ਸੰਪਰਕ: 98151-22379, 95010-19163

**ਫਾਰਮ ਨੰ. 369:** ਕੈਨੇਡਾ ਵਿਚ ਪੜ੍ਹਾਈ ਪੂਰੀ ਕਰ ਚੁੱਕੇ ਲੁਧਿਆਣਾ ਵਾਸੀ, ਗੁਰਸਿੱਖ ਅੰਮ੍ਰਿਤਧਾਰੀ, ਜਨਮ ਮਿਤੀ 4-7-1995, ਕੱਦ 5'-8" B.C.A, MBA, ਲਈ ਅੰਮ੍ਰਿਤਧਾਰੀ ਲੜਕੀ ਦੀ ਲੋੜ ਹੈ। ਸੰਪਰਕ: 98150-80530

**ਫਾਰਮ ਨੰ. 370:** ਲੁਧਿਆਣਾ ਵਾਸੀ, ਜਨਮ ਮਿਤੀ 10-10-92, ਕੱਦ 5'-4" ਮੈਟ੍ਰਿਕ ਪਾਸ, ਪ੍ਰਾਈਵੇਟ ਜੋਬ 18000/-, ਆਪਣਾ ਮਕਾਨ ਲਈ ਲੜਕੀ ਦੀ ਲੋੜ ਹੈ। ਸੰਪਰਕ: 9988331841, 98884-40967

**ਫਾਰਮ ਨੰ. 371:** ਲੁਧਿਆਣਾ ਵਾਸੀ, ਜਨਮ ਮਿਤੀ 06-12-91, ਕੱਦ 5'-10" M.Com, MBA, Bed., ਆਮਦਨ 50000/- ਮਹੀਨਾ, Teaching & Self Coaching Centre ਲਈ ਲੜਕੀ ਦੀ ਲੋੜ ਹੈ। ਸੰਪਰਕ: 98143-84999

**ਫਾਰਮ ਨੰ. 372:** ਲੁਧਿਆਣਾ ਵਾਸੀ, ਜਨਮ ਮਿਤੀ 13-7-94, ਕੱਦ 5'-8" B-Tech Elec. Engineering, Settled in Canada ਲਈ ਲੜਕੀ ਦੀ ਲੋੜ ਹੈ। ਸੰਪਰਕ: 94647-63356

**ਫਾਰਮ ਨੰ. 373:** ਲੁਧਿਆਣਾ ਵਾਸੀ, ਜਨਮ ਮਿਤੀ 11-10-90, ਕੱਦ 6', 10+2, ਪ੍ਰਾਈਵੇਟ ਨੌਕਰੀ, 6 ਲੱਖ ਸਾਲਾਨਾ, ਘਰੇਲੂ ਲੜਕੀ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਸੰਪਰਕ: 98767-99132

**ਫਾਰਮ ਨੰ. 375:** Ludhiana Area, DOB 23-03-94, Hight 6'-2" Doing MD (Medicine) 2nd Year Want a Doctor Girl Should Be Gursikh either MD (Clinical) or Doing MD. Contact: 98550-10569, 87288-00569

**ਫਾਰਮ ਨੰ. 376:** ਲੁਧਿਆਣਾ ਵਾਸੀ, ਜਨਮ ਮਿਤੀ 27-4-83, ਕੱਦ 5'-9", Diploma in Software/Hardware, Occupation Auditor ਲਈ ਸੁਚੱਜੀ ਲੜਕੀ ਦੀ ਲੋੜ ਹੈ। ਸੰਪਰਕ : 75890-64853

**ਫਾਰਮ ਨੰ. 377:** ਜਲੰਧਰ ਵਾਸੀ, ਗੁਰਸਿੱਖ ਪਰਿਵਾਰ ਦੇ ਦੋ ਪੁੱਤਰ ਵੱਡਾ ਕੈਨੇਡਾ PR, ਉਮਰ 29 ਸਾਲ, ਕੱਦ 5'-9", M.Sc., ਛੋਟਾ ਪੰਜਾਬ ਵਿਚ ਕਾਰੋਬਾਰੀ, ਉਮਰ 26 ਸਾਲ, ਕੱਦ 5'-6", B.Com ਲਈ ਯੋਗ ਲੜਕੀਆਂ ਦੀ ਲੋੜ ਹੈ। ਸੰਪਰਕ: 92168-12358

**ਫਾਰਮ ਨੰ. 378:** Gursikh Issueless Divorcee, Jan. 1984, 5'-8" MBA, B.Tech, Working Top Company Mumbai, Very Decent Package, Required Homely, Unmarried/ Issueless, Divorcee/Widow Without Children Preferred. Parents Ludhiana Based. Contact: 98721-83880

**ਫਾਰਮ ਨੰ. 379:** ਲੁਧਿਆਣਾ ਵਾਸੀ, ਜਨਮ ਮਿਤੀ 1-6-1986, ਕੱਦ 5'-11", MBA, MDH ਕੰਪਨੀ ਵਿਚ ਨੌਕਰੀ, ਸੈਲਰੀ 33,000/- ਆਪਣਾ ਘਰ ਲਈ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਸੰਪਰਕ: 98141-82370

**ਫਾਰਮ ਨੰ. 380:** ਭਿੱਖੀਵਿੰਡ ਵਾਸੀ, ਜਨਮ ਮਿਤੀ 8-12-1995, ਕੱਦ 5'-11", MA-History, Job in ICICI Bank, ਸੈਲਰੀ 28,000/- 5 ਏਕੜ ਜ਼ਮੀਨ ਲਈ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਸੰਪਰਕ: 85679-70737

**ਫਾਰਮ ਨੰ. 381:** ਲੁਧਿਆਣਾ ਵਾਸੀ, ਜਨਮ ਮਿਤੀ 12-12-1993, ਕੱਦ 5'-6", +2, ਆਪਣੀ ਗੋਲਡ ਜਵੈਲਰੀ ਦੀ ਦੁਕਾਨ, ਸੰਪਰਕ: 81465-40125, 82890-80662

**ਫਾਰਮ ਨੰ. 382:** ਲੁਧਿਆਣਾ ਵਾਸੀ, ਜਨਮ ਮਿਤੀ 1-10-1994, ਕੱਦ 6'-1", M.Tech IIT Kanpur, Service in MNC at Banglore, Earning Twenty Seven Lakh PA, ਲਈ Well Qualified, Tall, Slim, Working Girl ਦੀ ਲੋੜ ਹੈ। ਸੰਪਰਕ: 99142-47653

**ਫਾਰਮ ਨੰ. 383:** ਲੁਧਿਆਣਾ ਵਾਸੀ, ਜਨਮ ਮਿਤੀ 10-02-1991, ਕੱਦ 5'-8", B.Tech (Mech.) ਆਪਣਾ ਕਾਰੋਬਾਰ ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 98146-47179

**ਫਾਰਮ ਨੰ. 384:** ਜਨਮ ਮਿਤੀ 27-10-1991, ਕੱਦ 5'-9", BBA, ਆਪਣਾ ਕਾਰੋਬਾਰ Running Hotel on Lease ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 70096-42659

**ਫਾਰਮ ਨੰ. 385:** ਲੁਧਿਆਣਾ ਵਾਸੀ, ਜਨਮ ਮਿਤੀ 4-8-1995, ਕੱਦ 5'-11", +2, ਪ੍ਰਾਈਵੇਟ ਨੌਕਰੀ, 20,000/- ਲਈ ਪੜ੍ਹੀ-ਲਿਖੀ, ਗੁਰਸਿੱਖ ਲੜਕੀ ਦੀ ਲੋੜ ਹੈ, ਸਾਦਾ ਵਿਆਹ। ਸੰਪਰਕ: 93592-20005, 75084-21123 -0-

## ਲਾੜੇ ਦੀ ਲੋੜ

**ਫਾਰਮ ਨੰ. 344:** ਲੁਧਿਆਣਾ ਵਾਸੀ, ਜਨਮ ਅਕਤੂਬਰ 1994, ਕੱਦ 5'-3", MBBS, Study (USEMLI) ਡਾਕਟਰ ਲੜਕੀ ਲਈ ਗੁਰਸਿੱਖ ਡਾਕਟਰ ਲੜਕੇ ਦੀ ਲੋੜ ਹੈ। ਸੰਪਰਕ: 97797-59542

**ਫਾਰਮ ਨੰ. 361:** ਜਲੰਧਰ ਵਾਸੀ, ਗੁਰਸਿੱਖ ਅੰਮ੍ਰਿਤਧਾਰੀ ਵਿਡੋ (Widow) ਲੜਕੀ, ਜਨਮ ਮਿਤੀ 5-11-1981, MCA ਲਈ ਅੰਮ੍ਰਿਤਧਾਰੀ ਲੜਕੇ ਦੀ ਲੋੜ ਹੈ। ਸੰਪਰਕ: 98728-10427

**ਫਾਰਮ ਨੰ. 364:** ਲੁਧਿਆਣਾ ਵਾਸੀ, ਤਲਾਕਸ਼ੁਦਾ ਲੜਕੀ, ਜਨਮ ਮਿਤੀ 11-11-1988, B.A., E.T.T., N.T.T. Govt. Teacher ਲਈ ਲੜਕੇ ਦੀ ਲੋੜ ਹੈ। ਕੇਵਲ ਲੁਧਿਆਣਾ ਜ਼ਿਲ੍ਹੇ ਵਾਲੇ ਹੀ ਸੰਪਰਕ ਕਰਨ: 95018-94943, 98765-55925

**ਫਾਰਮ ਨੰ. 374:** ਪੀਲੀਭੀਤ ਵਾਸੀ, ਅੰਮ੍ਰਿਤਧਾਰੀ, ਜਨਮ ਮਿਤੀ 16-06-1997, M.A., B.ed. ਲਈ ਯੋਗ ਵਰ ਦੀ ਲੋੜ ਹੈ। ਸੰਪਰਕ: 94128-69007, 80062-35004

# ਫਰਵਰੀ ਮਹੀਨੇ ਦੀਆਂ ਸਰਗਰਮੀਆਂ

**ਮਾਝਾ**

**1. ਮਾਲੂਵਾਲ (98885-20250)**- ਕੇਂਦਰ ਦੇ ਪ੍ਰਚਾਰਕ ਭਾਈ ਨਿਰਮਲ ਸਿੰਘ ਵਲੋਂ 7 ਪਿੰਡਾਂ ਵਿੱਚ ਗੁਰਮਤਿ ਦੀਆਂ ਕਲਾਸਾਂ ਲਗਾ ਕੇ ਬੱਚਿਆਂ ਨੂੰ ਗੁਰਬਾਣੀ, ਇਤਿਹਾਸ ਅਤੇ ਸਿੱਖ ਰਹਿਤ ਮਰਿਯਾਦਾ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਗੁਰੂ ਹਰਿਕ੍ਰਿਸ਼ਨ ਸੀ. ਸੈਕੰਡਰੀ ਪਬਲਿਕ ਸਕੂਲ ਸੁਰ ਸਿੰਘ ਵਿਖੇ ਸੋਮਵਾਰ ਤੋਂ ਸ਼ਨੀਵਾਰ ਤੱਕ ਬੱਚਿਆਂ ਨੂੰ ਗੁਰਮਤਿ ਕਲਾਸਾਂ ਰਾਹੀ ਸਿੱਖਿਆ ਦਿੱਤੀ ਜਾਦੀ ਹੈ। ਪਿੰਡ ਸੁਰ ਸਿੰਘ ਦੇ ਗੁਰਦੁਆਰਾ ਬਾਬਾ ਜੀਵਨ ਸਿੰਘ ਜੀ ਵਿਖੇ ਬੱਚਿਆਂ ਦੀ ਹਰ ਰੋਜ਼ ਗੁਰਬਾਣੀ ਸੰਥਿਆ ਕਰਵਾਈ ਜਾਂਦੀ ਹੈ।

**ਮਾਲਵਾ:-**

**2. ਲਤਾਲਾ (98556-27927)**- ਕੇਂਦਰ ਦੇ ਪ੍ਰਚਾਰਕ ਭਾਈ ਰੁਪਿੰਦਰ ਸਿੰਘ ਵੱਲੋਂ 4 ਪਿੰਡਾਂ ਵਿਚ ਅਤੇ 5 ਸਕੂਲਾਂ ਵਿਚ ਗੁਰਮਤਿ ਕਲਾਸਾਂ ਲਗਾ ਕੇ ਬੱਚਿਆਂ ਨੂੰ ਗੁਰਮਤਿ ਅਤੇ ਨੈਤਿਕ ਸਿਖਿਆ ਦਿੱਤੀ ਜਾਂਦੀ ਹੈ। 5 ਫਰਵਰੀ ਨੂੰ ਪਿੰਡ ਮਹੇਰਨਾਂ ਕਲਾਂ ਵਿਖੇ ਹੋਏ ਗੁਰਮਤਿ ਮੁਕਾਬਲਿਆਂ ਵਿਚੋਂ ਕੇਂਦਰ ਲਤਾਲਾ ਦੇ 13 ਵਿਦਿਆਰਥੀਆਂ ਨੇ ਇਨਾਮ ਜਿੱਤੇ। 27 ਫਰਵਰੀ ਨੂੰ ਸਾਕਾ ਨਨਕਾਣਾ ਸਾਹਿਬ ਦੇ ਸ਼ਹੀਦਾਂ ਦੀ ਯਾਦ ਵਿਚ ਗੁਰਮਤਿ ਸਮਾਗਮ ਕਰਵਾਇਆ ਗਿਆ, ਜਿਸ ਵਿਚ ਕਵੀ ਮੋਹਣ ਸਿੰਘ ਜੀ ਤੇ ਕਾਲਜ ਤੋਂ ਭਾਈ ਨਛੱਤਰ ਸਿੰਘ ਜੀ ਨੇ ਗੁਰਮਤਿ ਵਿਚਾਰ ਸਾਂਝੇ ਕੀਤੇ। ਸ: ਮਨਜੀਤ ਸਿੰਘ ਕੈਨੇਡਾ ਵਲੋਂ ਵਿਚਾਰ ਸਾਂਝੇ ਕੀਤੇ ਗਏ। ਸਮਾਗਮ ਤੇ ਖੂਨਦਾਨ ਕੈਂਪ ਮੌਕੇ ਲਾਇਬ੍ਰੇਰੀ ਕਾਲਖ ਵਲੋਂ ਕਿਤਾਬਾਂ ਦਾ ਸਟਾਲ ਲਗਾਇਆ ਗਿਆ। 2 ਬੱਚਿਆਂ ਨੇ ਖੰਡੇ ਬਾਟੇ ਦੀ ਪਾਹੁਲ ਛਕੀ ਅਤੇ ਇੱਕ ਬੱਚੇ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ।

**3. ਕੁੱਬਾ (98151-07941)**- ਕੇਂਦਰ ਦੇ ਪ੍ਰਚਾਰਕ ਭਾਈ ਸਤਨਾਮ ਸਿੰਘ ਵਲੋਂ 3 ਪਿੰਡਾਂ ਵਿਚ ਗੁਰਮਤਿ ਕਲਾਸਾਂ ਲਗਾ ਕੇ ਬੱਚਿਆਂ ਨੂੰ ਗੁਰਬਾਣੀ ਸੰਥਿਆ ਅਤੇ ਸਿੱਖ ਇਤਿਹਾਸ ਨਾਲ ਜੋੜਿਆ ਜਾਂਦਾ ਹੈ। ਗੁਰਦੁਆਰਾ ਸਾਹਿਬ ਵਿਖੇ ਸਵੇਰੇ ਕਥਾ ਅਤੇ ਸ਼ਾਮ ਨੂੰ ਨਿਤਨੇਮ ਦੀ ਸੇਵਾ ਕੀਤੀ ਜਾਂਦੀ ਹੈ। 15 ਫਰਵਰੀ ਨੂੰ ਕੇਂਦਰ ਕੁੱਬੇ ਵਿਖੇ ਅੰਮ੍ਰਿਤ ਵੇਲੇ ਹੋਏ ਗੁਰਮਤਿ ਸਮਾਗਮਾਂ ਵਿਚ ਕਥਾ-ਵੀਚਾਰ ਕੀਤੀ ਗਈ। 'ਹਮ ਹਿੰਦੂ ਨਹੀ' ਅਤੇ 'ਕਾਗਹੁ ਹੰਸ ਕਰੈ' ਕਿਤਾਬਾਂ ਸੰਗਤ ਨੂੰ ਮੁਫਤ ਵੰਡੀਆਂ ਗਈਆਂ। 25 ਫਰਵਰੀ ਨੂੰ ਭਗਤ ਰਵਿਦਾਸ ਜੀ ਦਾ ਆਗਮਨ ਦਿਹਾੜਾ ਧਰਮਸ਼ਾਲਾ (ਕੁੱਬੇ) ਵਿਖੇ ਮਨਾਇਆ ਗਿਆ ਅਤੇ ਸੰਗਤ ਨਾਲ ਕਥਾ-ਵੀਚਾਰਾਂ ਦੀ ਸਾਂਝ ਪਾਈ ਗਈ। ਪ੍ਰਬੰਧਕ ਕਮੇਟੀ ਵਲੋਂ ਬੱਚਿਆਂ ਨੂੰ ਕਾਪੀਆਂ ਵੰਡੀਆਂ ਗਈਆਂ। ਪਿੰਡ ਸੰਘਾ ਦੇ ਗੁਰਮਤਿ ਕਲਾਸ ਦਾ ਵਿਦਿਆਰਥੀ ਮਨਵੀਰ ਸਿੰਘ ਗੁਰੂ ਘਰ (ਸੰਘਾ) ਵਿਖੇ ਰੋਜਾਨਾ ਨਿਤਨੇਮ ਸੋਦਰੁ ਦੀ ਸੇਵਾ ਨਿਭਾਈ ਜਾ ਰਹੀ ਹੈ। 6 ਬੱਚੇ ਸਹਿਜ ਪਾਠ ਕਰ ਰਹੇ ਹਨ ਅਤੇ 9 ਬੱਚਿਆਂ ਨੇ ਐਲੀਮੈਂਟਰੀ ਕੋਰਸ ਆਰੰਭ ਕੀਤੇ ਹਨ।

**4. ਖਮਾਣੋ (93682-28312)**- ਪ੍ਰਚਾਰਕ ਭਾਈ ਗੁਲਸ਼ਨ ਸਿੰਘ ਵਲੋਂ 4 ਪਿੰਡਾਂ ਵਿਚ ਬੱਚਿਆਂ ਦੀਆਂ ਗੁਰਮਤਿ ਕਲਾਸਾਂ ਲਗਾਈਆਂ ਜਾਂਦੀਆਂ ਹਨ, ਜਿਸ ਵਿਚ ਬੱਚਿਆਂ ਨੂੰ ਧਾਰਮਿਕ ਅਤੇ ਨੈਤਿਕ ਸਿਖਿਆ ਦਿੱਤੀ ਜਾਂਦੀ ਹੈ। 2 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ ਅਤੇ 3 ਬੱਚਿਆਂ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**5. ਗਰੇਸ ਪਬਲਿਕ ਸਕੂਲ (99880-32711)**-ਪ੍ਰਚਾਰਕ ਬੀਬੀ ਮਨਪ੍ਰੀਤ ਕੌਰ ਵਲੋਂ ਬੱਚਿਆਂ ਨੂੰ ਸਕੂਲ ਵਿੱਚ ਨੈਤਿਕ ਕਦਰਾਂ-ਕੀਮਤਾਂ ਸਿਖਾਈਆਂ ਜਾਂਦੀਆਂ ਹਨ ਅਤੇ ਸਵੇਰ ਦੀ ਸਭਾ ਵਿੱਚ ਬੱਚੇ **ਜਪੁਜੀ ਸਾਹਿਬ** ਦਾ ਪਾਠ ਕਰਦੇ ਹਨ। ਬੱਚੇ ਸਕੂਲ ਵਿੱਚ ਸਹਿਜ ਪਾਠ ਕਰਦੇ ਹਨ। ਬੱਚਿਆਂ ਨੂੰ ਗੁਰਮਤਿ ਮੁਕਾਬਲਿਆਂ ਲਈ ਤਿਆਰ ਕੀਤਾ ਜਾਂਦਾ ਹੈ।

**6. ਰਤਨਗੜ੍ਹ ਸਿੰਧੜਾ (84370-63450)**- ਕੇਂਦਰ ਦੇ ਪ੍ਰਚਾਰਕ ਭਾਈ ਸੁਖਚੈਨ ਸਿੰਘ ਵੱਲੋਂ 4 ਪਿੰਡਾਂ ਵਿਚ ਗੁਰਮਤਿ ਕਲਾਸਾਂ ਲਗਾਈਆਂ ਜਾਂਦੀਆਂ ਹਨ। ਰੋਜਾਨਾ ਸ਼ਾਮ ਨੂੰ ਖਨਾਲ ਕਲਾਂ ਵਿਖੇ ਗੁਰਮਤਿ ਕਲਾਸ ਲਗਾਈ ਜਾਂਦੀ ਹੈ। ਪਿੰਡ ਤੂਰ ਵਣਜਾਰੇ ਵਿਖੇ ਸ਼ਨੀਵਾਰ ਅਤੇ ਐਤਵਾਰ ਗੁਰਮਤਿ ਕਲਾਸ ਲਗਾਈ ਜਾਂਦੀ ਹੈ। ਇਸ ਵਾਰ3 ਬੱਚਿਆਂ ਨੇ ਖੰਡੇ ਬਾਟੇ ਦੀ ਪਾਹੁਲ ਛਕੀ ਹੈ।

**7. ਖਨਾਲ ਖੁਰਦ (62390-80242)**- ਪ੍ਰਚਾਰਕ ਭਾਈ ਕੁਲਦੀਪ ਸਿੰਘ ਵਲੋਂ ਖਨਾਲ ਖੁਰਦ ਦੇ ਗੁਰਦੁਆਰਾ ਸਾਹਿਬ ਵਿਖੇ ਸਵੇਰੇ ਨਿਤਨੇਮ ਅਤੇ ਕਥਾ-ਵੀਚਾਰ ਕੀਤੀ ਜਾਂਦੀ ਹੈ। 11 ਤੋਂ 1 ਵਜੇ ਤੱਕ ਮਾਤਾਵਾਂ ਦੀ ਕਲਾਸ ਲਗਾਈ ਜਾਂਦੀ ਹੈ। 7 ਤੋਂ 8 ਵਜੇ ਤੱਕ ਸ਼ਾਮ ਨੂੰ ਵੀਰਾਂ ਦੀ ਗੁਰਮਤਿ ਕਲਾਸ ਲਗਾਈ ਜਾਂਦੀ ਹੈ। 50 ਬੱਚੇ ਸਹਿਜ ਪਾਠ ਕਰ ਰਹੇ ਹਨ, 3 ਬੱਚਿਆਂ ਨੇ ਖੰਡੇ ਬਾਟੇ ਦੀ ਪਾਹੁਲ ਛਕੀ ਅਤੇ 3 ਬੱਚਿਆਂ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**8. ਬੁਗਰਾ (70097-82466)**- ਪ੍ਰਚਾਰਕ ਭਾਈ ਅੰਮ੍ਰਿਤਪਾਲ ਸਿੰਘ ਵਲੋਂ 5 ਫਰਵਰੀ ਨੂੰ ਵੱਡਾ ਘੱਲੂਘਾਰੇ ਦੇ ਸੰਬੰਧ ਵਿਚ ਸੰਗਤ ਨਾਲ ਇਤਿਹਾਸਕ ਵਿਚਾਰਾਂ ਦੀ ਸਾਂਝ ਪਾਈ ਗਈ। 21 ਫਰਵਰੀ ਨੂੰ ਗੁਰਦੁਆਰਾ ਸਾਹਿਬ ਵਿਖੇ ਸੰਗਤ ਨਾਲ ਸਾਕਾ ਨਨਕਾਣਾ ਸਾਹਿਬ ਦੇ ਇਤਿਹਾਸ ਅਤੇ 24 ਫਰਵਰੀ ਨੂੰ ਭਗਤ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਨਗਰ ਕੀਰਤਨ ਹੋਇਆ। 25 ਫਰਵਰੀ ਨੂੰ ਅਖੰਡ ਪਾਠ ਸਾਹਿਬ ਦੀ ਸਮਾਪਤੀ ਹੋਈ ਅਤੇ ਗੁਰਮਤਿ ਵਿਚਾਰ ਸਾਂਝੇ ਕੀਤੇ ਗਏ। ਗੁਰਦੁਆਰਾ ਸਾਹਿਬ ਵਿਖੇ ਹਰ ਰੋਜ ਗੁਰਮਤਿ ਕਲਾਸ ਲਗਾਈ ਜਾਂਦੀ ਹੈ। ਸੋਮਵਾਰ ਅਤੇ ਸ਼ਨੀਵਾਰ ਨੂੰ ਕੰਪਿਊਟਰ ਦੀ ਕਲਾਸ ਵੀ ਲਗਾਈ ਜਾਂਦੀ ਹੈ। 4 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ, ਇੱਕ ਬੱਚੇ ਨੇ ਖੰਡੇ ਬਾਟੇ ਦੀ ਪਾਹੁਲ ਛਕੀ ਅਤੇ 3 ਬੱਚਿਆਂ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**9. ਗੁੱਜਰਵਾਲ (94655-66666)**- ਕੇਂਦਰ ਦੇ ਪ੍ਰਚਾਰਕ ਭਾਈ ਅਮਰਪ੍ਰੀਤ ਸਿੰਘ ਗੁੱਜਰਵਾਲ ਵਲੋਂ ਵੱਖ-ਵੱਖ ਸਕੂਲਾਂ-ਕਾਲਜਾਂ ਵਿੱਚ ਬੱਚਿਆਂ ਦੀਆਂ ਗੁਰਮਤਿ ਕਲਾਸਾਂ ਲਗਾਈਆਂ ਜਾਂਦੀਆਂ ਹਨ, ਜਿਸ ਵਿਚ ਬੱਚਿਆਂ ਨੂੰ ਗੁਰਸਿੱਖੀ ਨਾਲ ਜੋੜਿਆ ਜਾਂਦਾ ਹੈ। 25 ਬੱਚੇ ਸਹਿਜ ਪਾਠ ਕਰ ਰਹੇ ਹਨ ਅਤੇ 5 ਬੱਚਿਆਂ ਨੇ ਸਹਿਜ ਪਾਠ ਦੀ ਆਰੰਭਤਾ ਕੀਤੀ ਹੈ।

**10. ਚੁੱਪ ਕੀਤੀ (98777-94586)**- ਪ੍ਰਚਾਰਕ ਭਾਈ ਹਰਜੀਤ ਸਿੰਘ ਜੀ ਵਲੋਂ 3 ਪਿੰਡਾਂ ਵਿੱਚ ਗੁਰਮਤਿ ਕਲਾਸਾਂ ਲਗਾ ਕੇ ਬੱਚਿਆਂ ਨੂੰ ਧਾਰਮਿਕ ਅਤੇ ਨੈਤਿਕ ਸਿੱਖਿਆ ਦਿੱਤੀ ਜਾਂਦੀ ਹੈ। ਸਾਕਾ ਨਨਕਾਣਾ ਸਾਹਿਬ ਦੇ ਸੰਬੰਧ ਵਿਚ ਸੰਗਤ ਨਾਲ ਕਥਾ-ਵੀਚਾਰਾਂ ਦੀ ਸਾਂਝ ਪਾਈ ਗਈ। 20 ਬੱਚੇ ਸਹਿਜ ਪਾਠ ਕਰ ਰਹੇ ਹਨ ਅਤੇ 2 ਬੱਚਿਆਂ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**ਦੁਆਬਾ**

**11. ਗੁਜਰਪੁਰ (ਨਵਾਂ ਸ਼ਹਿਰ) (88726-18975)**-ਪ੍ਰਚਾਰਕ ਭਾਈ ਅਮਨਦੀਪ ਸਿੰਘ ਵਲੋਂ ਹਰ ਰੋਜ ਬੱਚਿਆਂ ਦੀ ਫ੍ਰੀ ਟਿਊਸ਼ਨ ਕਲਾਸ ਲਗਾਈ ਜਾਂਦੀ ਹੈ। ਹਰ ਸੋਮਵਾਰ ਤੋਂ ਲੈ ਕੇ ਸ਼ਨੀਵਾਰ ਤੱਕ ਬਾਬਾ ਵਜੀਰ ਸਕੂਲ ਵਿਖੇ ਰੋਜਾਨਾ ਗੁਰਮਤਿ ਕਲਾਸ ਲਗਾਈ ਜਾਂਦੀ ਹੈ। 5 ਬੱਚਿਆਂ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ। ਪਿੰਡ ਚੱਕ ਸਿੰਘਾ ਵਿਖੇ ਗੁਰਮਤਿ ਸਮਾਗਮ ਕਰਵਾਇਆ ਗਿਆ। ਪਿੰਡ ਬਰਨਾਲੇ ਅਤੇ ਪਨਾਮ ਵਿਖੇ ਗੁਰਮਤਿ ਕਲਾਸ ਲਗਾਈ ਜਾਂਦੀ ਹੈ। 2 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ, 3 ਬੱਚਿਆਂ ਨੇ ਖੰਡੇ ਬਾਟੇ ਦੀ ਪਾਹੁਲ ਛਕੀ ਅਤੇ 3 ਬੱਚਿਆਂ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**12. ਨਵਾਂ ਸ਼ਹਿਰ (87290-86035)**- ਪ੍ਰਚਾਰਕ ਭਾਈ ਸਿਮਰਨਪ੍ਰੀਤ ਸਿੰਘ ਵਲੋਂ ਹਰ ਰੋਜ ਬੱਚਿਆਂ ਦੀ ਗੁਰਮਤਿ ਕਲਾਸ ਅਤੇ ਫ੍ਰੀ ਟਿਊਸ਼ਨ

ਕਲਾਸ ਲਗਾਈ ਜਾਂਦੀ ਹੈ। ਹਰ ਬੁੱਧਵਾਰ ਜੈ ਭਾਰਤ ਸਕੂਲ ਸਮੁੰਦੜਾ ਵਿਖੇ ਗੁਰਮਤਿ ਕਲਾਸ ਲਗਾਈ ਜਾਂਦੀ ਹੈ। ਹਰ ਐਤਵਾਰ ਨੂੰ ਪਿੰਡ ਪਨਾਮ ਅਤੇ ਮਜਾਰੀ ਵਿਖੇ ਗੁਰਮਤਿ ਕਲਾਸ ਲਗਾਈ ਜਾਂਦੀ ਹੈ। 3 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤਾ ਹੈ, ਇੱਕ ਬੱਚੇ ਨੇ ਖੰਡੇ ਬਾਟੇ ਦੀ ਪਾਹੁਲ ਛਕੀ ਹੈ ਅਤੇ 5 ਬੱਚਿਆਂ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**13. ਚੱਕ ਕਲਾਂ (75088-51496)-** ਪ੍ਰਚਾਰਕ ਭਾਈ ਤਰਲੋਚਨ ਸਿੰਘ ਵਲੋਂ 4 ਪਿੰਡਾਂ ਵਿੱਚ ਅਤੇ ਇੱਕ ਸਕੂਲ ਵਿੱਚ ਗੁਰਮਤਿ ਦੀਆਂ ਕਲਾਸਾਂ ਲਗਾ ਕੇ ਬੱਚਿਆਂ ਨੂੰ ਗੁਰਮਤਿ ਦੀ ਸੇਧ ਦੇ ਰਹੇ ਹਨ। ਕੇਂਦਰ ਵਿਖੇ ਹਰ ਰੋਜ਼ ਗੁਰਬਾਣੀ ਕੀਰਤਨ ਅਤੇ ਕਥਾ ਵੀਚਾਰਾਂ ਦੀਸਾਂਝਪਾਈ ਜਾਂਦੀ ਹੈ। ਗੁਰਮਤਿ ਕਲਾਸ ਦੇ ਨਾਲ-ਨਾਲ ਗੁਰਬਾਣੀ ਕੀਰਤਨ ਅਤੇ ਗਤਕਾ ਸਿਖਾਉਣ ਦੀ ਕਲਾਸ ਵੀ ਲਗਾਈ ਜਾਂਦੀ ਹੈ। ਪਿੰਡ ਹੇਰਾਂ ਤੇ ਕੇਂਦਰ ਵਿਖੇ ਅਕਾਲ ਅਕੈਡਮੀ ਬੋਪਾਰਾਏ ਕਲਾਂ ਦੇ ਸਹਿਯੋਗ ਨਾਲ ਬੱਚਿਆਂ ਦੇ ਸੁੰਦਰ ਲਿਖਾਈ, ਚਿਤਰ ਕਲਾ, ਕਵਿਤਾਤੇ ਗੁਰਬਾਣੀ ਕੰਠ ਮੁਕਾਬਲੇ ਕਰਵਾਏ ਗਏ, ਜਿਸ ਵਿਚ ਪੁਜੀਸ਼ਨਾਂ ਹਾਸਲ ਕਰਨ ਵਾਲੇ ਬੱਚਿਆਂ ਨੂੰ ਵਿਸ਼ੇਸ਼ ਸਨਮਾਨ ਦਿੱਤੇ ਗਏ। ਮੁਕਾਬਲਿਆਂ ਵਿਚ ਭਾਗ ਲੈਣ ਵਾਲੇ ਬੱਚਿਆਂ ਨੂੰ ਸਨਮਾਨਿਤ ਕੀਤਾਗਿਆ।ਭਗਤ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪਿੰਡ ਚੱਕ ਖੁਰਦ ਵਿਖੇ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ ਗਈ। 60 ਬੱਚੇ ਸਹਿਜ ਪਾਠ ਕਰ ਰਹੇ ਹਨ।

**14. ਭੋਗਪੁਰ (99148-38148)-** ਪ੍ਰਚਾਰਕ ਭਾਈ ਸੁਖਦੀਪ ਸਿੰਘ ਵਲੋਂ ਵੱਖ-ਵੱਖ ਪਿੰਡਾਂ ਵਿੱਚ ਕਲਾਸਾਂ ਲਗਾ ਕੇ ਗੁਰਮਤਿ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ। ਵੱਖ-ਵੱਖ ਪਿੰਡਾਂ ਵਿਚ ਹੋਏ ਗੁਰਮਤਿ ਸਮਾਗਮਾਂ ਵਿਚ ਕਥਾ ਵੀਚਾਰ ਕੀਤੀ ਗਈ।ਪਿੰਡਡੱਲੀ ਵਿਖੇ ਹੋਏ ਹਫਤਾਵਾਰੀ ਗੁਰਮਤਿ ਸਮਾਗਮ ਵਿਚ ਕਥਾ ਵੀਚਾਰ ਕੀਤੀਗਈ।

**ਪੰਜਾਬ ਤੋਂ ਬਾਹਰ ਦੇ ਕੇਂਦਰ-**

**15. ਸਿੰਬਲ ਕੈਂਪ (ਜੰਮੂ) (90865-31984)-** ਪ੍ਰਚਾਰਕ ਭਾਈ ਪੁਸ਼ਪਿੰਦਰ ਸਿੰਘ ਵਲੋਂ ਗੁਰਦੁਆਰਾ ਸਾਹਿਬ ਟਾਹਲੀ ਮੋੜ, ਗੁਰਦੁਆਰਾ ਮੁਰਾਲੀਆਂ ਮੀਰਾਂ ਸਾਹਿਬ ਅਤੇ ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ ਖੋੜ ਭਉਆਂ ਵਿਖੇ ਬੱਚਿਆਂ ਦੀਆਂ ਕਲਾਸਾਂ ਲਗਾ ਕੇ ਗੁਰਬਾਣੀ ਅਤੇ ਨੈਤਿਕ ਸਿਖਿਆ ਦਿੱਤੀ ਜਾਂਦੀ ਹੈ। ਗੁਰਦੁਆਰਾ ਫਿੰਦੜ ਆਰ. ਐਸ. ਪੁਰਾ ਵਿਖੇ ਸ਼ਾਮ ਨੂੰ ਬੱਚਿਆਂ ਦੀ ਸਭਾ ਲਗਾਈ ਜਾਂਦੀ ਹੈ। ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ ਖੋੜ ਭਉਆਂ ਆਰ. ਐਸ.ਪੁਰਾ ਵਿਖੇ ਸੰਗਤ ਦੀ ਗੁਰਬਾਣੀ ਸੰਥਿਆ ਦੀ ਕਲਾਸ ਲਗਾਈ ਜਾਂਦੀ ਹੈ।

## ਮੁਖੌਟਾ

**ਗੁਰਪ੍ਰੀਤ ਪੁਰਬਾ 98761-66412**

ਉੱਘੇ ਸਮਾਜ ਸੁਧਾਰਕ ਕਰਤਾਰ ਸਿੰਘ ਦੀਆਂ ਖ਼ਬਰਾਂ ਅਤੇ ਫੋਟੋਆਂ ਅਖ਼ਬਾਰਾਂ 'ਚ ਅਕਸਰ ਛਪਦੀਆਂ ਰਹਿੰਦੀਆਂ। ਉਸ ਦਾ ਭਾਸ਼ਣ ਤਾਂ ਲੋਕਾਂ ਨੂੰ ਇਉਂ ਕੀਲਦਾ ਜਿਵੇਂ ਸਪੇਰਾ ਸੱਪ ਨੂੰ ਕੀਲਦਾ ਹੋਵੇ। ਅੱਜ ਪਿੰਡ ਵਿੱਚ ਹੋਣ ਵਾਲੇ ਸਮਾਗਮ ਦੌਰਾਨ ਉਸ ਦਾ ਭਾਸ਼ਣ ਸੁਣਨ ਲਈ ਕਾਫ਼ੀ ਭੀੜ ਜਮ੍ਹਾਂ ਹੋ ਗਈ ਸੀ। ਬੜੇ ਹੀ ਵਿਲੱਖਣ ਅੰਦਾਜ਼ ਵਿੱਚ ਉਸ ਨੇ ਮਾਂ-ਪਿਉ ਦੇ ਆਦਰ-ਸਤਿਕਾਰ ਅਤੇ ਸਾਂਭ-ਸੰਭਾਲ ਬਾਰੇ ਅਜਿਹੀਆਂ ਗੱਲਾਂ ਕੀਤੀਆਂ ਕਿ ਲੋਕਾਂ ਦੀਆਂ ਅੱਖਾਂ ਨਮ ਹੋ ਗਈਆਂ।

ਉਸ ਦੇ ਸ਼ਬਦ: "ਮਾਂ-ਪਿਉ ਕਰਕੇ ਅਸੀਂ ਜੱਗ ਦੇਖਿਐ, ਜੋ ਕੁਝ ਵੀ ਅਸੀਂ ਹਾਂ ਸਭ ਇਨ੍ਹਾਂ ਦੀ ਬਦੌਲਤ ਐ। ਉਨ੍ਹਾਂ ਨੂੰ ਜਿਉਣ ਦਾ ਕੋਈ ਹੱਕ ਨਹੀਂ, ਜੋ ਆਪਣੇ ਮਾਪਿਆਂ ਦੀ ਕਦਰ ਨ੍ਹੀਂ ਕਰਦੇ ਅਤੇ ਉਨ੍ਹਾਂ ਦਾ ਬੁਢਾਪਾ ਰੋਲ ਦਿੰਦੇ ਐ...।" ਅਜਿਹੀਆਂ ਹੋਰ ਪਤਾ ਨਹੀਂ ਕਿੰਨੀਆਂ ਗੱਲਾਂ ਉਸ ਨੇ ਕੀਤੀਆਂ ਜੋ ਮੇਰੇ ਦਿਲ ਨੂੰ ਵਲੂੰਧਰ ਗਈਆਂ।

ਭਾਸ਼ਣ ਮੁਕਾ ਕੇ ਕਰਤਾਰ ਸਿੰਘ ਸਟੇਜ ਤੋਂ ਉਤਰਿਆ। ਮੈਂ ਭਾਵੁਕ ਹੋ ਕੇ ਉਸ ਦੇ ਪੀ ਏ ਤੋਂ ਪੁੱਛਿਆ, "ਵੀਰ ਜੀ! ਧੰਨ ਭਾਗ ਸਾਡੇ ਜੋ ਇਹੋ ਜਿਹੇ ਸੱਜਣ ਦੇ ਦਰਸ਼ਨ ਹੋਏ ਅਤੇ ਕਿਸਮਤ ਦੇ ਧਨੀ ਨੇ ਉਹ ਮਾਪੇ, ਜਿਨ੍ਹਾਂ ਨੇ ਇਹੋ ਜਿਹੇ ਹੀਰੇ ਨੂੰ ਜਨਮ ਦਿੱਤਾ। ਬੜੇ ਖ਼ੁਸ਼ ਹੋਣਗੇ ਇਨ੍ਹਾਂ ਦੇ ਮਾਪੇ... ਬੜੀ ਸੇਵਾ ਕਰਦੇ ਹੋਣਗੇ ਇਹ ਰੋਜ਼ ਉਨ੍ਹਾਂ ਦੀ..." "ਨਾ ਜੀ ਨਾ, ਕਿੱਥੇ ਟੈਮ ਮਿਲਦੈ ਇਨ੍ਹਾਂ ਨੂੰ ਉਨ੍ਹਾਂ ਦੀ ਸੇਵਾ ਕਰਨ ਦਾ...।" "ਕਿਉਂ...?" ਮੈਂ ਬੜਾ ਹੈਰਾਨ ਹੋਇਆ।

"ਉਹ ਤਾਂ ਜੀ ਬੜੇ ਚਿਰ ਤੋਂ ਬਿਰਧ ਆਸ਼ਰਮ ਵਿੱਚ ਰਹਿੰਦੇ ਨੇ। ਇਨ੍ਹਾਂ ਨੂੰ ਤਾਂ ਸਮਾਗਮਾਂ ਤੋਂ ਵਿਹਲ ਨ੍ਹੀਂ ਮਿਲਦੀ ਤੇ ਇਨ੍ਹਾਂ ਦੀ ਘਰਵਾਲੀ ਸਰਕਾਰੀ ਨੌਕਰੀ ਕਰਦੀ ਐ...।" ਪੀ ਏ ਦਾ ਜਵਾਬ ਸੀ।

ਮੈਂ ਦੁਨੀਆਂ 'ਚ ਮਖੌਟਾ ਪਹਿਨ ਕੇ ਫਿਰਦੇ ਅਜਿਹੇ ਸਮਾਜ ਸੁਧਾਰਕਾਂ ਤੋਂ ਕਿਨਾਰਾ ਕਰਨ ਬਾਰੇ ਸੋਚ ਰਿਹਾ ਸੀ।

**16. ਗਾਂਧੀਧਾਮ (ਗੁਜਰਾਤ) (98057-08111)-** ਪ੍ਰਚਾਰਕ ਭਾਈ ਜਸਪ੍ਰੀਤ ਸਿੰਘ ਵਲੋਂ ਗੁਜਰਾਤ ਵਿੱਚ ਕੱਛ ਜਿਲ੍ਹੇ ਦੇ ਗਾਂਧੀਧਾਮ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਵਿੱਚ ਗੁਰਦੁਆਰਾ ਸ੍ਰੀ ਗੁਰੂ ਨਾਨਕ ਸਿੰਘ ਸਭਾ ਦੇ ਸਹਿਯੋਗ ਨਾਲ ਗੁਰਮਤਿ ਕਲਾਸਾਂ ਲਗਾਈਆਂ ਜਾ ਰਹੀਆਂ ਹਨ, ਜਿਸ ਵਿੱਚ ਬੱਚੇ ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ ਪ੍ਰਾਪਤ ਕਰਦੇ ਹਨ।

**17. ਜਰਮਨ (00491631892161)-** ਪ੍ਰਚਾਰਕ ਭਾਈ ਸੰਦੀਪ ਸਿੰਘ ਖਾਲੜਾ ਜੀ ਵਲੋਂ ਬੱਚਿਆਂ ਦੀਆਂ ਗੁਰਮਤਿ ਕਲਾਸਾਂ ਲਗਾ ਕੇ ਸਿੱਖ ਰਹਿਤ ਮਰਿਯਾਦਾ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਸੰਗਤ ਦੀਆਂ ਕਲਾਸਾਂ ਲਗਾ ਕੇ ਧਾਰਮਿਕ ਅਤੇ ਨੈਤਿਕ ਸਿਖਿਆ ਦਿੱਤੀ ਜਾਂਦੀ ਹੈ।

**18. ਬੜਾ ਗੁੜਾ (ਸਿਰਸਾ) (63981-69412)-** ਪ੍ਰਚਾਰਕ ਭਾਈ ਯੁਵਰਾਜ ਸਿੰਘ ਵਲੋਂ ਪਿੰਡ ਬੜਾ ਗੁੜਾ ਦੇ ਗੁਰਦੁਆਰਾ ਭੱਠਾ ਸਾਹਿਬ ਵਿਖੇ ਹਰ ਰੋਜ਼ ਸਵੇਰੇ ਲੜੀਵਾਰ ਕਥਾ-ਵੀਚਾਰ ਕੀਤੀ ਜਾਂਦੀ ਹੈ। ਕੇਂਦਰ ਵਿਖੇ ਬੱਚਿਆਂ ਦੀ ਗੁਰਮਤਿ ਕਲਾਸ ਲਗਾਈ ਜਾਂਦੀ ਹੈ। ਇੱਕ ਬੱਚੇ ਨੇ ਸਹਿਜ ਪਾਠ ਆਰੰਭ ਕੀਤਾ ਹੈ।

**19. ਜਮਸ਼ੇਦਪੁਰ (ਟਾਟਾ ਨਗਰ)-** ਪ੍ਰਚਾਰਕ ਭਾਈ ਹਰਵਿੰਦਰ ਸਿੰਘ ਜਮਸ਼ੇਦਪੁਰੀ ਵਲੋਂ ਸੰਗਤ ਦੀਆਂ ਗੁਰਮਤਿ ਕਲਾਸਾਂ ਲਗਾ ਕੇ ਧਾਰਮਿਕ ਅਤੇ ਨੈਤਿਕ ਸਿੱਖਿਆ ਦਿੱਤੀ ਜਾ ਰਹੀ ਹੈ। ਗੁਰਦੁਆਰਾ ਸਾਹਿਬ ਜੈਮਕੋ ਅਜਾਦ ਬਸਤੀ ਵਿਖੇ ਭਾਈ ਸਾਹਿਬ ਵਲੋਂ ਸੰਗਤ ਨਾਲ ਗੁਰਮਤਿ ਵੀਚਾਰਾਂ ਕੀਤੀਆਂ ਗਈਆਂ।

**20. ਇੰਫਾਲ (ਮਨੀਪੁਰ)-** ਪ੍ਰਚਾਰਕ ਭਾਈ ਜਗਦੀਪ ਸਿੰਘ ਸੈਦਪੁਰ ਵਲੋਂ ਹਰ ਰੋਜ਼ ਹੁਕਮਨਾਮੇ ਦੀ ਵੀਚਾਰ ਕੀਤੀ ਜਾਂਦੀ ਹੈ ਅਤੇ ਸੰਗਤ ਨਾਲ ਗੁਰਮਤਿ ਵੀਚਾਰਾਂ ਦੀ ਸਾਂਝ ਪਾਈ ਜਾਂਦੀ ਹੈ।

**21. ਦੁਰਗ (ਛੱਤੀਸਗੜ੍ਹ)-** ਪ੍ਰਚਾਰਕ ਭਾਈ ਕੰਵਲਪ੍ਰੀਤ ਸਿੰਘ ਵਲੋਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਸ੍ਰੀ ਗੁਰੂ ਨਾਨਕ ਪਥ ਦੁਰਗ ਵਿਖੇ ਸੰਗਤ ਨਾਲ ਗੁਰਮਤਿ ਵੀਚਾਰਾਂ ਦੀ ਸਾਂਝ ਪਾਈ ਜਾਂਦੀ ਹੈ। ਗੁਰਦੁਆਰਾ ਸਾਹਿਬ ਵਿਖੇ ਹਰ ਰੋਜ ਬੱਚਿਆਂ ਦੀ ਗੁਰਮਤਿ ਕਲਾਸ ਲਗਾਈ ਜਾਂਦੀ ਹੈ, ਜਿਸ ਵਿਚ ਬੱਚਿਆਂ ਨੂੰ ਧਾਰਮਿਕ ਅਤੇ ਨੈਤਿਕ ਸਿਖਿਆ ਦਿੱਤੀ ਜਾਂਦੀ ਹੈ। -0-

## ਗੁਰਮਤਿ ਗਿਆਨ ਮਿਸ਼ਨਰੀ ਕਾਲਜ, ਲੁਧਿਆਣਾ ਵਿਖੇ 17 ਮਾਰਚ 2024 ਨੂੰ ਲਗਾਏ ਗਏ ਦੂਜੇ ਜਨਰਲ ਮੈਡੀਕਲ ਅਤੇ ਅੱਖਾਂ ਦੇ ਕੈਂਪ ਦੀਆਂ ਤਸਵੀਰਾਂ










RNI No.: PUNMUL/2019/78309 Postal Regd. No.: L-6/PB/LDC/805/2024-26 (31-12-2026) Postal Date: 5th of every month

# ਗੁਰਮਤਿ ਗਿਆਨ ਮਿਸ਼ਨਰੀ ਕਾਲਜ, ਲੁਧਿਆਣਾ ਵਿਖੇ 17 ਮਾਰਚ 2024 ਨੂੰ ਲਗਾਏ ਗਏ ਦੂਜੇ ਜਨਰਲ ਮੈਡੀਕਲ ਅਤੇ ਅੱਖਾਂ ਦੇ ਕੈਂਪ ਦੀਆਂ ਤਸਵੀਰਾਂ

















